
ਸਾਹਿਬੁ ਸੋ ਸਾਲਾਹੀਐ



ਭਾਈ ਪਿੰਦਰਪਾਲ ਸਿੰਘ ਜੀ
'ਕਥਾਵਾਚਕ'
ਦੇ ਚੋਣਵੇਂ ਲੈਕਚਰ

ਸਾਹਿਬੁ ਸੋ ਸਾਲਾਹੀਐ

੧ੴ ਸਤਿਗੁਰ ਪ੍ਰਸਾਦਿ ॥

ਸਾਹਿਬੁ ਸੋ ਸਾਲਾਹੀਐ

ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'

ਦੇ

ਚੋਣਵੇਂ ਲੈਕਚਰ

ਸੰਪਾਦਕ-

ਭਾਈ ਪਰਮਜੀਤ ਸਿੰਘ ਖਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)

An ISO 9001:2008 Certified Publishing House
No. 101809-A01

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ISBN : 978-93-81041-36-9

ਪਹਿਲੀ ਐਡੀਸ਼ਨ-ਅਪ੍ਰੈਲ 2011

ਭੇਟਾ : 125-00

ਪ੍ਰਕਾਸ਼ਕ:-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : 91-183-2542346, 2547974, 2557973

ਫੈਕਸ : 91-183-5017488

E.Mail : csjssales@hotmail.com
csjspurchase@yahoo.com
csjsexports@vsnl.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ਦੋ ਸ਼ਬਦ

ਗੁਰੂ ਨਾਨਕ ਸਾਹਿਬ ਬਖ਼ਸ਼ਿਸ਼ ਕਰਦੇ ਹਨ। ਜੇ (ਸਾਹਿਬੁ ਸੋ ਸਾਲਾਹੀਐ) ਉਸਤਤ ਕਰਨੀ ਹੈ ਤਾਂ ਫਿਰ ਉਸ ਮਾਲਕ ਦੀ ਹੀ ਕਰੋ। ਜਿਸ ਪ੍ਰਭੂ ਨੇ ਇਹ ਸਭ ਕੁਝ ਬਣਾਇਆ ਹੈ, ਉਹ ਸਭ ਕੁਝ ਕਰਨ ਵਾਲਾ ਹੈ। ਉਸ ਸ੍ਰਿਸ਼ਟੀ ਦੇ ਕਰਤੇ ਦੀ ਹੀ ਸਿਫ਼ਤ ਕਰੀਏ, ਦੁਨੀਆਂ ਦੀ ਸਲਾਹੁਤਾ ਨਾ ਕਰੀਏ। ਇਨਸਾਨ ਨੂੰ ਸਲਾਹੁਣ ਵਿਚੋਂ ਕੀ ਮਿਲੇਗਾ ? ਜਿਸ ਪ੍ਰਮਾਤਮਾ ਨੇ ਧਰਤੀ, ਪੁਲਾੜ, ਰਾਜੇ, ਪਹਾੜ, ਵਜ਼ੀਰ, ਅਮੀਰ ਸਭ ਕੁਝ ਪੈਦਾ ਕੀਤਾ ਹੈ, ਜਿਹੜਾ ਸਾਰੀਆਂ ਸ਼ਕਤੀਆਂ ਦਾ ਸੋਮਾ ਹੈ, ਉਸ ਸਾਹਿਬ ਦੀ ਸਿਫ਼ਤ-ਸਾਲਾਹ ਕਰੋ। ਜਿਸ ਹਿਰਦੇ ਵਿਚ ਪ੍ਰਮਾਤਮਾ ਵਸ ਗਿਆ, ਬਾਕੀ ਕਿਹੜੀ ਚੀਜ਼ ਹੈ ਜਿਹੜੀ ਉਸ ਦੇ ਕੋਲ ਲੁਕਾਈ ਗਈ, ਸਭ ਕੁਝ ਉਸ ਦੇ ਨਾਲ ਹੀ ਆ ਗਿਆ। ਜਿਸ ਹਿਰਦੇ ਵਿਚ ਪ੍ਰਭੂ ਆ ਗਿਆ, ਸਭ ਕੁਝ ਉਸ ਕੋਲ ਆ ਗਿਆ।

ਜਿਸ ਮੈਲੇ ਮਨ ਵਿਚ ਮੈਲ ਲੱਗੀ ਹੈ, ਉਹ ਮੈਲਾ ਮਨ ਟਿਕਾਅ ਵਿਚ ਨਹੀਂ ਰਹਿੰਦਾ। ਕੋਈ ਟਾਂਵਾਂ-ਟਾਂਵਾਂ ਹੀ ਹੈ, ਜਿਸ ਉੱਪਰ ਮਾਲਕ ਦੀ ਕ੍ਰਿਪਾ ਹੋ ਗਈ ਹੈ। ਉਸ ਨੇ ਨਾਮ ਅੰਮ੍ਰਿਤ ਨੂੰ ਪੀਤਾ ਹੈ। ਮੈਲਾ ਮਨ ਸਥਿਰ ਨਹੀਂ ਰਹਿੰਦਾ। ਜੇ ਮਨ ਨਹੀਂ ਟਿੱਕਦਾ ਤਾਂ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਹੇ ਇਨਸਾਨ ! ਤੂੰ ਆਪਣੇ ਅੰਦਰੋਂ ਸਵੀਕਾਰ ਕਰ ਲੈ ਕਿ ਤੇਰੇ ਅੰਦਰ ਮੈਲ ਹੈ, ਕਿਉਂਕਿ ਮੈਲਾ ਮਨ ਹੀ ਭਟਕਣਾ ਵਿਚ ਪਿਆ ਰਹਿੰਦਾ ਹੈ। ਮੈਲੇ ਮਨ ਨੂੰ ਜੇਕਰ ਕੋਈ ਧੋਵੇਗਾ ਤਾਂ ਗੁਰੂ ਦਾ ਸ਼ਬਦ ਹੀ ਧੋਵੇਗਾ।

ਮੈਂ ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਭਾਈ ਪਿੰਦਰਪਾਲ ਸਿੰਘ ਆਪਣੀ ਨਿਜੀ ਰਫਤਾਰ ਉੱਪਰ ਆਪਣਾ ਲੈਕਚਰ ਬੋਲਦੇ ਹਨ, ਇਸ ਲਈ ਉਨ੍ਹਾਂ ਦੀ ਆਵਾਜ਼ ਨੂੰ ਕਲਮਬੰਦ ਕਰਨ ਲਈ ਕਈ ਪ੍ਰਕਾਰ ਦੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ। ਹੋ ਸਕਦਾ ਹੈ ਮੇਰੇ ਪਾਸੋਂ ਕਈ ਲਗਾਂ ਮਾਤਰਾਂ ਰਹਿ ਗਈਆਂ ਹੋਣ, ਅਜਿਹੀ ਮੇਰੀ ਕਮਜ਼ੋਰੀ ਨੂੰ ਪਾਠਕ ਜਨ ਆਪ ਸੁਧਾਰਨ ਦੀ ਕੋਸ਼ਿਸ਼ ਕਰਨ। ਮੇਰੇ ਇਸ ਖਰੜੇ ਨੂੰ ਵਿਦਵਾਨ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ ਨੇ ਆਪ ਵੀ ਪੜ੍ਹਿਆ ਹੈ। ਇਸ ਲਈ ਮੈਨੂੰ ਉਮੀਦ ਹੈ ਕਿ ਮੇਰੀਆਂ ਤ੍ਰੁਟੀਆਂ ਨੂੰ ਉਨ੍ਹਾਂ ਦੂਰ ਕਰ ਦਿੱਤਾ ਹੋਵੇਗਾ।

— ਭਾਈ ਪਰਮਜੀਤ ਸਿੰਘ ਖਾਲਸਾ

ਆਮੁਖ

ਭਾਈ ਪਰਮਜੀਤ ਸਿੰਘ ਖਾਲਸਾ ਨੇ ਮੇਰੇ ਕੁਝ ਲੈਕਚਰਾਂ ਨੂੰ ਟੇਪਾਂ ਤੋਂ ਕਲਮਬੰਦ ਕੀਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਬਹੁਤ ਅਭਾਰੀ ਹਾਂ। ਇਕ ਟੇਪ ਤੋਂ ਲੈਕਚਰ ਜਿਉਂ ਦਾ ਤਿਉਂ ਲਿਖ ਲੈਣਾ ਕੋਈ ਸੌਖੀ ਗੱਲ ਨਹੀਂ ਹੈ, ਪਰ ਮੈਂ ਉਨ੍ਹਾਂ ਦੇ ਖਰੜੇ ਨੂੰ ਪੜ੍ਹ ਕੇ ਵੇਖਿਆ ਹੈ ਕਿ ਉਹ ਇਸ ਕਾਰਜ ਵਿਚ ਪੂਰੇ ਸਫਲ ਰਹੇ ਹਨ। ਇਸ ਵਿਚ ਸਭ ਤੋਂ ਵੱਡਾ ਤੱਥ ਇਹ ਹੈ ਕਿ ਭਾਈ ਪਰਮਜੀਤ ਸਿੰਘ ਖਾਲਸਾ ਆਪ ਵੀ ਗੁਰਬਾਣੀ ਦੇ ਰੰਗ ਵਿਚ ਰੰਗੇ ਹੋਏ ਹਨ। ਇਸ ਲਈ ਮੇਰੇ ਲੈਕਚਰਾਂ ਨੂੰ ਕਲਮਬੰਦ ਕਰਨ ਵਿਚ ਉਨ੍ਹਾਂ ਨੂੰ ਬਹੁਤੀ ਕਠਿਨਾਈ ਨਹੀਂ ਆਈ ਹੋਵੇਗੀ। ਮੈਂ ਉਨ੍ਹਾਂ ਦੇ ਖਰੜੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ ਤੇ ਉਸ ਵਿਚੋਂ ਬਹੁਤ ਘੱਟ ਗ਼ਲਤੀਆਂ ਮਿਲੀਆਂ ਹਨ। ਜਿਹੜਾ ਮਨੁੱਖ ਵੀ ਤਨੋਂ ਮਨੋਂ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਜਾਂਦਾ ਹੈ, ਉਸ ਦੇ ਅੰਦਰ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਉਹ ਗੁਰਬਾਣੀ ਦੇ ਰੰਗ ਵਿਚ ਰੰਗਿਆ ਅਭੁੱਲ ਹੁੰਦਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿਚ ਜਿੱਥੇ ਜਗਿਆਸੂ ਆਪਣੇ ਗੁਰੂ ਤੋਂ ਬਾਰ-ਬਾਰ ਕੁਰਬਾਨ ਜਾਂਦਾ ਹੈ, ਓਥੇ ਸਤਿਗੁਰੂ ਆਪਣੇ ਸਿੱਖ ਤੋਂ ਬਾਰ-ਬਾਰ ਬਲਿਹਾਰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਇਕ ਅੰਮ੍ਰਿਤ ਬਚਨ ਹੈ ਕਿ ਆਮ ਤੌਰ ਤੇ ਅਸੀਂ ਰੂਹਾਨੀਅਤ ਦੇ ਮਾਰਗ ਤੇ ਚੱਲਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚੋਂ ਚਾਰ-ਪੰਜ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਕਿਸੇ ਲਈ ਇਹ ਸ਼ਬਦ ਵਰਤਦੇ ਹਾਂ ਕਿ ਇਹ ਮਹਾਨ ਸੰਤ ਹੈ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਅਸਲ ਵਿਚ ਰੱਬ ਦਾ ਪਿਆਰਾ ਭਗਤ ਹੈ। ਕਿਸੇ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਪੜ੍ਹਦੇ ਹਾਂ ਕਿ ਇਹ ਪੂਰਨ ਸਾਧ ਹੈ। ਕਿਸੇ ਲਈ ਪੜ੍ਹਦੇ ਹਾਂ ਕਿ ਇਹ ਤਾਂ ਗੁਰਮੁਖ ਹੈ। ਪੰਜਵਾਂ ਸ਼ਬਦ ਅਸੀਂ ਪੜ੍ਹਦੇ ਹਾਂ ਕਿ ਇਹ ਇਕ ਮਹਾਨ ਗੁਰੂ ਦਾ ਸਿੱਖ ਹੈ। ਭਾਈ ਪਰਮਜੀਤ ਸਿੰਘ ਖਾਲਸਾ ਜੀ ਜਿਨ੍ਹਾਂ ਨੇ ਏਨੀ ਲਗਨ ਅਤੇ ਪਿਆਰ ਨਾਲ ਮੇਰੇ ਲੈਕਚਰਾਂ ਨੂੰ ਕਲਮਬੰਦ ਕੀਤਾ ਹੈ, ਉਨ੍ਹਾਂ ਵਾਸਤੇ ਵੀ ਮੇਰਾ ਇਕੋ ਇਕ ਸ਼ਬਦ ਹੈ ਕਿ ਭਾਈ ਪਰਮਜੀਤ ਸਿੰਘ ਜੀ ਖਾਲਸਾ ਇਕ ਮਹਾਨ ਗੁਰੂ ਦਾ ਸਿੱਖ ਹੈ।

— ਭਾਈ ਪਿੰਦਰਪਾਲ ਸਿੰਘ

ਤਤਕਰਾ

☆☆☆

☞ *ਗਿਆਨੀ ਜੀ ਦੀਆਂ ਛਪੀਆਂ ਹੋਰ ਪੁਸਤਕਾਂ :-*

★ਜੀਵਨ ਦੇ ਚਾਰ ਪਲ
★ ਸੁਖਮਨੀ ਸੁਖੁ ਅੰਮ੍ਰਿਤ ਪ੍ਰਭੁ ਨਾਮੁ
★ਅਰਦਾਸ (ਭਾਗ ਪਹਿਲਾ)
★ਅਰਦਾਸ (ਭਾਗ ਦੂਜਾ)
★ਜੰਮਿਆ ਪੂਤੁ ਭਗਤੁ ਗੋਵਿੰਦ ਕਾ
★ਮਨਮੁਖ ਦੀ ਬਿਰਤੀ
★ਗੁਰਮੁਖਿ ਲਾਹਾ ਲੈ ਗਏ
★ਦਰਸ਼ਨਾ ਦੀ ਜੁਗਤਿ
★ਗੁਰਮੁਖਾ ਕੇ ਮੁਖ ਉਜਲੇ
★ਮਾਣਸੁ ਜਨਮੁ ਅਮੋਲੁ ਹੈ
★ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
★ਮਾਇਆ ਮੋਹੁ ਦੁਖੁ ਸਾਗਰੁ ਹੈ
★ਸਤਿਗੁਰ ਕੀ ਸੇਵਾ ਊਤਮ ਹੈ
★ਮਹਿਮਾ ਸਾਧੂ ਸੰਗ ਕੀ
★ ਗੁਰੁ ਪਰਮੇਸੁਰੁ ਪੂਜੀਐ
★ਕੋਈ ਆਣਿ ਮਿਲਾਵੈ
★ ਬਿਨੁ ਸਬਦੈ ਮੁਕਤਿ ਨ ਹੋਈ
★ਹਰਿ ਮੰਦਰੁ ਹਰਿ ਸਾਜਿਆ
★ ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ
★ਜਿਥੇ ਬਾਬਾ ਪੈਰੁ ਧਰਿ
★ ਜਿਨ ਕਉ ਮਸਤਕਿ ਲਿਖਿਆ
★ਨਦਰਿ ਕਰੇ ਸਚੁ ਪਾਈਐ
★ ਗੁਨ ਗੋਬਿੰਦ ਗਾਇਓ ਨਹੀ
★ਉਸਤਤਿ ਕਰਿ ਕਰਿ ਜੀਵਾ
★ ਜੀਵਨ ਕਥਾ ਅਤੇ ਸ਼ਹਾਦਤ ਗੁਰੂ ਤੇਗ਼ ਬਹਾਦਰ ਜੀ
★ ਦੇਹੁ ਸਜਣ ਅਸੀਸੜੀਆ (ਕੀਰਤਨ ਸੋਹਿਲਾ)

ਸਾਹਿਬੁ ਸੋ ਸਾਲਾਹੀਐ

ਸੂਹੀ ਮਹਲਾ ੧

ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥
ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ ॥
ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ ॥
ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ ॥
ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ॥
ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥ ੧ ॥
ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥
ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ॥
ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ॥
ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ ॥
ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ॥
ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ ॥ ੨ ॥
ਆਇ ਗਇਆ ਕੀ ਨ ਆਇਓ ਕਿਉ ਆਵੈ ਜਾਤਾ॥
ਪ੍ਰੀਤਮ ਸਿਉ ਮਨੁ ਮਾਨਿਆ ਹਰਿ ਸੇਤੀ ਰਾਤਾ॥
ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟੁ ਉਸਾਰਿਆ॥
ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ॥
ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥
ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ॥ ੩ ॥
ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ ॥
ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ ॥
ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ॥

ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ॥
ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥
ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ ॥ ੪ ॥
ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ ॥
ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ ॥
ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ ॥
ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ ॥
ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ॥
ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ ॥ ੫ ॥
ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥
ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥
ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥ ੬ ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥
ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥
ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ॥
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥ ੭ ॥
ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ॥
ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ॥
ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ॥
ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ॥
ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ ॥
ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ॥ ੮ ॥

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ ॥
ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਕੋਈ॥
ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ ॥
ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ ॥
ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ ॥
ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥ ੯ ॥

(ਅੰਗ ੭੬੬)

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਇਸ ਪਵਿੱਤਰ ਬਚਨ ਦੇ ਨੌਂ ਪਦੇ ਹਨ ਤੇ 54 ਇਸ ਪਵਿੱਤਰ ਸ਼ਬਦ ਦੀਆਂ ਤੁੱਕਾਂ ਹਨ।

ਸੂਹੀ ਮਹਲਾ ੧ ॥ ਮੇਰਾ ਮਨੁ ਰਾਤਾ ਗੁਣ ਰਵੈ

ਗੁਰੂ ਨਾਨਕ ਸਾਹਿਬ ਮਹਾਰਾਜ ਇਹਨਾਂ ਨੌਂ ਪਦਿਆਂ ਵਿਚ ਹਰ ਇਕ ਪਦੇ ਅੰਦਰ ਸਾਨੂੰ ਪ੍ਰਮੇਸ਼ਰ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹਨ। ਹਜ਼ੂਰ ਕਹਿਣ ਲੱਗੇ, ਮੇਰਾ ਮਨ ਪ੍ਰਭੂ-ਪਿਆਰ ਵਿਚ ਰੰਗਿਆ ਗਿਆ ਹੈ ਤੇ ਉਸ ਪਿਆਰੇ ਦੇ ਗੁਣਾਂ ਨੂੰ ਇਹ ਮਨ ਗਾਇਨ ਕਰਦਾ ਹੈ।

ਮਨਿ ਭਾਵੈ ਸੋਈ॥

ਉਹ ਪਰੀਪੂਰਨ ਪਰਮਾਤਮਾ ਹੁਣ ਮੇਰੇ ਮਨ ਨੂੰ ਭਾਅ ਗਿਆ ਹੈ। ਜਦੋਂ ਮਨ ਪ੍ਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਏ ਤੇ ਜਿਸ ਨਾਲ ਪਿਆਰ ਹੋਵੇ ਤਾਂ ਬੰਦਾ ਹਰ ਗੱਲ ਵਿਚ ਉਸ ਦਾ ਜ਼ਿਕਰ ਜ਼ਰੂਰ ਕਰਦਾ ਹੈ। ਦੁਨਿਆਵੀ ਤੌਰ 'ਤੇ ਵੀ ਕਿਸੇ ਨਾਲ ਗਹਿਰੀ ਸਾਂਝ ਪੈ ਜਾਏ ਤਾਂ ਆਦਮੀ ਹਰ ਇਕ ਥਾਂ 'ਤੇ ਯਤਨ ਕਰਦਾ ਹੈ ਕਿ ਚਾਰ ਬੰਦਿਆਂ ਵਿਚ ਮੈਂ ਆਪਣੇ ਪਿਆਰੇ ਦੀ ਗੱਲ ਦਾ ਜ਼ਿਕਰ ਕਰ ਸਕਾਂ। ਮਹਾਰਾਜ ਕਹਿੰਦੇ ਹਨ, ਸਾਡਾ ਮਨ ਪਿਆਰੇ ਪ੍ਰਮੇਸ਼ਰ ਦੀ ਯਾਦ ਵਿਚ ਰੱਤਾ ਗਿਆ ਹੈ ਤੇ ਅਸੀਂ ਉਸ ਪ੍ਰਭੂ ਦੇ ਹਰ ਵੇਲੇ ਗੁਣ ਗਾਉਂਦੇ ਹਾਂ।

ਗੁਰ ਕੀ ਪਉੜੀ ਸਾਚ ਕੀ

ਜਿਹੜਾ ਪ੍ਰਮਾਤਮਾ ਦੇ ਘਰ ਤੱਕ ਪਹੁੰਚਣ ਵਾਲਾ ਰਸਤਾ ਹੈ, ਉਸ ਵਿਚ ਸਤਿਗੁਰ ਦਾ ਉਪਦੇਸ਼ ਇਕ ਪੌੜੀ ਹੈ। ਇਹ ਪੌੜੀ ਸੱਚ ਤੱਕ ਪਹੁੰਚਾਉਣ ਵਾਲੀ ਹੈ।

ਸਾਚਾ ਸੁਖੁ ਹੋਈ॥

ਗੁਰੂ ਜੀ ਦੀ ਉਪਦੇਸ਼ ਰੂਪੀ ਪੌੜੀ ਉੱਤੇ ਚੜ੍ਹ ਕੇ ਜਾਂ ਉਸ ਨੂੰ ਕਮਾ ਕੇ ਅੰਦਰ ਸੁੱਖ ਮਿਲਿਆ ਹੈ। ਦੇਖੋ, ਇਕ ਹੈ ਸਾਧਨਾ ਵਿਚੋਂ ਮਿਲੇ ਹੋਏ ਸੁੱਖ, ਸਹੂਲਤਾਂ ਵਿਚੋਂ ਪੈਦਾ ਹੋਏ ਸੁੱਖ ਤੇ ਇਕ ਹੈ ਬੰਦਗੀ ਵਿਚੋਂ ਪੈਦਾ ਹੋਇਆ ਸੁੱਖ। ਜੋ ਸਹੂਲਤਾਂ ਵਿਚੋਂ ਸੁੱਖ ਪੈਦਾ ਹੁੰਦਾ ਹੈ, ਉਸ ਦਾ ਸੰਬੰਧ ਸਰੀਰ ਦੇ ਢਾਂਚੇ ਨਾਲ ਹੈ। ਜੋ ਨਾਮ ਵਿਚੋਂ ਸੁੱਖ ਨਿਕਲਦਾ ਹੈ, ਉਸ ਦਾ ਸੰਬੰਧ ਸਾਡੇ ਅੰਦਰ ਨਾਲ ਹੈ। ਬੰਦਾ ਬਾਹਰ ਦੀ ਸਹੂਲਤ ਪ੍ਰਾਪਤ ਕਰਕੇ ਫਿਰ ਵੀ ਅੰਦਰੋਂ ਕਲਪੀ ਜਾਂਦਾ ਹੈ, ਪਰ ਜਿਨ੍ਹਾਂ ਨੇ ਸੱਚ ਦੀ ਪੌੜੀ ਉੱਤੇ ਚੜ੍ਹ ਕੇ ਗੁਰੂ ਦੇ ਬਚਨਾਂ ਨੂੰ ਕਮਾਇਆ ਹੈ ਤਾਂ ਮਹਾਰਾਜ ਕਹਿੰਦੇ ਹਨ, ਉਸ ਦੇ ਵਿਚੋਂ ਉਸ ਨੂੰ ਸੱਚਾ ਸੁੱਖ ਮਿਲਿਆ ਹੈ। ਹਜ਼ੂਰ ਦੇ ਬਚਨ ਅਸੀਂ ਪੜ੍ਹਦੇ ਹਾਂ :-

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਹੁ॥

(ਸੁਖਮਨੀ ਸਾਹਿਬ)

ਸਿਮਰਨ ਵਿਚ ਹੀ ਸੁੱਖ ਹੈ।

ਸੁਖਿ ਸਹਜਿ ਆਵੈ ਸਾਚ ਭਾਵੈ

ਜਿਹੜਾ ਗੁਰੂ ਦੇ ਉਪਦੇਸ਼ ਨੂੰ ਕਮਾਉਂਦਾ ਹੈ, ਉਸ ਦੇ ਅੰਦਰ ਨੂੰ ਸੁੱਖ ਮਿਲਦਾ ਹੈ, ਸ਼ਾਂਤੀ ਮਿਲਦੀ ਹੈ ਤੇ ਉਸ ਨੂੰ ਪਰੀਪੂਰਨ ਪ੍ਰਮਾਤਮਾ ਭਾਅ ਜਾਂਦੇ ਹਨ।

ਸਾਚ ਕੀ ਮਤਿ ਕਿਉ ਟਲੈ॥

ਜਿਥੇ ਸਿਮਰਨ ਵਾਲੀ ਮਤ ਹੈ, ਪ੍ਰਮਾਤਮਾ ਦੀ ਭਗਤੀ ਵਾਲੀ ਮਤ ਹੈ, ਉਹ ਕਦੀ ਖ਼ਤਮ ਨਹੀਂ ਹੁੰਦੀ। ਗੁਰੂ ਦੀ ਮਤ ਅਚੱਲ ਹੈ, ਉਹ ਚਲਾਏਮਾਨ ਨਹੀਂ।

ਇਸਨਾਨੁ ਦਾਨੁ ਸੁਗਿਆਨੁ ਮਜਨੁ

ਹਜ਼ੂਰ ਕਹਿੰਦੇ ਹਨ, ਇਸ਼ਨਾਨ ਕਰਨਾ, ਦਾਨ ਕਰਨਾ ਪਰੀਪੂਰਨ ਪ੍ਰਮਾਤਮਾ ਦੀ ਬਖ਼ਸ਼ਿਸ਼ ਨਾਲ ਇਹ ਸਾਰੇ ਨਾਮ ਵਿਚ ਆਉਂਦੇ ਹਨ।

ਆਪਿ ਅਛਲਿਓ ਕਿਉ ਛਲੈ॥

ਪ੍ਰਮਾਤਮਾ ਨੂੰ ਕੋਈ ਛੱਲ ਨਹੀਂ ਸਕਦਾ। ਕੋਈ ਠੱਗ ਨਹੀਂ ਸਕਦਾ। ਜੇਕਰ ਕੋਈ ਨਾਮ ਨਹੀਂ ਜੱਪਦਾ ਅਤੇ ਬਾਹਰੋਂ ਪਿੰਡਾ ਧੋ ਕੇ ਕਹੇ ਕਿ ਮੈਂ ਪ੍ਰਮਾਤਮਾ ਨੂੰ ਪਾ ਲੈਣਾ ਹੈ। ਮੇਰੇ ਕੋਲ ਧਨ ਬੜਾ ਹੈ, ਮੈਂ ਦਾਨ ਕਰ ਲਵਾਂਗਾ ਤਾਂ ਕੀ ਪ੍ਰਭੂ ਦੀ ਪ੍ਰਾਪਤੀ ਹੋ ਜਾਵੇਗੀ ? ਸਾਹਿਬ ਕਹਿੰਦੇ ਹਨ, ਨਹੀਂ ਭਾਈ, ਪ੍ਰਮਾਤਮਾ ਨੂੰ ਕੋਈ ਛੱਲ ਨਹੀਂ ਸਕਦਾ। ਜੇਕਰ ਕੋਈ ਬਾਹਰ ਦੇ ਕਰਮ-ਕਾਂਡ ਕਰਦਾ ਹੈ ਤਾਂ ਆਪਣੇ ਮਨ ਨੂੰ ਜ਼ਰੂਰ ਕੁਝ ਸਮੇਂ ਲਈ ਖ਼ੁਸ਼ ਕਰ ਸਕਦਾ ਹੈ, ਪਰ ਪਿਆਰਿਓ ! ਧਰਮ ਦੇ ਨਾਮ ਉੱਪਰ ਕੀਤੇ ਹੋਏ ਪਰਪੰਚ ਨੂੰ ਪ੍ਰਭੂ ਜਾਣਦਾ ਹੈ, ਇਸ ਲਈ

ਉਸ ਨੂੰ ਕੋਈ ਵੀ ਠੱਗ ਨਹੀਂ ਸਕੇਗਾ।

ਪਰਪੰਚ ਮੋਹ ਬਿਕਾਰ ਥਾਕੇ

ਹਜ਼ੂਰ ਕਹਿੰਦੇ ਹਨ, ਜਦੋਂ ਕੋਈ ਪ੍ਰਮਾਤਮਾ ਦੇ ਨਾਮ ਵਿਚ ਜੁੜਿਆ ਹੈ। ਬਾਹਰ ਦਾ ਜਿਹੜਾ ਧੋਖਾ, ਮੋਹ, ਪਾਖੰਡ ਆਦਿ ਹਨ, ਇਹ ਸਾਰੇ ਖੈਹੜਾ ਛੱਡ ਗਏ ਹਨ।

ਕੂੜੁ ਕਪਟੁ ਨ ਦੋਈ॥

ਹੁਣ ਜਿਸ ਥਾਂ 'ਤੇ ਨਾਮ ਹੈ, ਉਥੇ ਕੂੜ ਨਹੀਂ, ਉਥੇ ਕਪਟ ਨਹੀਂ। ਸਿਮਰਨ ਵਾਲੀ ਥਾਂ 'ਤੇ ਕੋਈ ਈਰਖਾ ਨਹੀਂ। ਹਮੇਸ਼ਾ ਦੇਖਣ ਨੂੰ ਇਹ ਸ਼ਬਦ ਕਹਿਣ ਮਾਤਰ ਹਨ। ਜ਼ਬਾਨ ਵਾਹਿਗੁਰੂ ਕਹਿੰਦੀ ਹੈ, ਪਰ ਅੰਦਰ ਵਾਲਾ ਮਨ ਜਿਹੜਾ ਹੈ ਉਹ ਕਪਟ ਛੱਡਣ ਲਈ ਤਿਆਰ ਨਹੀਂ ਹੁੰਦਾ। ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਨੇ ਸਿੱਖਾਂ ਲਈ ਸ਼ਬਦ ਵਰਤੇ— ਸਿੱਖੋ ! ਜਿੰਨਾ ਮਰਜ਼ੀ ਕੋਈ ਬਾਹਰੋਂ ਬੋਲੀ ਜਾਏ, ਨਾਮ ਦੀ ਗੱਲ ਕਰੀ ਜਾਏ, ਜੇ ਅੰਦਰ ਦਾ ਕਪਟ ਬੰਦਾ ਨਹੀਂ ਛੱਡਦਾ ਤਾਂ ਉਸ ਦੀ ਘਾਲ ਕਮਾਈ ਕਿਸੇ ਥਾਂ ਨਹੀਂ ਪੈਣੀ।

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ॥

(ਅੰਗ- ੯੭੮)

ਕਪਟ ਰਹਿਤ ਹੋ ਕੇ ਜੇ ਜ਼ਬਾਨ ਤੋਂ ਵਾਹਿਗੁਰੂ ਕਹਿੰਦਾ ਹੈਂ ਤਾਂ ਮਨਾ ! ਅੰਦਰੋਂ ਤੂੰ ਕੈਂਚੀਆਂ ਚਲਾਈ ਜਾਂਦਾ ਹੈਂ। ਇਹ ਜ਼ਬਾਨ ਤੋਂ ਕਿਹਾ ਹੋਇਆ ਵਾਹਿਗੁਰੂ ਕੀ ਕਹੇਗਾ ਜੇ ਤੇਰੇ ਅੰਦਰ ਦਾ ਕਪਟ ਹੀ ਨਹੀਂ ਗਿਆ।

ਨਿਹਾਲ ਨਿਹਾਲ ਨਿਹਾਲ॥

(ਅੰਗ ੮੭੮)

ਹਜ਼ੂਰ ਕਹਿੰਦੇ ਹਨ, ਜਿਥੇ ਸੱਚਮੁੱਚ ਅੰਦਰ ਸਿਮਰਨ ਵੱਸ ਜਾਏ ਤਾਂ ਉਥੇ ਧੋਖਾ, ਠੱਗੀ, ਛੱਲ, ਫ਼ਰੇਬ ਕੋਈ ਚੀਜ਼ ਵੀ ਨਹੀਂ। ਪਰ ਜਿਥੇ ਕੂੜ ਕਪਟ ਦਾ ਬੋਲ ਬਾਲਾ ਹੈ ਤਾਂ ਇਸ ਦਾ ਮਤਲਬ ਹੈ, ਅਜੇ ਉਹ ਪ੍ਰਵਾਨ ਨਹੀਂ। ਇਹ ਦਾਅਵਾ ਨਹੀਂ। ਸਿਰਫ਼ ਬਾਬਾ ਜੀ ਨੇ ਕਿਹਾ ਹੈ ਕਿ :-

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥

(ਅੰਗ ੧੩੮੧)

ਤੂੰ ਆਪਣੇ ਮਨ ਨੂੰ ਪਧਰਿਆਂ ਕਰ। ਟਿੱਬੇ ਦਾ ਕੰਮ ਹੈ ਉੱਚਾ ਤੇ ਟੋਏ ਨੂੰ ਅਸੀਂ ਨੀਵਾਂ ਦੇਖਦੇ ਹਾਂ। ਉੱਚਾ ਖਲੋ ਕੇ ਦੂਜੇ ਨੂੰ ਨੀਵਾਂ ਨਾ ਦੇਖੋ। ਮਹਾਰਾਜ ਕਹਿੰਦੇ ਹਨ, ਜੇ ਰੱਬ ਨੂੰ ਪਾਉਣਾ ਹੈ ਤਾਂ ਅੰਦਰ ਨੂੰ ਪਧਰਿਆਂ ਕਰ।

ਮੇਰਾ ਮਨੁ ਰਾਤਾ ਗੁਣ ਰਵੈ

ਧੰਨ ਗੁਰੂ ਨਾਨਕ ਸਾਹਿਬ ਇਸ ਪਹਿਲੇ ਪਦੇ ਵਿਚ ਸੰਪੰਨਤਾ ਕਰਦੇ ਹਨ। ਕਹਿੰਦੇ ਹਨ ਮੇਰਾ ਮਨ ਪ੍ਰਮਾਤਮਾ ਦੇ ਰੰਗ ਵਿਚ ਰੱਤਾ ਹੋਇਆ, ਉਸ ਪ੍ਰਭੂ ਦੇ ਗੁਣ ਗਾਇਨ ਕਰਦਾ ਹੈ।

ਮਨਿ ਭਾਵੈ ਸੋਈ॥ ੧॥

ਪ੍ਰਮਾਤਮਾ ਜੀ, ਵਾਹਿਗੁਰੂ ਜੀ ਮਨ ਨੂੰ ਭਾਅ ਗਏ। ਜਿੰਨੇ ਵੀ ਲੋਕ ਬੋਲਦੇ ਹਨ, ਸਾਰਿਆਂ ਵਿਚ ਲੱਗਦਾ ਹੈ ਕਿ ਮੇਰਾ ਸਾਈਂ ਹੀ ਬੋਲ ਰਿਹਾ ਹੈ। ਜਦੋਂ ਅੰਦਰ ਦਾ ਕੂੜ ਕਪਟ ਨਿਕਲ ਗਿਆ, ਪ੍ਰਭੂ ਪਿਆਰਾ ਲੱਗਣ ਲੱਗ ਪਿਆ ਤਾਂ ਹਰ ਪਾਸੇ :-

ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ॥

(ਅੰਗ ੬੯੩)

ਮਰਦ ਕੀ ਤੇ ਇਸਤਰੀ ਕੀ, ਹਰ ਇਕ ਦੇ ਅੰਦਰ ਪਿਆਰੇ ਪ੍ਰਭੂ ਦੇ ਬੋਲ ਹਨ।

ਸਾਹਿਬੁ ਸੋ ਸਾਲਾਹੀਐ

ਗੁਰੂ ਨਾਨਕ ਸਾਹਿਬ ਅਗਲੇ ਪਦੇ ਵਿਚ ਬਖ਼ਸ਼ਿਸ਼ ਕਰਦੇ ਹਨ। ਜੇ ਉਸਤਤ ਕਰਨੀ ਹੈ ਤਾਂ ਫਿਰ ਉਸ ਮਾਲਕ ਦੀ ਹੀ ਕਰੋ।

ਜਿਨਿ ਕਾਰਣੁ ਕੀਆ॥

ਜਿਸ ਪ੍ਰਭੂ ਨੇ ਇਹ ਸਭ ਕੁਝ ਬਣਾਇਆ ਹੈ, ਉਹ ਸਭ ਕੁਝ ਕਰਨ ਵਾਲਾ ਹੈ। ਉਸ ਸ੍ਰਿਸ਼ਟੀ ਦੇ ਕਰਤੇ ਦੀ ਹੀ ਸਿਫ਼ਤ ਕਰੀਏ, ਦੁਨੀਆਂ ਦੀ ਸਲਾਹੁਤਾ ਨਾ ਕਰੀਏ। ਇਨਸਾਨ ਨੂੰ ਸਲਾਹੁਣ ਵਿਚੋਂ ਕੀ ਮਿਲੇਗਾ ? ਜਿਸ ਪ੍ਰਮਾਤਮਾ ਨੇ ਧਰਤੀ, ਪੁਲਾੜ, ਰਾਜੇ, ਪਹਾੜ, ਵਜ਼ੀਰ, ਅਮੀਰ ਸਭ ਕੁਝ ਪੈਦਾ ਕੀਤਾ ਹੈ, ਜਿਹੜਾ ਸਾਰੀਆਂ ਸ਼ਕਤੀਆਂ ਦਾ ਸੋਮਾ ਹੈ, ਉਸ ਸਾਹਿਬ ਦੀ ਸਿਫ਼ਤ-ਸਾਲਾਹ ਕਰੋ।

ਮੈਲੁ ਲਾਗੀ ਮਨਿ ਮੈਲਿਐ

ਜਿਸ ਮੈਲੇ ਮਨ ਵਿਚ ਮੈਲ ਲੱਗੀ ਹੈ, ਉਹ ਮੈਲਾ ਮਨ ਟਿਕਾਅ ਵਿਚ ਨਹੀਂ ਰਹਿੰਦਾ।

ਕਿਨੈ ਅੰਮ੍ਰਿਤੁ ਪੀਆ॥

ਕੋਈ ਟਾਂਵਾਂ-ਟਾਂਵਾਂ ਹੀ ਹੈ, ਜਿਸ ਉੱਪਰ ਮਾਲਕ ਦੀ ਕ੍ਰਿਪਾ ਹੋ ਗਈ ਹੈ। ਉਸ ਨੇ ਨਾਮ ਅੰਮ੍ਰਿਤ ਨੂੰ ਪੀਤਾ ਹੈ। ਮੈਲਾ ਮਨ ਸਥਿਰ ਨਹੀਂ ਰਹਿੰਦਾ। ਜੇ ਮਨ ਨਹੀਂ ਟਿੱਕਦਾ ਤਾਂ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਹੇ ਇਨਸਾਨ ! ਤੂੰ ਆਪਣੇ ਅੰਦਰੋਂ ਸਵੀਕਾਰ ਕਰ ਲੈ ਕਿ ਤੇਰੇ ਅੰਦਰ ਮੈਲ ਹੈ, ਕਿਉਂਕਿ ਮੈਲਾ ਮਨ ਹੀ ਭਟਕਣਾ ਵਿਚ ਪਿਆ ਰਹਿੰਦਾ ਹੈ। ਮੈਲੇ ਮਨ ਨੂੰ ਜੇਕਰ ਕੋਈ ਧੋਵੇਗਾ ਤਾਂ ਗੁਰੂ ਦਾ ਸ਼ਬਦ ਹੀ ਧੋਵੇਗਾ।

ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ॥

ਇਸ ਮਨ ਨੂੰ ਗੁਰੂ ਸਾਹਿਬ ਦੇ ਚਰਨਾਂ ਵਿਚ ਭੇਟ ਕਰ ਦਿੱਤਾ ਹੈ ਜਿਸ ਕਰਕੇ ਗੁਰੂ ਨਾਲ ਮਿਲਾਪ ਹੋ ਗਿਆ ਹੈ। ਆਪਣੇ ਪ੍ਰਮਾਤਮਾ ਨੂੰ ਸੁੱਤੇ ਸਿਧ ਹੀ ਪਹਿਚਾਣ ਲਿਆ। ਉਸ ਦੇ ਨਾਲ ਸਾਂਝ ਬਣ ਗਈ।

ਜਾ ਮਨੁ ਸਾਚੈ ਲਾਇਆ॥

ਜਦੋਂ ਮਨ ਨੂੰ ਸੱਚੇ ਪ੍ਰਭੂ ਨਾਲ ਜੋੜਿਆ ਤਾਂ ਉਸ ਪ੍ਰਭੂ ਨਾਲ ਸਾਂਝ ਬਣੀ। ਮਾਲਕ ਨੂੰ ਪਹਿਚਾਣ ਲਿਆ।

ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ

ਹਜ਼ੂਰ ਕਹਿਣ ਲੱਗੇ, ਜਦੋਂ ਪ੍ਰਮਾਤਮਾ ਵਿਚ ਕੋਈ ਜੁੜ ਜਾਵੇ, ਉਸ ਨਾਲ ਸੁਰਤ ਜੁੜ ਜਾਵੇ, ਉਹ ਜੁੜਿਆ ਹੋਇਆ ਅੰਦਰ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਅਤੇ ਪ੍ਰਭੂ ਨੂੰ ਭਾਅ ਜਾਂਦਾ ਹੈ।

ਕਿਉ ਮਿਲੈ ਹੋਇ ਪਰਾਇਆ॥

ਜੇਕਰ ਕੋਈ ਇਨਸਾਨ ਬੇਗਾਨਾ ਹੋ ਕੇ ਪ੍ਰਭੂ ਨਾਲ ਆਪਣਾ ਰਿਸ਼ਤਾ ਕਾਇਮ ਕਰਨ ਦੀ ਥਾਂ ਬੇਗਾਨਾ ਬਣ-ਬਣ ਕੇ ਰਹੇ ਤਾਂ ਉਹ ਕਿਵੇਂ ਅੰਦਰੋਂ ਆਪਣੇ ਆਪ ਨੂੰ ਜੋੜੇਗਾ।

ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ॥ ੨॥

ਜਿਸ ਹਿਰਦੇ ਵਿਚ ਪ੍ਰਮਾਤਮਾ ਵਸ ਗਿਆ, ਬਾਕੀ ਕਿਹੜੀ ਚੀਜ਼ ਹੈ ਜਿਹੜੀ ਉਸ ਦੇ ਕੋਲ ਲੁਕਾਈ ਗਈ, ਸਭ ਕੁਝ ਉਸ ਦੇ ਨਾਲ ਹੀ ਆ ਗਿਆ। ਜਿਸ ਹਿਰਦੇ ਵਿਚ ਪ੍ਰਭੂ ਆ ਗਿਆ, ਸਭ ਕੁਝ ਉਸ ਕੋਲ ਆ ਗਿਆ।

ਆਇ ਗਇਆ ਕੀ ਨ ਆਇਓਂ ਕਿਉ ਆਵੈ ਜਾਤਾ॥

ਜਿਸ ਹਿਰਦੇ ਵਿਚ ਪ੍ਰਭੂ ਆ ਗਿਆ, ਉਸ ਨੂੰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਰਹੀ। ਦੂਜੀ ਗੱਲ, ਉਹ ਹਿਰਦਾ, ਉਹ ਅੰਦਰ ਨਾ ਜੰਮਦਾ ਹੈ ਤੇ ਨਾ ਉਹ ਮਰਦਾ ਹੈ।

ਪ੍ਰੀਤਮ ਸਿਉ ਮਨੁ ਮਾਨਿਆ

ਪ੍ਰਭੂ ਪਿਆਰੇ ਨਾਲ ਮਨ ਮੰਨ ਗਿਆ।

ਹਰਿ ਸੇਤੀ ਰਾਤਾ॥

ਅੰਦਰ ਵਾਲਾ ਪ੍ਰਭੂ ਨਾਲ ਜੁੜ ਗਿਆ ਹੈ।

ਸਾਹਿਬ ਰੰਗਿ ਰਾਤਾ ਸਚ ਕੀ ਬਾਤਾ

ਜਿਹੜਾ ਸਾਹਿਬ ਦੇ ਰੰਗ ਵਿਚ ਰੱਤਾ ਜਾਏ, ਉਹ ਜਦੋਂ ਬੋਲਦਾ ਹੈ ਤਾਂ ਫਿਰ ਸੱਚੇ ਦੀਆਂ

ਹੀ ਬਾਤਾਂ ਕਰਦਾ ਹੈ। ਉਹ ਖਿਨ-ਖਿਨ ਆਪਣੇ ਮਾਲਕ ਦੀ ਕਥਾ ਕਹਾਣੀ ਕਰਦਾ ਹੈ।

ਜਿਨਿ ਬਿੰਬ ਕਾ ਕੋਟੁ ਉਸਾਰਿਆ॥

ਜਿਸ ਪ੍ਰਮਾਤਮਾ ਨੇ ਪਾਣੀ ਦੀ ਇਕ ਬੂੰਦ ਤੋਂ, ਪਿਤਾ ਦੇ ਬਿੰਦ ਤੋਂ ਇਹ ਸਰੀਰ ਕਿਲ੍ਹਾ ਬਣਾ ਦਿੱਤਾ। ਉਹ ਪ੍ਰਭੂ ਦੀਆਂ ਗੱਲਾਂ ਹਰ ਥਾਂ 'ਤੇ ਕਰਦਾ ਹੈ।

ਪੰਚ ਭੂ ਨਾਇਕੋ ਆਪਿ ਸਿਰੰਦਾ

ਪੰਜਾਂ ਤੱਤਾਂ ਦਾ ਸੁਆਮੀ ਵੀ ਉਹ ਹੈ ਤੇ ਸਭ ਕੁਝ ਸਿਰਜਣ ਵਾਲਾ ਵੀ ਉਹ ਆਪ ਹੀ ਹੈ।

ਜਿਨਿ ਸਚ ਕਾ ਪਿੰਡੁ ਸਵਾਰਿਆ॥

ਜਿਸ ਪ੍ਰਭੂ ਨੇ ਆਪਣੇ ਰਹਿਣ ਲਈ ਸਰੀਰ ਬਣਾਇਆ ਹੈ, ਉਸ ਨੇ ਆਪਣਾ ਨਿਵਾਸ ਇਸ ਦੇ ਵਿਚ ਰੱਖਿਆ।

ਹਮ ਅਵਗਣਿਆਰੇ ਤੂ ਸੁਣਿ ਪਿਆਰੇ

ਹੇ ਪ੍ਰਭੂ ਜੀ ! ਤੁਸੀਂ ਸੁਣੋ। ਕੀ ਸੁਣੋ ? ਮੈਂ ਔਗੁਣਾਂ ਨਾਲ ਭਰਿਆ ਹਾਂ ਤੇ ਗੁਨਾਹ ਇੰਨੇ ਹਨ ਕਿ ਇਹਨਾਂ ਦੀ ਕੋਈ ਗਿਣਤੀ ਨਹੀਂ। ਸਾਡੀ ਬੇਂਨਤੀ ਸੁਣੋ।

ਤੁਧੁ ਭਾਵੈ ਸਚੁ ਸੋਈ॥

ਹੇ ਮਾਲਕ ! ਜਿਹੜਾ ਤੈਨੂੰ ਭਾਅ ਜਾਏ, ਉਸ ਹਿਰਦੇ ਵਿਚ ਹੀ ਸੱਚਾ ਸਿਮਰਨ ਟਿੱਕਦਾ ਹੈ।

ਆਵਣ ਜਾਣਾ ਨਾ ਥੀਐ

ਫਿਰ ਜਨਮ ਮਰਨ ਦਾ ਚੱਕਰ ਨਹੀਂ ਪੈਂਦਾ।

ਸਾਚੀ ਮਤਿ ਹੋਈ॥ ੩॥

ਉਸ ਸਰੀਰ ਵਿਚ ਸੱਚੀ ਮੱਤ ਆ ਗਈ ਹੈ ਸਿਮਰਨ ਦੀ।

ਅੰਜਨੁ ਤੈਸਾ ਅੰਜੀਐ

ਸੁਰਮਾ ਉਹ ਪਾ। ਕਿਹੋ ਜਿਹਾ ? ਅੱਗੇ ਹਜ਼ੂਰ ਬਖ਼ਸ਼ਿਸ਼ ਕਰਦੇ ਹਨ।

ਜੈਸਾ ਪਿਰ ਭਾਵੈ॥

ਸੁਰਮਾ ਉਹ ਅੱਖਾਂ ਵਿਚ ਪਾ ਜਿਹੜਾ ਪ੍ਰਭੂ ਨੂੰ ਭਾਉਂਦਾ ਹੋਵੇ। ਪਰਮਾਰਥ ਦਾ ਉੱਦਮ ਉਹ ਕਰ ਜਿਹੜਾ ਪ੍ਰਮਾਤਮਾ ਨੂੰ ਭਾਉਂਦਾ ਹੋਵੇ।

ਸਮਝੈ ਸੂਝੈ ਜਾਣੀਐ

ਜਿਸ ਨੇ ਉਸ ਦੇ ਗਿਆਨ ਦਾ ਸੁਰਮਾ ਪਾ ਲਿਆ, ਉਹ ਦੇਣ ਵਾਲੇ ਵੀ ਸਤਿਗੁਰੁ ਆਪ ਹੀ ਹਨ। ਉਸ ਨੂੰ ਮਾਲਕ ਸਾਰੀ ਅੰਦਰ ਦੀ ਸੋਝੀ ਬਖ਼ਸ਼ਦਾ ਹੈ।

ਜੇ ਆਪਿ ਜਾਣਾਵੈ॥

ਆਪਣੀ ਮੱਤ ਨਾਲ ਨਹੀਂ, ਜਿਸ ਨੂੰ ਪ੍ਰਮਾਤਮਾ ਮੇਹਰ ਕਰਕੇ ਗਿਆਨ ਦਾ ਅੰਜਨ ਬਖ਼ਸ਼ਦੇ ਹਨ, ਉਹ ਸਮਝੇਗਾ।

ਆਪਿ ਜਾਣਾਵੈ ਮਾਰਗਿ ਪਾਵੈ

ਪ੍ਰਭੂ ਤਰਸ ਕਰਕੇ ਆਪ ਹੀ ਕਿਸੇ ਨੂੰ ਅੰਦਰੋਂ ਸੋਝੀ ਬਖ਼ਸ਼ ਦੇਵੇ ਤੇ ਆਪ ਹੀ ਤਰਸ ਕਰਕੇ ਉਸ ਨੂੰ ਰਸਤਾ ਸੁਝਾ ਦਿੰਦਾ ਹੈ ਤਾਂ ਜੋ ਉਹ ਉਸ ਰਸਤੇ 'ਤੇ ਚੱਲ ਕੇ ਆਪਣੀ ਮੰਜ਼ਿਲ 'ਤੇ ਪਹੁੰਚ ਸਕੇ।

ਆਪੇ ਮਨੂਆ ਲੇਵਏ॥

ਜਦੋਂ ਪ੍ਰਮਾਤਮਾ ਕਿਸੇ ਨੂੰ ਸਮਝ ਦਿੰਦੇ ਹਨ ਤਾਂ ਉਸ ਦੇ ਮਨ ਨੂੰ ਖ਼ੁੱਦ ਹੀ ਆਪਣੇ ਵਾਲੇ ਪਾਸੇ ਲਾ ਦਿੰਦੇ ਹਨ। ਉਹੀ ਮਨ ਪ੍ਰਮਾਤਮਾ ਵੱਲ ਦਿਨ ਰਾਤ ਲੱਗ ਪੈਂਦਾ ਹੈ।

ਕਰਮ ਸੁਕਰਮ ਕਰਾਏ ਆਪੇ

ਚੰਗੇ ਕਰਮ ਸੰਸਾਰੀ ਤੇ ਪ੍ਰਮਾਤਮਾ ਦੇ ਨਾਮ ਦਾ ਕਰਮ ਸ੍ਰੇਸ਼ਟ ਕਰਮ, ਉਹ ਪ੍ਰਭੂ ਵਾਹਿਗੁਰੂ ਆਪ ਹੀ ਕਰਾਉਂਦੇ ਹਨ।

ਕੀਮਤਿ ਕਉਣ ਅਭੇਵਏ॥

ਉਸ ਪ੍ਰਮਾਤਮਾ ਦਾ ਭੇਦ ਕੋਈ ਜਾਣ ਨਹੀਂ ਸਕਦਾ। ਉਸ ਪ੍ਰਮਾਤਮਾ ਦੀ ਕੋਈ ਕੀਮਤ ਵੀ ਨਹੀਂ ਪਾ ਸਕਦਾ।

ਤੰਤੁ ਮੰਤੁ ਪਾਖੰਡੁ ਨ ਜਾਣਾ

ਹਜ਼ੂਰ ਕਹਿੰਦੇ ਹਨ ਕਿ ਪ੍ਰਭੂ ਲੋਕ-ਪ੍ਰਭੁਤਾ ਲਈ, ਸ਼ਕਤੀਆਂ ਲਈ ਕਈ ਪ੍ਰਕਾਰ ਦੇ ਤਰੀਕੇ ਲੱਭਦੇ ਹਨ। ਕੋਈ ਤੰਤ ਕਰ ਰਿਹਾ ਹੈ ਤੇ ਕੋਈ ਮੰਤ ਜੱਪ ਰਿਹਾ ਹੈ। ਤੰਤ ਦਾ ਅਰਥ ਹੁੰਦਾ ਹੈ ਟੂਣਾ ਤੇ ਮੰਤ ਦਾ ਅਰਥ ਹੁੰਦਾ ਹੈ ਕੁਝ ਖ਼ਾਸ ਅੱਖਰ ਪੜ੍ਹ ਕੇ ਕਿਸੇ ਨੂੰ ਵੱਸ ਕਰਨਾ। ਮਹਾਰਾਜ ਕਹਿੰਦੇ ਹਨ, ਸਾਡੇ ਕੋਲ ਕੋਈ ਤੰਤ ਮੰਤ ਨਹੀਂ। ਜਿਥੇ ਗੁਰੂ ਨਾਨਕ ਬਾਬੇ ਦਾ ਸ਼ਬਦ ਆ ਗਿਆ, ਉਥੇ ਦੁਨੀਆਂ ਦਾ ਕੋਈ ਜੰਤਰ ਜਾਂ ਮੰਤਰ ਅਸਰ ਨਹੀਂ ਕਰੇਗਾ।

ਰਾਮੁ ਰਿਦੈ ਮਨੁ ਮਾਨਿਆ॥

ਬਸ ਇਕੋ ਅੰਦਰ ਪ੍ਰਮਾਤਮਾ ਦੇ ਨਾਮ ਵਿਚ ਮੰਨ ਗਿਆ।

ਅੰਜਨੁ ਨਾਮੁ ਤਿਸੈ ਤੇ ਸੁਝੈ

ਸਾਹਿਬ ਕਹਿੰਦੇ ਹਨ, ਨਾਮ ਰੂਪੀ ਸੁਰਮਾ ਉਸ ਪ੍ਰਭੂ ਤੋਂ ਹੀ ਸੁਝਦਾ ਹੈ।

ਗੁਰ ਸਬਦੀ ਸਚੁ ਜਾਨਿਆ॥ ੪ ॥

ਗੁਰੂ ਦੇ ਸ਼ਬਦ ਦੀ ਕ੍ਰਿਪਾ ਨਾਲ ਹੀ ਉਸ ਸੱਚੇ ਪ੍ਰਭੂ ਨੂੰ ਮੈਂ ਜਾਣਿਆ ਹੈ।

ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ॥

ਜੇ ਆਪਣੇਂ ਗੁਰਮੁਖ ਪਿਆਰੇ ਸਤਿਸੰਗੀ ਮਿਲ ਜਾਣ ਤਾਂ ਫਿਰ ਅਣਮਤ ਵਾਲਿਆਂ ਦੇ ਘਰ ਬੂਹੇ ਖੜਕਾਉਣ ਦੀ ਲੋੜ ਹੀ ਕੀ ਹੈ।

ਸਾਜਨ ਰਾਤੇ ਸਚ ਕੇ

ਉਹ ਸੱਜਣ ਪ੍ਰਮਾਤਮਾ ਦੇ ਰੰਗ ਵਿਚ ਰੱਤੇ ਹੋਣ। ਉਹ ਸੱਜਣ ਜਿਨ੍ਹਾਂ ਦੀ ਪ੍ਰਮਾਤਮਾ ਵੀ ਕੋਈ ਗੱਲ ਨਹੀਂ ਮੋੜਦਾ।

ਸੰਗੇ ਮਨ ਮਾਹੀ॥

ਹਜ਼ੂਰ ਕਹਿੰਦੇ ਹਨ, ਉਸ ਪ੍ਰਮਾਤਮਾ ਦੇ ਮਨ ਕਰਕੇ ਉਹ ਅੰਗ-ਸੰਗ ਰਹਿੰਦੇ ਹਨ।

ਮਨ ਮਾਹਿ ਸਾਜਨ ਕਰਹਿ ਰਲੀਆ

ਉਹ ਸੱਜਣ ਰੌਲਾ ਨਹੀਂ ਪਾਉਂਦੇ। ਉਹ ਆਪਣੇ ਮਨ ਵਿਚ ਹੀ ਪ੍ਰਮਾਤਮਾ ਦੇ ਨਾਮ ਦਾ ਰੱਸ ਮਾਣਦੇ ਹਨ।

ਕਰਮ ਧਰਮ ਸਬਾਇਆ॥

ਜਿਹੜਾ ਨਾਮ ਨੂੰ ਅੰਦਰੋਂ ਜੱਪਣ ਲੱਗ ਪਿਆ, ਸਾਰੇ ਕਰਮ ਧਰਮ ਆਪੇ ਹੀ ਵਿਚ ਆ ਜਾਂਦੇ ਹਨ। ਸਿਮਰਨ ਤੋਂ ਉੱਚਾ ਕੋਈ ਕਰਮ ਨਹੀਂ। ਸਿਫਤ ਤੋਂ ਉੱਚਾ ਕੋਈ ਧਰਮ ਨਹੀਂ।

ਅਠਸਠਿ ਤੀਰਥ ਪੁੰਨ ਪੂਜਾ

ਅਠਾਹਠ ਤੀਰਥਾਂ ਦਾ ਇਸ਼ਨਾਨ, ਉਥੇ ਜਾ ਕੇ ਦਾਨ ਪੁੰਨ ਕਰਨਾ ਅਤੇ ਕੁਝ ਮਿੱਥੇ ਹੋਏ ਦੇਵਤਿਆਂ ਦੀ ਪੂਜਾ ਕਰਨੀ।

ਨਾਮੁ ਸਾਚਾ ਭਾਇਆ॥

ਜਿਥੇ ਵਾਹਿਗੁਰੂ ਦਾ ਨਾਮ ਆ ਗਿਆ, ਉਥੇ ਕਾਹਦੇ ਅਠਾਹਠ ਤੀਰਥ ? ਸਿੱਧੀ ਗੱਲ ਹੈ ਜਿਥੇ ਸਿਮਰਨ ਕਰਨ ਵਾਲਾ ਬੈਠ ਜਾਏ, ਤੀਰਥ ਤਾਂ ਉਥੇ ਹੀ ਪਹੁੰਚ ਜਾਂਦੇ ਹਨ। ਜਿਹੜਾ ਪ੍ਰਮਾਤਮਾ ਦੀ ਬੰਦਗੀ ਕਰਦਾ ਹੈ, ਇਸ ਤੋਂ ਵੱਡਾ ਪੁੰਨ ਹੀ ਕੋਈ ਨਹੀਂ। ਕੋਈ ਬਸਤਰ, ਕੋਈ ਜ਼ਮੀਨ, ਕੋਈ ਪਦਾਰਥ ਪੁੰਨ ਕਰਦਾ ਹੈ। ਮਹਾਰਾਜ ਜੀ ਨੇ ਤਿੰਨ ਪੁੰਨ ਬੜੇ ਵੱਡੇ ਕਹੇ ਹਨ। ਇਕ ਪੁੰਨ ਤਾਂ ਇਹ ਹੈ ਕਿ ਤੈਨੂੰ ਹੱਥ ਜੋੜਨ ਦੀ ਜਾਚ ਆ ਜਾਏ ਗੁਰੂ ਕੋਲੋਂ। ਦੂਸਰਾ, ਤੈਨੂੰ ਗੁਰੂ ਕੋਲ ਝੁੱਕਣ ਦੀ ਜਾਚ ਆ ਜਾਏ। ਤੀਸਰਾ, ਤੈਨੂੰ ਗੁਰੂ ਦਾ ਉਪਦੇਸ਼ ਮੰਨਣ ਦੀ ਜਾਚ ਆ ਜਾਏ।

ਆਪਿ ਸਾਜੇ ਥਾਪਿ ਵੇਖੈ

ਆਪ ਉਹ ਸਾਜਦਾ ਹੈ, ਆਪ ਪਾਲਦਾ ਹੈ ਅਤੇ ਆਪ ਹੀ ਸਭ ਕੁਝ ਸੰਭਾਲ ਰਿਹਾ ਹੈ।

ਤਿਸੈ ਭਾਣਾ ਭਾਇਆ॥

ਜਿਸ ਨੂੰ ਪ੍ਰਮਾਤਮਾ ਦਾ ਭਾਣਾ ਚੰਗਾ ਲੱਗਣ ਲੱਗਾ ਹੈ।

ਸਾਜਨ ਰਾਂਗਿ ਰੰਗੀਲੜੇ

ਉਹ ਸੱਜਣ ਜਿਹੜੇ ਪਿਆਰੇ ਦੇ ਰੰਗ ਵਿਚ ਰੰਗੇ ਹੋਏ, ਰੱਤੇ ਹੋਏ, ਉਸ ਦੇ ਪ੍ਰੇਮ ਵਿਚ ਮਸਤਾਨੇ ਹੋਏ ਹਨ।

ਰੰਗੁ ਲਾਲ ਬਣਾਇਆ॥ ੫॥

ਉਹਨਾਂ ਰੰਗ ਰੰਗੀਲੜਿਆਂ ਨੇ ਆਪਣੇ ਅੰਦਰ ਜਿਹੜਾ ਰੰਗ ਹੈ, ਉਹ ਲਾਲ ਰੰਗ ਚਾੜ੍ਹ ਲਿਆ ਹੈ। ਨਾਮ ਦਾ ਰੰਗ ਲਾਲ ਹੁੰਦਾ ਹੈ।

ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ॥ *(ਅੰਗ ੧੦੮੯)*

ਪ੍ਰਮਾਤਮਾ ਦੇ ਜਿਹੜੇ ਸੱਜਣ ਹਨ, ਉਹਨਾਂ ਦੇ ਅੰਦਰ ਨਾਮ ਦਾ ਰੰਗ ਚੜ੍ਹਿਆ ਹੋਇਆ ਹੈ।

ਅੰਧਾ ਆਗੂ ਜੇ ਥੀਐ

ਜੇ ਆਗੂ ਹੀ ਅੰਨ੍ਹਾ ਹੋਵੇ। ਜਿਹੜਾ ਬੰਦਾ ਆਪ ਹੀ ਅੰਨ੍ਹਾ ਹੈ, ਅਜੇ ਉਸ ਨੂੰ ਸਮਝ ਨਹੀਂ, ਪਰ ਉਹ ਅਗਵਾਈ ਕਰਦਾ ਹੈ।

ਕਿਉ ਪਾਧਰੁ ਜਾਣੈ॥

ਉਹ ਸਿੱਧਾ ਰਸਤਾ ਕਿਥੋਂ ਜਾਣੇਗਾ, ਜਿਹੜਾ ਆਪ ਹੀ ਅੰਨ੍ਹਾ ਹੈ। ਮਹਾਰਾਜ ਕਹਿੰਦੇ ਹਨ, ਗੁਰਬਾਣੀ ਵਿਚ ਅੰਨ੍ਹਾ ਉਹ ਹੈ ਜਿਸ ਦੀਆਂ ਅੱਖਾਂ ਹਨ। ਦੇਖਦਾ ਹੈ, ਸੁਣਦਾ ਹੈ, ਸਭ ਕੁਝ ਉਸ ਦੇ ਸਾਹਮਣੇ ਪਾਪ ਹੁੰਦਾ ਹੈ ਤੇ ਪਾਪ ਹੋਣ ਦੇ ਬਾਵਜੂਦ ਵੀ ਕਹਿੰਦਾ ਹੈ ਕਿ ਚਲੋ ਕੋਈ ਗੱਲ ਨਹੀਂ। ਜਿਹੜੇ ਅੰਦਰੋਂ ਟੁੱਟ ਗਏ, ਉਹ ਅੰਨ੍ਹੇ ਹੁੰਦੇ ਹਨ।

ਆਪਿ ਮੁਸੈ ਮਤਿ ਹੋਛੀਐ

ਹੋਛੀ ਮਤ ਕਰਕੇ ਆਪ ਠੱਗਿਆ ਗਿਆ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅੰਦਰ ਨੂੰ ਜ਼ਲੀਲ ਕਰ ਗਏ ਤੇ ਜਿਹੜਾ ਆਪ ਅੰਦਰੋਂ ਮੈਲਾ ਹੋਇਆ ਪਿਆ ਹੈ, ਉਸ ਨੇ ਦੂਜੇ ਨੂੰ ਅਗਵਾਈ ਕੀ ਦੇਣੀ ਹੈ। ਜਿਹੜਾ ਆਪ ਹੀ ਠੱਗਿਆ ਗਿਆ ਹੈ, ਉਸ ਨੇ ਕਿਸੇ ਦਾ ਘਰ ਕੀ ਬਚਾਉਣਾ ਹੈ।

ਕਿਉ ਰਾਹ ਪਛਾਣੈ॥

ਉਸ ਨੂੰ ਆਪ ਤਾਂ ਪਤਾ ਨਹੀਂ ਕਿ ਰਾਹ ਕਿਹੜਾ ਜਾਂਦਾ ਹੈ।

ਕਿਉ ਰਹਿ ਜਾਵੈ ਮਹਲੁ ਪਾਵੈ

ਉਸ ਦੇ ਕੋਲ ਰਾਹ ਨਹੀਂ ਅਤੇ ਜਿਸ ਦੇ ਕੋਲ ਰਾਹ ਨਹੀਂ, ਉਸ ਨੂੰ ਪ੍ਰਭੂ ਦਾ ਟਿਕਾਣਾ ਕਿਵੇਂ ਮਿਲੇਗਾ ?

ਅੰਧ ਕੀ ਮਤਿ ਅੰਧਲੀ॥

ਹੁਣ ਉਹ ਅੰਦਰੋਂ ਅੰਨ੍ਹਾ ਹੈ ਤੇ ਅੰਧਲੇ ਦੀ ਮਤ ਵੀ ਅੰਧਲੀ ਹੋਵੇਗੀ।

ਵਿਣੁ ਨਾਮ ਹਰਿ ਕੇ ਕਛੁ ਨ ਸੁਝੈ

ਹੁਣ ਨਾਮ ਤੋਂ ਬਿਨਾਂ ਅੰਦਰ ਦੀ ਸੋਝੀ ਨਹੀਂ।

ਅੰਧ ਬੂਡੌ ਧੰਧਲੀ॥

ਉਹ ਜਿਹੜਾ ਅੰਨ੍ਹਾ ਆਗੂ ਹੈ, ਉਹ ਆਪ ਹੀ ਡੁੱਬ ਗਿਆ ਹੈ ਤਾਂ ਉਹ ਆਪਣੇ ਪਿੱਛੇ ਲੱਗਿਆਂ ਦੀ ਕੀ ਸਵਾਰੇਗਾ ?

ਦਿਨੁ ਰਾਤਿ ਚਾਨਣੁ ਚਾਉ ਉਪਜੈ

ਜਿਸ ਦੇ ਕੋਲ ਗੁਰੂ ਦਾ ਸ਼ਬਦ ਹੈ, ਦਿਨ ਰਾਤ ਉਸ ਦੇ ਅੰਦਰ ਰੂਹਾਨੀਅਤ ਦਾ ਚਾਨਣ ਹੈ ਤੇ ਉਹ ਚਾਉ ਵਿਚ ਦਿਨ ਰਾਤ ਜੁੜਿਆ ਹੋਇਆ ਹੈ।

ਸਬਦੁ ਗੁਰ ਕਾ ਮਨਿ ਵਸੈ॥

ਗੁਰੂ ਦੀ ਬਖ਼ਸ਼ਿਸ਼ ਨਾਲ ਉਸ ਦੇ ਅੰਦਰ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ।

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ

ਹੱਥ ਜੋੜ ਕੇ ਆਪਣੇ ਸਤਿਗੁਰੂ ਦੇ ਚਰਨਾਂ ਵਿਚ ਬੇਨਤੀ ਕਰ।

ਰਾਹੁ ਪਾਧਰੁ ਗੁਰੁ ਦਸੈ॥ ੬॥

ਕਿਸੇ ਬੰਦੇ ਕੋਲ ਕੀ ਜਾਣਾ ਹੈ, ਆਪਣੇ ਗੁਰੂ ਕੋਲ ਹੱਥ ਜੋੜ ਕੇ ਕਹਿ, ਸਤਿਗੁਰੂ ਜੀ ! ਮੈਨੂੰ ਮਾਰਗ ਦੱਸ ਦਿਉ।

ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥

ਜੇ ਆਪਣਾ ਮਨ ਹੀ ਪ੍ਰਭੂ ਤੋਂ ਬੇਗਾਨਾ ਹੋ ਜਾਏ ਤਾਂ ਸਾਰਾ ਦੇਸ਼ ਹੀ ਬੇਗਾਨਾ ਦਿੱਸਦਾ ਹੈ।

ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥

ਮਾਲਕਾ ! ਮੈਂ ਕਿਸ ਕੋਲ ਆਪਣੇ ਦਿਲ ਦੀ ਗੰਢ ਜਾ ਕੇ ਖੋਲ੍ਹਾਂ। ਸਾਰਾ ਸੰਸਾਰ ਪਹਿਲਾਂ ਹੀ ਦੁੱਖ ਨਾਲ ਭਰਿਆ ਪਿਆ ਹੈ।

ਦੂਖੀ ਭਰਿ ਆਇਆ ਜਗਤੁ ਸਬਾਇਆ

ਬਾਬਾ ਨਾਨਕ ਜੀ ਕਹਿੰਦੇ ਹਨ, ਸਾਰੀ ਦੁਨੀਆਂ ਹੀ ਦੁੱਖ ਨਾਲ ਭਰੀ ਪਈ ਹੈ।

ਕਉਣੁ ਜਾਣੈ ਬਿਧਿ ਮੇਰੀਆ॥

ਆਪਣੇ ਅੰਦਰ ਦੀ ਹਾਲਤ ਕਿਸ ਨੂੰ ਜਾ ਕੇ ਸੁਣਾਵਾਂ ? ਇਕੋ ਸਤਿਗੁਰੂ ਹੀ ਹੈ, ਜਿਥੇ ਅਟੱਲ ਸੁੱਖ ਹੈ।

ਆਵਣੇ ਜਾਵਣੇ ਖਰੇ ਡਰਾਵਣੇ

ਇਹੋ ਜਿਹੇ ਬੰਦੇ ਜਿਹੜੇ ਨਾਮ ਨਹੀਂ ਜੱਪਦੇ, ਆਉਂਦੇ ਹਨ ਤੇ ਚਲੇ ਜਾਂਦੇ ਹਨ। ਕਹਿੰਦੇ ਹਨ, ਡਰ ਲੱਗਦਾ ਹੈ ਨਾਮ ਦੇ ਵਿਹੂਣਿਆਂ ਤੋਂ।

ਤੋਟਿ ਨ ਆਵੈ ਫੇਰੀਆ॥

ਹੁਣ ਉਹਨਾਂ ਦੇ ਜਿਹੜੇ ਆਉਣ ਜਾਣ ਦੇ ਫੇਰੇ ਹਨ, ਉਸ ਵਿਚ ਤੋਟਾ ਨਹੀਂ ਆਉਂਦਾ। ਉਹ ਚੱਲਦੇ ਰਹਿੰਦੇ ਹਨ।

ਨਾਮੁ ਵਿਹੂਣੇ ਊਣੇ ਝੂਣੇ

ਨਾਮ ਤੋਂ ਊਣੇ ਹਨ, ਨਾਮ ਤੋਂ ਵਾਂਝੇ ਹਨ।

ਨਾ ਗੁਰਿ ਸਬਦੁ ਸੁਣਾਇਆ॥

ਇਹੋ ਜਿਹੇ ਭਾਗਹੀਣ ਬੰਦਿਆਂ ਨੂੰ ਗੁਰੂ ਨੇ ਵੀ ਸ਼ਬਦ ਨਹੀਂ ਸੁਣਾਇਆ।

ਮਨੁ ਪਰਦੇਸੀ ਜੇ ਥੀਐ

ਜੇ ਮਨ ਹੀ ਪ੍ਰਭੂ ਤੋਂ ਬੇਗਾਨਾ ਹੋ ਜਾਏ

ਸਭੁ ਦੇਸੁ ਪਰਾਇਆ॥ ੭॥

ਫਿਰ ਸਾਰੇ ਬੰਦੇ ਹੀ ਪਰਾਏ ਹੋ ਜਾਂਦੇ ਹਨ।

ਗੁਰ ਮਹਲੀ ਘਰਿ ਆਪਣੈ

ਉਹ ਪ੍ਰਮਾਤਮਾ ਜਿਸ ਦਾ ਟਿਕਾਣਾ ਸਭ ਤੋਂ ਉੱਚਾ ਹੈ, ਜੇ ਆਪਣੇ ਹਿਰਦੇ ਘਰ ਵਿਚ ਵੱਸ ਜਾਏ।

ਸੋ ਭਰਪੁਰਿ ਲੀਣਾ॥

ਜਿਹੜਾ ਸਾਰੀਆਂ ਥਾਵਾਂ 'ਤੇ ਪਰੀਪੂਰਨ ਹੈ ਅਤੇ ਉੱਚਾ ਵਾਹਿਗੁਰੂ ਜਿਸ ਹਿਰਦੇ ਘਰ

ਵਿਚ ਆ ਜਾਏ, ਉਹ ਜਗਿਆਸੂ ਉਸ ਸਰਬ ਵਿਆਪਕ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।

ਸੇਵਕੁ ਸੇਵਾ ਤਾਂ ਕਰੇ

ਗੁਰੂ ਦਾ ਸੇਵਕ ਉਦੋਂ ਹੀ ਸੇਵਾ ਕਰਦਾ ਹੈ।

ਸਚ ਸਬਦਿ ਪਤੀਣਾ॥

ਜਦੋਂ ਉਸ ਦਾ ਅੰਦਰ ਗੁਰੂ ਦੇ ਸ਼ਬਦ ਵਿਚ ਮੰਨ ਜਾਏ।

ਸਬਦੇ ਪਤੀਜੈ ਅੰਕੁ ਭੀਜੈ

ਜਿਸ ਨੇ ਸ਼ਬਦ ਵਿਚ ਆਪਣੇ ਆਪ ਨੂੰ ਭਿਉਂ ਲਿਆ ਹੈ, ਉਸ ਦਾ ਹਿਰਦਾ ਵੀ ਭਿੱਜ ਗਿਆ ਹੈ।

ਸੁ ਮਹਲੁ ਮਹਲਾ ਅੰਤਰੇ॥

ਜਿਤਨੇ ਵੀ ਸਰੀਰ ਦੇਖਦਾ ਹੈ, ਉਹਨਾਂ ਵਿਚ ਪ੍ਰਭੂ ਦਾ ਟਿਕਾਣਾ ਦੇਖਦਾ ਹੈ।

ਆਪਿ ਕਰਤਾ ਕਰੇ ਸੋਈ

ਆਪ ਹੀ ਕਰਤਾ ਸਭ ਕੁਝ ਕਰਨ ਵਾਲਾ ਹੈ।

ਪ੍ਰਭੁ ਆਪਿ ਅੰਤਿ ਨਿਰੰਤਰੇ॥

ਉਹ ਪ੍ਰਭੂ ਆਪ ਹੀ ਆਦਿ ਤੋਂ ਅੰਤ ਤੱਕ ਨਿਰੰਤਰ ਇਕ ਰੱਸ ਹੈ।

ਗੁਰ ਸਬਦਿ ਮੇਲਾ ਤਾਂ ਸੁਹੇਲਾ

ਜਿਹੜਾ ਗੁਰੂ ਦੇ ਸ਼ਬਦ ਵਿਚ ਮਿਲ ਗਿਆ, ਉਸ ਦੀ ਜ਼ਿੰਦਗੀ ਵਿਚ ਹੀ ਅਸਲ ਸੁੱਖ ਹੈ।

ਬਾਜੰਤ ਅਨਹਦ ਬੀਣਾ॥

ਉਸ ਦੇ ਅੰਦਰ ਸ਼ਬਦ ਦੀ ਬੀਣਾ ਵੱਜਦੀ ਹੈ।

ਗੁਰ ਮਹਲੀ ਘਰਿ ਆਪਣੈ

ਉਹ ਪ੍ਰਭੂ ਉੱਚੇ ਟਿਕਾਣੇ ਵਾਲਾ ਜਿਸ ਘਰ ਵਿਚ ਵੀ ਆ ਜਾਏ,

ਸੋ ਭਰਿਪੁਰਿ ਲੀਣਾ॥ ੮॥

ਉਹ ਜਗਿਆਸੂ ਪਰੀਪੂਰਨ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

ਕੀਤਾ ਕਿਆ ਸਾਲਾਹੀਐ

ਮਹਾਰਾਜ ਕਹਿੰਦੇ ਹਨ, ਜੋ ਕੁਝ ਪ੍ਰਮਾਤਮਾ ਨੇ ਬਣਾਇਆ ਹੈ, ਉਸ ਦੀ ਸਾਲੋਹਤਾ ਕੀ ਕਰਨੀ ਹੈ, ਤੂੰ ਉਸ ਬਣਾਉਣ ਵਾਲੇ ਵੱਲ ਹੀ ਦੇਖ।

ਕਰਿ ਵੇਖੈ ਸੋਈ॥

ਉਹ ਪ੍ਰਭੂ ਸਭ ਕੁਝ ਬਣਾ ਕੇ ਇਸ ਨੂੰ ਵੇਖ ਰਿਹਾ ਹੈ।

ਤਾ ਕੀ ਕੀਮਤਿ ਨਾ ਪਵੈ

ਉਸ ਪ੍ਰਭੂ ਦੀ ਕੀਮਤ ਨਹੀਂ ਪਾਈ ਜਾ ਸਕਦੀ।

ਜੇ ਲੋਚੈ ਕੋਈ॥

ਜੇ ਕੋਈ ਬੰਦਾ ਇਹ ਕਹੇ ਕਿ ਮੈਂ ਆਪਣੀ ਸਿਆਣਪ ਨਾਲ ਉਸ ਦੀ ਕੀਮਤ ਪਾਉਣੀ ਚਾਹੁੰਦਾ ਹੈ ਤਾਂ ਨਹੀਂ ਪਾ ਸਕਦਾ। ਪ੍ਰਮਾਤਮਾ ਦੀ ਕੀਮਤ ਕੋਈ ਨਹੀਂ ਪਾ ਸਕਦਾ।

ਕੀਮਤਿ ਸੋ ਪਾਵੈ ਆਪਿ ਜਾਣਾਵੈ

ਇਥੇ ਕੀਮਤ ਦਾ ਅਰਥ ਕਰਾਂਗੇ ਕਦਰ। ਉਹੀ ਕੀਮਤ ਜਾਣਦਾ ਹੈ ਜਿਸ ਨੂੰ ਮੇਰੇ ਮਾਲਕ ਜੀ ! ਤੁਸੀਂ ਆਪ ਹੀ ਜਣਾ ਦੇਵੋ।

ਆਪਿ ਅਭੁਲੁ ਨ ਭੁਲਏ॥

ਪ੍ਰਭੂ ਅਭੁੱਲ ਹੈ। ਜਿਸ ਉੱਤੇ ਮਾਲਕ ਕ੍ਰਿਪਾ ਕਰੇ, ਉਸ ਨੂੰ ਹੀ ਇਹ ਅਵਸਥਾ ਬਖ਼ਸ਼ਦਾ ਹੈ।

ਜੈ ਜੈ ਕਾਰੁ ਕਰਹਿ ਤੁਧੁ ਭਾਵਹਿ

ਹੇ ਮੇਰੇ ਮਾਲਕ ! ਜਿਹੜੇ ਤੈਨੂੰ ਭਾਅ ਜਾਣ, ਉਹ ਤੇਰੀ ਜੈ ਜੈਕਾਰ ਕਰਦੇ ਹਨ।

ਗੁਰ ਕੈ ਸਬਦਿ ਅਮੁਲਏ॥

ਗੁਰੂ ਦੇ ਸ਼ਬਦ ਨਾਲ ਉਹਨਾਂ ਦੀ ਸਾਂਝ ਬਣਦੀ ਹੈ।

ਹੀਣਉ ਨੀਚੁ ਕਰਉ ਬੇਨੰਤੀ

ਅਖ਼ੀਰ ਵਿਚ ਇਹ ਪਵਿੱਤਰ ਅੰਮ੍ਰਿਤ ਬਚਨ ਹੈ। ਮੇਰੇ ਕਰਮ ਚੰਗੇ ਨਹੀਂ। ਵਾਹਿਗੁਰੂ ਮੈਂ ਹੀਣਾ ਹਾਂ। ਮੇਰੇ ਅੰਦਰ ਨੀਚਤਾਈ ਹੈ।

ਸਾਚੁ ਨ ਛੋਡਉ ਭਾਈ॥

ਹੇ ਪ੍ਰਭੂ ! ਹਾਂ ਤਾਂ ਮੈਂ ਨੀਚ, ਪਰ ਮੈਂ ਸੱਚ ਨੂੰ ਛੱਡਣਾ ਨਹੀਂ। ਪ੍ਰਭੂ ਦਾ ਸਿਮਰਨ ਕਦੀ ਵੀ ਤਿਆਗਣਾ ਨਹੀਂ।

ਨਾਨਕ ਜਿਨਿ ਕਰਿ ਦੇਖਿਆ

ਹਜ਼ੂਰ ਕਹਿੰਦੇ ਹਨ, ਦੇਖੋ ਭਾਈ, ਜਿਸ ਪ੍ਰਭੂ ਨੇ ਪੈਦਾ ਕੀਤਾ ਹੈ, ਉਸ ਨੇ ਹੀ ਸਭ ਕੁਝ ਸੰਭਾਲਿਆ ਹੋਇਆ ਹੈ।

ਦੇਵੈ ਮਤਿ ਸਾਈ॥੯॥੨॥੫॥

(ਅੰਗ ੭੬੬-੬੭)

ਪ੍ਰਮਾਤਮਾ ਹੀ ਪੈਦਾ ਕਰਨ ਵਾਲਾ ਹੈ। ਉਹੀ ਮੱਤ ਤੇ ਸੁਮੱਤ ਦੇਣ ਵਾਲਾ ਹੈ। ਸਤਿਗੁਰੂ ਮੇਹਰ ਕਰਨ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਕਬਹੂ ਸੋਇ ਰਹੈ ਦਿਨੁ ਰਾਤਿ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿਚ ਸੁਭਾਇਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਅਰਜਨ ਦੇਵ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਮਾਤਮਾ ਦੀ ਇਸ ਬਣਾਈ ਹੋਈ ਸ੍ਰਿਸ਼ਟੀ ਦੇ ਅੰਦਰ ਮਨੁੱਖ ਕਿਹੋ ਕਿਹੋ ਜਿਹੇ ਕਰਮ ਕਰ ਰਿਹਾ ਹੈ ਤੇ ਜਿਵੇਂ ਪ੍ਰਮਾਤਮਾ ਕਿਸੇ ਨੂੰ ਰੱਖਦਾ ਹੈ, ਇਨਸਾਨ ਨੂੰ ਉਸੇ ਤਰੀਕੇ ਨਾਲ ਹੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ :-

ਇਸ ਕਾ ਬਲੁ ਨਾਹੀ ਇਸੁ ਹਾਥ॥
ਕਰਨ ਕਰਾਵਨ ਸਰਬ ਕੋ ਨਾਥ॥

(ਸੁਖਮਨੀ ਸਾਹਿਬ)

ਮਨੁੱਖ ਦੇ ਆਪਣੇ ਹੱਥ ਵਿਚ ਆਪਣੀ ਕੋਈ ਸਮਰੱਥਾ ਨਹੀਂ। ਸਭ ਕੁਝ ਕਰਨ ਅਤੇ ਕਰਵਾਉਣ ਵਾਲਾ ਉਹ ਪ੍ਰਮਾਤਮਾ ਆਪ ਹੈ। ਅੱਜ ਧੰਨ ਗੁਰੂ ਅਰਜਨ ਸਾਹਿਬ ਨੇ ਪਹਿਲਾ ਬਚਨ ਇਹ ਕੀਤਾ ਹੈ ਕਿ ਇਨਸਾਨ ਜਾਂ ਜੀਵ ਕਈ ਵਾਰੀ ਅਨੇਕਾਂ ਤਰ੍ਹਾਂ ਦੇ ਨਾਚ ਕਰਦਾ ਹੈ।

ਕਬਹੂ ਨਿਰਤਿ ਕਰੈ ਬਹੁ ਭਾਤਿ॥

(ਸੁਖਮਨੀ ਸਾਹਿਬ)

ਕਬਹੂ ਦਾ ਅਰਥ ਹੈ ਕਦੀ। ਨਿਰਤਿ ਦਾ ਅਰਥ ਹੈ ਨੱਚਣਾ। ਬਹੁ ਭਾਤਿ ਦਾ ਭਾਵ ਹੈ ਅਨੇਕਾਂ ਤਰੀਕਿਆਂ ਨਾਲ। ਭਾਵੇਂ ਇਸ ਦੇ ਅਰਥ ਕਰਦਿਆਂ ਇਹ ਵੀ ਕਿਹਾ ਹੈ ਕਿ ਪ੍ਰਮਾਤਮਾ ਅਨੇਕਾਂ ਜੀਵਾਂ ਵਿਚ ਵਰਤਦਾ ਹੋਇਆ ਅਨੇਕਾਂ ਤਰੀਕਿਆਂ ਨਾਲ ਨਾਚ ਕਰ ਰਿਹਾ ਹੈ, ਪਰੰਤੂ ਜੋ ਅਖ਼ੀਰ ਵਾਲੀ ਤੁੱਕ ਹੈ, ਉਹ ਸਪੱਸ਼ਟ ਕਰ ਰਹੀ ਹੈ ਕਿ ਇਹ ਸਾਰੇ ਬਚਨ ਮਨੁੱਖ ਲਈ ਹੀ ਹਨ।

ਹੁਣ ਪਹਿਲੀ ਤੁੱਕ ਕਿ ਪ੍ਰਮਾਤਮਾ ਅਨੇਕਾਂ ਤਰੀਕਿਆਂ ਨਾਲ ਨਾਚ ਕਰ ਰਿਹਾ ਹੈ।

ਜਦੋਂ ਸ਼ਬਦ ਬਹੁ ਭਾਤਿ ਆਇਆ ਤਾਂ ਮਨ ਵਿਚ ਆਇਆ ਕਿ ਗੁਰੂ ਅਰਜਨ ਦੇਵ ਜੀ ਬਹੁਤ ਤਰੀਕਿਆਂ ਨਾਲ ਵਿਚ ਸਾਨੂੰ ਬਹੁਤ ਕੁਝ ਸਿਖਾਉਣਾ ਚਾਹੁੰਦੇ ਹਨ। ਵੈਸੇ ਨੱਚਣ ਦਾ ਅਰਥ ਅਸੀਂ ਜਾਣਦੇ ਹਾਂ ਕਿ ਆਪਣੇ ਸਰੀਰ ਦੇ ਅੰਗਾਂ ਨੂੰ ਕਿਸੇ ਲੈਅ ਵਿਚ, ਕਿਸੇ ਤਾਲ ਵਿਚ, ਕਿਸੇ ਸੰਗੀਤ ਵਿਚ ਇਹਨਾਂ ਸਰੀਰ ਦੇ ਅੰਗਾਂ ਨੂੰ ਹਰਕਤ ਵਿਚ ਲਿਆਉਣਾ ਤੇ ਉਸ ਸਰੀਰ ਦੀ ਲੈ-ਬੱਧ ਹਰਕਤ ਲਈ ਇਹ ਵੀ ਸ਼ਬਦ ਵਰਤਿਆ ਹੈ ਕਿ ਇਹ ਆਦਮੀ ਨੱਚ ਰਿਹਾ ਹੈ। ਇਹ ਵੀ ਬਾਣੀ ਵਿਚ ਆਇਆ ਹੈ ਕਿ ਮਨੁੱਖ ਦਾ ਟਿਕਾਅ ਵਿਚ ਨਾ ਹੋਣਾ, ਇਕ ਜਗ੍ਹਾ 'ਤੇ ਟਿੱਕ ਕੇ ਬੈਠ ਨਾ ਸਕਣਾ ਤੇ ਅਸੀਂ ਸ਼ਬਦ ਕਹਿੰਦੇ ਹਾਂ ਕਿ ਇਹ ਆਦਮੀ ਨੱਚ ਰਿਹਾ ਹੈ। ਪਹਿਲਾ ਬਚਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਭਗਤ ਨਾਮਦੇਵ ਜੀ ਦਾ ਹੈ। ਰਾਗ ਧਨਾਸਰੀ ਹੈ। ਇਹ ਸ਼ਬਦ ਆਰੰਭ ਹੁੰਦਾ ਹੈ :-

ਪਹਿਲ ਪੁਰੀਏ ਪੁੰਡਰਕ ਵੰਨਾ॥
ਤਾ ਚੇ ਹੰਸਾ ਸਗਲੇ ਜਨਾ॥
ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥ ੧॥

ਕਹਿੰਦੇ ਹਨ, ਉਹ ਪਰੀਪੂਰਨ ਪ੍ਰਮਾਤਮਾ ਨੇ ਇਕ ਖੇਡ ਰਚੀ ਹੈ ਅਤੇ ਹਰ ਇਕ ਜੀਵ ਉਸ ਦੀ ਖੇਡ ਵਿਚ ਨੱਚਦਾ ਪਿਆ ਹੈ :-

ਪਹਿਲ ਪੁਰਸਾਬਿਰਾ॥
ਅਥੋਨ ਪੁਰਸਾਦਮਰਾ॥

ਇਸ ਦਾ ਭਾਵ ਹੈ ਕਿ ਪਹਿਲੇ ਪਹਿਲ ਕੇਵਲ ਪ੍ਰਮਾਤਮਾ ਹੀ ਸੀ। ਫਿਰ ਪ੍ਰਮਾਤਮਾ ਨੇ ਮਾਇਆ ਸਿਰਜ ਦਿੱਤੀ।

ਅਸਗਾ ਅਸ ਉਸਗਾ॥
ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ॥ ੧॥ ਰਹਾਉ॥

(ਅੰਗ ੬੯੩)

ਉਸ ਪਰੀਪੂਰਨ ਪ੍ਰਮਾਤਮਾ ਨੇ ਇਹ ਸੋਹਣਾ ਬਾਗ਼ ਬਣਾ ਦਿੱਤਾ ਹੈ। ਜਿਹੜੇ ਜੀਵ ਇਸ ਵਿਚ ਪੈਦਾ ਕੀਤੇ ਹਨ, ਸਾਗਰਾ ਦਾ ਅਰਥ ਹੈ ਪਾਣੀ ਅਤੇ ਪਿੰਧੀ ਦਾ ਅਰਥ ਹੈ ਖੂਹ ਦੀਆਂ ਟਿੰਡਾਂ। ਕਿਉਂਕਿ ਪੁਰਾਤਨ ਸਮੇਂ ਜਦੋਂ ਖੂਹ ਵਿਚੋਂ ਪਾਣੀ ਕੱਢਿਆ ਜਾਂਦਾ ਸੀ ਤਾਂ ਹਮੇਸ਼ਾਂ ਹਲਟ ਜਾਂ ਟਿੰਡਾਂ ਵਾਲਾ ਖੂਹ ਹੋਣਾ ਤੇ ਉਸ ਟਿੰਡਾਂ ਨੇ ਖੂਹ ਵਿਚ ਜਾਣਾ। ਪਾਣੀ ਨਾਲ ਭਰ ਕੇ ਟਿੰਡਾਂ ਬਾਹਰ ਵੱਲ ਆਉਣੀਆਂ ਤੇ ਕਦੀ ਉਹਨਾਂ ਟਿੰਡਾਂ ਵਿਚ ਆਏ ਹੋਏ ਪਾਣੀ ਨੂੰ ਦੇਖੋ, ਉਹ ਉੱਛਲਦਾ ਹੈ। ਖੂਹ ਦੀ ਟਿੰਡ ਵਿਚ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਪਾਣੀ ਨੱਚਦਾ ਪਿਆ ਹੈ। ਹਜ਼ੂਰ ਕਹਿ ਰਹੇ ਹਨ ਕਿ ਐ ਪ੍ਰਮਾਤਮਾ ! ਜਿਵੇਂ ਖੂਹ ਦੀਆਂ ਟਿੰਡਾਂ ਵਿਚ ਪਾਣੀ ਨੱਚਦਾ ਪਿਆ ਹੈ, ਇਸੇ ਤਰ੍ਹਾਂ ਤੇਰੀ ਬਣਾਈ ਹੋਈ ਸ੍ਰਿਸ਼ਟੀ ਵਿਚ ਜੀਵ ਨਾਚ ਪਏ ਕਰਦੇ ਹਨ। ਕੋਣ-

ਕੌਣ ਨੱਚ ਰਿਹਾ ਹੈ ? :-

ਨਾਚੰਤੀ ਗੋਪੀ ਜੰਨਾ॥ (ਅੰਗ ੬੯੩)

ਕੀ ਮਰਦ ਤੇ ਕੀ ਇਸਤਰੀਆਂ, ਹਰ ਇਕ ਕੋਈ ਨਾ ਕੋਈ ਨਾਚ ਪਿਆ ਕਰਦਾ ਹੈ। ਉਸ ਪ੍ਰਮਾਤਮਾ ਤੋਂ ਵੱਖ ਕੁਝ ਵੀ ਨਹੀਂ। ਮਹਾਰਾਜ ਨੇ ਪਹਿਲਾ ਬਚਨ ਕਿਹਾ ਕਿ ਕੁਝ ਲੋਕ ਇਸ ਤਰ੍ਹਾਂ ਨੱਚਦੇ ਹਨ ਜਿਵੇਂ ਬਾਂਦਰ ਨਾਚ ਕਰਦਾ ਹੈ। ਕੁਝ ਲੋਕ ਇਸ ਤਰ੍ਹਾਂ ਨੱਚਦੇ ਹਨ ਜਿਵੇਂ ਉਹਨਾਂ ਦੇ ਅੰਦਰ ਗ਼ੁੱਸੇ ਦੀ ਜਵਾਲਾ ਭੱਟਕਦੀ ਹੈ ਤੇ ਉਦੋਂ ਉਹਨਾਂ ਦੇ ਅੰਦਰ ਟਿਕਾਅ ਨਹੀਂ। ਉਹਨਾਂ ਦੇ ਸਰੀਰ ਦੇ ਰੋਮ-ਰੋਮ ਵਿਚ ਕੰਪਨ ਹੈ। ਹਜ਼ੂਰ ਕਹਿ ਰਹੇ ਹਨ ਕਿ ਜਿਵੇਂ ਇਕ ਬਾਂਦਰ ਟਪੂਸੀਆਂ ਮਾਰਦਾ ਹੈ, ਉਸ ਦੇ ਅੰਦਰ ਟਿਕਾਅ ਨਹੀਂ। ਐ ਪ੍ਰਮਾਤਮਾ ! ਜਦੋਂ ਇਨਸਾਨ ਦੇ ਅੰਦਰ ਕ੍ਰੋਧ ਆਪਣਾ ਪੂਰਾ ਪ੍ਰਭਾਵ ਪਾਉਂਦਾ ਹੈ, ਉਦੋਂ ਆਦਮੀ ਫਿਰ ਬਾਂਦਰ ਦੀ ਤਰ੍ਹਾਂ ਨੱਚਣ ਲੱਗ ਪੈਂਦਾ ਹੈ। ਅਸੀਂ ਗੁਰੂ ਜੀ ਦੀ ਬਾਣੀ ਵਿਚ ਇਕ ਬਚਨ ਪੜ੍ਹਦੇ ਹਾਂ :-

ਹੇ ਕਲਿ ਮੂਲ ਕ੍ਰੋਧੰ

ਕਹਿੰਦੇ ਹਨ ਕਿ ਕਲਾ ਦਾ ਮੂਲ ਹੈ ਕ੍ਰੋਧ ਅਤੇ ਗ਼ੁੱਸਾ।

ਕਦੰਚ ਕਰੁਣਾ ਨ ਉਪਰਜਤੇ॥

ਜਦੋਂ ਬੰਦਾ ਕ੍ਰੋਧ ਵਿਚ ਹੋਵੇ ਉਦੋਂ ਉਸ ਕੋਲੋਂ ਮੇਹਰ ਦੀ ਆਸ ਨਾ ਰੱਖਿਉ। ਕ੍ਰੋਧੀ ਬੰਦਾ ਕਰੁਣਾਮਈ ਨਹੀਂ ਹੋ ਸਕਦਾ।

ਬਿਖਯੰਤ ਜੀਵੰ ਵਸ੍ਯੰ ਕਰੋਤਿ

ਵਿਸ਼ੇ ਵਿਕਾਰਾਂ ਵਿਚ ਫਸੇ ਹੋਏ ਜੀਵਾਂ ਨੇ ਕ੍ਰੋਧ ਨੂੰ ਆਪਣੇ ਵੱਸ ਵਿਚ ਕਰ ਲਿਆ ਹੈ। ਜਦੋਂ ਕ੍ਰੋਧ ਕਿਸੇ ਦੇ ਉੱਪਰ ਆਪਣਾ ਪ੍ਰਭਾਵ ਪਾਉਂਦਾ ਹੈ ਤਾਂ ਹਜ਼ੂਰ ਕਹਿਣ ਲੱਗੇ, ਉਦੋਂ ਇਨਸਾਨ ਨੱਚਦਾ ਹੈ। ਨੱਚਦਾ ਕਿਵੇਂ ਹੈ ? ਗੁਰੂ ਅਰਜਨ ਸਾਹਿਬ ਨੇ ਬਚਨ ਕੀਤਾ :-

ਨਿਰਤੵੰ ਕਰੋਤਿ ਜਥਾ ਮਰਕਟਹ॥

(ਅੰਗ ੧੩੫੮)

ਜਿਵੇਂ ਬਾਂਦਰ ਨੱਚਦਾ ਹੈ, ਇਸੇ ਤਰ੍ਹਾਂ ਕ੍ਰੋਧ ਦੇ ਅਧੀਨ ਹੋਇਆ ਇਨਸਾਨ ਨੱਚੀ ਜਾਂਦਾ ਹੈ। ਹੁਣ ਸੰਸਾਰ ਵਿਚ ਕਿੰਨੇ ਆਦਮੀ ਸਵੇਰ ਤੋਂ ਸ਼ਾਮ ਤੱਕ ਮਿਲਣਗੇ ਜਿਹੜੇ ਗ਼ੁੱਸੇ ਦੀ ਅੱਗ ਵਿਚ ਭਟਕੇ ਹੋਏ ਨੱਚੀ ਜਾ ਰਹੇ ਹਨ। ਕ੍ਰੋਧ ਵਿਚ ਬੰਦਾ ਆਪਣਾ ਆਪ ਭੁੱਲ ਜਾਂਦਾ ਹੈ। ਕ੍ਰੋਧ ਬੰਦੇ ਨੂੰ ਅੰਦਰੋਂ ਇੰਨਾ ਉਤੇਜਿਤ ਕਰਦਾ ਹੈ ਕਿ ਜਿੰਨਾ ਬੰਦਾ ਕ੍ਰੋਧੀ ਹੋਵੇਗਾ, ਓਨਾ ਉਸ ਦਾ ਅੰਦਰ ਦਿਨ ਰਾਤ ਸੜੀ ਜਾਏਗਾ। ਫਿਰ ਆਮ ਤੌਰ 'ਤੇ ਕ੍ਰੋਧੀ ਹੋਇਆ ਇਨਸਾਨ ਕਿਸੇ ਨੂੰ ਆਪਣੀ ਜ਼ਬਾਨ ਦੇ ਨਾਲ ਭੱਦੇ ਸ਼ਬਦ ਬੋਲਦਾ ਹੈ। ਕਿਸੇ ਦੇ ਅੰਦਰ ਨੂੰ ਸਾੜਦਾ ਹੈ। ਇਕ ਮਾਚਿਸ ਦੀ ਤੀਲੀ ਕਿਸੇ ਨੂੰ ਸਾੜਨ ਤੋਂ ਪਹਿਲਾਂ ਆਪਣੇ ਮੂੰਹ ਨੂੰ ਸਾੜਦੀ ਹੈ।

ਜਿੰਨੀ ਦੇਰ ਤੱਕ ਤੀਲੀ ਸੜੇ ਨਾ, ਓਨੀ ਦੇਰ ਤੱਕ ਕਿਸੇ ਹੋਰ ਨੂੰ ਅੱਗ ਨਹੀਂ ਲੱਗਦੀ। ਜਿਵੇਂ ਮਾਚਿਸ ਦੀ ਤੀਲੀ ਪਹਿਲਾਂ ਆਪਣਾ ਆਪ ਸਾੜਦੀ ਹੈ, ਫਿਰ ਦੂਜੇ ਨੂੰ ਅੱਗ ਲਾਉਂਦੀ ਹੈ, ਇਵੇਂ ਹੀ ਕ੍ਰੋਧੀ ਬੰਦਾ ਪਹਿਲਾਂ ਆਪ ਸੜਦਾ ਹੈ ਤੇ ਫਿਰ ਜਿਹੜਾ ਉਸ ਦੇ ਨੇੜੇ ਆਉਂਦਾ ਹੈ, ਉਸ ਨੂੰ ਮਾਚਿਸ ਦੀ ਤੀਲੀ ਦੀ ਤਰ੍ਹਾਂ ਸਾੜਨ ਦਾ ਯਤਨ ਕਰਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦੇ ਅੰਦਰ ਕ੍ਰੋਧ ਨਹੀਂ। ਉਹਨਾਂ ਦੇ ਅੰਦਰ ਗ਼ੁੱਸਾ ਨਹੀਂ। ਪਰਮ ਸ਼ਾਂਤੀ ਹੈ। ਉਹਨਾਂ ਜੋ ਬਾਣੀ ਵਿਚ ਬਚਨ ਕਹੇ ਹਨ ਕਈ ਵਾਰੀ ਮਨ ਵਿਚ ਆਉਂਦਾ ਹੈ ਕਿ ਇਹ ਕੇਵਲ ਖ਼ਿਆਲ ਹਨ ਜਾਂ ਕਿਸੇ ਨੇ ਆਪਣੇ ਅਮਲੀ ਜੀਵਨ ਵਿਚ ਇਸ ਨੂੰ ਕਮਾਇਆ ਵੀ ਹੋਣਾ ਹੈ। ਅਸੀਂ ਬਾਬਾ ਫ਼ਰੀਦ ਸਾਹਿਬ ਜੀ ਦਾ ਬਚਨ ਪੜ੍ਹਦੇ ਹਾਂ :-

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

ਜਿਹੜਾ ਤੇਰਾ ਬੁਰਾ ਕਰ ਰਿਹਾ ਹੈ, ਤੂੰ ਉਸ ਦਾ ਭਲਾ ਕਰ। ਆਪਣੇ ਤਨ ਉੱਤੇ ਗ਼ੁੱਸੇ ਨੂੰ ਨਾ ਹੰਢਾ। ਫਿਰ ਦੋ ਚੀਜ਼ਾਂ ਤੈਨੂੰ ਮਿਲਣਗੀਆਂ। ਪਿਆਰਿਆ ! ਜੇ ਗ਼ੁੱਸਾ ਛੱਡ ਜਾਏਂਗਾ ਤਾਂ ਬੀਮਾਰੀਆਂ ਤੋਂ ਬਚ ਜਾਏਂਗਾ ਤੇ ਜੇ ਗ਼ੁੱਸਾ ਛੱਡ ਜਾਏਂਗਾ ਤਾਂ ਫਿਰ ਸਾਰੇ ਗੁਣ ਤੇਰੇ ਅੰਦਰ ਆ ਜਾਣਗੇ।

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

(ਅੰਗ ੧੩੮੧)

ਕੀ ਜੇਕਰ ਕੋਈ ਬੁਰਾ ਕਰਦਾ ਹੋਵੇ ਤਾਂ ਉਸ ਦਾ ਭਲਾ ਮੰਗਿਆ ਜਾ ਸਕਦਾ ਹੈ ? ਇਥੇ ਤਾਂ ਲੋਕ ਭਲਾ ਕਰਨ ਵਾਲਿਆਂ ਦਾ ਵੀ ਭਲਾ ਨਹੀਂ ਮੰਗਦੇ ਤੇ ਬੁਰਾ ਕਰਨ ਵਾਲੇ ਦਾ ਭਲਾ ਕਿਸ ਨੇ ਮੰਗਣਾ ਹੈ। ਇਥੇ ਤਾਂ ਜਿਹੜੇ ਭਲਾ ਕਰਦੇ ਹਨ, ਲੋਕ ਉਹਨਾਂ ਦੀਆਂ ਵੀ ਜੜ੍ਹਾਂ ਪੁੱਟਣ ਤੁਰ ਪੈਂਦੇ ਹਨ।

ਗੁਰੂ ਤੇਗ਼ ਬਹਾਦਰ ਜੀ ਦੀ ਇਹ ਅਵਸਥਾ ਹੈ। ਬਾਬਾ ਬਕਾਲਾ ਸਾਹਿਬ ਜੀ ਦੀ ਉਹ ਘਟਨਾ ਯਾਦ ਕਰੋ, ਜਦੋਂ ਸਾਰੀਆਂ ਸੰਗਤਾਂ ਤੋਂ ਪਤਾ ਲੱਗ ਗਿਆ ਕਿ ਗੁਰੂ ਤੇਗ਼ ਬਹਾਦਰ ਜੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦੇ ਵਾਰਿਸ ਹਨ। ਬੰਗਲਾ ਸਾਹਿਬ ਤੋਂ ਬਾਲਾ ਪ੍ਰੀਤਮ ਨੇ ਇਕ ਆਵਾਜ਼ ਦਿੱਤੀ ਸੀ ਕਿ :-

ਬਾਬਾ ਬਸੇ ਗ੍ਰਾਮ ਬਕਾਲੇ॥

ਧੰਨ ਗੁਰੂ ਤੇਗ਼ ਬਹਾਦਰ ਜੀ ਲਈ ਇਸ਼ਾਰਾ ਸੀ ਕਿ ਸਾਡੇ ਬਾਬਾ ਜੀ ਬਕਾਲਾ ਸਾਹਿਬ ਰਹਿੰਦੇ ਹਨ।

ਬਨ ਗੁਰ ਸੰਗਤ ਸਕਲ ਸੰਭਾਲੇ॥

ਆਪ ਗੁਰੂ ਬਣ ਕੇ ਸੰਗਤ ਦੀ ਸੰਭਾਲ ਕਰਨਗੇ। ਗੁਰੂ ਤੇਗ਼ ਬਹਾਦਰ ਜੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਬਾਬਾ ਜੀ ਲੱਗਦੇ ਸਨ। ਹੁਣ ਜਦੋਂ ਹਜ਼ੂਰ ਪ੍ਰਗਟ ਹੋ ਗਏ ਤਾਂ

ਉਸ ਵੇਲੇ ਹੋਇਆ ਕੀ ? ਸਿੱਖਾਂ ਨੇ ਭੇਟਾਵਾਂ ਰੱਖੀਆਂ। ਮੱਖਣ ਸ਼ਾਹ ਨੇ ਵੀ ਗੁਰੂ ਦੇ ਚਰਨਾਂ ਵਿਚ ਆਪਣੇ ਆਪ ਨੂੰ ਭੇਟ ਕੀਤਾ, ਪਰ ਸ਼ਾਮ ਦੇ ਵੇਲੇ ਮੱਖਣ ਸ਼ਾਹ ਜਦੋਂ ਆਪਣੇ ਟਿਕਾਣੇ ਚਲਾ ਗਿਆ ਤਾਂ ਸੱਚੀ ਸਰਕਾਰ ਦੇ ਉੱਪਰ ਗੋਲੀ ਚਲਾ ਦਿੱਤੀ ਗਈ। ਚਲਵਾਈ ਧੀਰਮੱਲ ਨੇ ਅਤੇ ਚਲਾਈ ਸ਼ੀਹੇ ਮਸੰਦ ਨੇ। ਜਦੋਂ ਗੋਲੀ ਗੁਰੂ ਜੀ ਨੂੰ ਸਪਰਸ਼ ਕੀਤੀ ਤਾਂ ਗੁਰੂ ਤੇਗ਼ ਬਹਾਦਰ ਜੀ ਦੀ ਰਸਨਾ ਤੋਂ ਬੋਲ ਨਿਕਲੇ :-

ਭਲੇ ਧੀਰ ਮਲ ਭਲੇ ਜੀ॥

ਇਹ ਹੈ ਜੀਵਨ। ਧੀਰਮੱਲ ਪ੍ਰਮਾਤਮਾ ਤੇਰਾ ਭਲਾ ਕਰੇ। ਫਿਰ ਬਚਨ ਕੀਤਾ— ਧੀਰ ਮੱਲ ! ਪ੍ਰਮਾਤਮਾ ਤੇਰਾ ਭਲਾ ਕਰੇ ਤੇ ਇੰਨਾ ਭਲਾ ਕਰੇ ਕਿ ਤੇਰੇ ਅੰਦਰ ਬੱਲਦੀ ਹੋਈ ਅੱਗ ਨੂੰ ਸਦਾ ਲਈ ਸ਼ਾਂਤ ਕਰ ਦੇਵੇ।

ਭਲੇ ਧੀਰ ਮਲ ਭਲੇ ਜੀ॥
ਭਲੇ ਧੀਰ ਮਲ ਧੀਰ॥
ਬਹੁ ਬਾਰ ਸਤਿਗਰ ਕਹਿਉ
ਸ੍ਰੀ ਬਨ ਗੁਣੀ ਗਹੀਰ॥

ਗੁਰੂ ਤੇਗ਼ ਬਹਾਦਰ ਜੀ ਨੇ ਕਈ ਵਾਰ ਕਿਹਾ ਕਿ ਧੀਰਮੱਲ, ਪ੍ਰਮਾਤਮਾ ਤੇਰਾ ਭਲਾ ਕਰੇ। ਦੇਖੋ ਬੰਦਾ ਕ੍ਰੋਧ ਵਿਚ ਵੀ ਨੱਚਦਾ ਹੈ। ਇਕ ਹੋਰ ਤਰੀਕਾ ਹੈ ਬੰਦੇ ਦੇ ਨੱਚਣ ਦਾ। ਕ੍ਰੋਧੀ ਵੀ ਨੱਚਦਾ ਹੈ ਤੇ ਲਾਲਚੀ ਵੀ ਨੱਚਦਾ ਹੈ। ਹੈਰਾਨਗੀ ਦੀ ਗੱਲ ਹੈ ਕਿ ਬਾਣੀ ਵਿਚ ਕ੍ਰੋਧੀ ਲਈ ਵੀ ਉਦਾਹਰਨ ਬਾਂਦਰ ਦੀ ਦਿੱਤੀ ਹੈ ਤੇ ਲਾਲਚੀ ਲਈ ਵੀ ਪ੍ਰਮਾਣ ਬਾਂਦਰ ਦਾ ਦਿੱਤਾ ਹੈ। ਕ੍ਰੋਧੀ ਲਈ ਕਿਹਾ :-

ਬਿਖਯੰਤ ਜੀਵੰ ਵਸ੍ਹੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ॥

(ਅੰਗ ੧੩੫੮)

ਲਾਲਚੀ ਬੰਦੇ ਲਈ ਕਿਹਾ ਹੈ :-

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥

ਬਾਂਦਰ ਨੇ ਚਣਿਆਂ ਦੀ ਮੁੱਠੀ ਤਾਂ ਭਰ ਲਈ ਬਰਤਨ ਵਿਚੋਂ, ਪਰ ਹੁਣ ਉਸ ਦੀ ਮੁੱਠੀ ਬਾਹਰ ਨਹੀਂ ਨਿਕਲਦੀ ਤੇ ਹੁਣ ਉਹ ਨੱਚਣਾ ਸ਼ੁਰੂ ਹੋ ਗਿਆ। ਨੱਚਦਾ ਕਿਵੇਂ ਹੈ ? ਕਹਿਣ ਲੱਗੇ :-

ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥

(ਅੰਗ ੩੩੬)

ਕਹਿਣ ਲੱਗੇ, ਇਹ ਬਾਂਦਰ ਚਣਿਆਂ ਦੀ ਮੁੱਠੀ ਦੀ ਖ਼ਾਤਰ ਘਰ-ਘਰ ਵਿਚ ਜਾ ਕੇ

ਨਾਚ ਪਿਆ ਕਰਦਾ ਹੈ। ਪਿਆਰਿਓ ! ਕ੍ਰੋਧ ਵਿਚ ਵੀ ਬੰਦਾ ਨੱਚਦਾ ਹੈ ਤੇ ਲਾਲਚੀ ਬੰਦਾ ਵੀ ਨੱਚਦਾ ਹੈ। ਬਾਣੀ ਵਿਚ ਗੁਰੂ ਜੀ ਨੇ ਕਿਹਾ ਹੈ ਕਿ ਕਈ ਵਾਰੀ ਖ਼ੁਸ਼ਾਮਦ ਕਰਨ ਵਾਲਾ ਵੀ ਬੰਦਾ ਨੱਚਦਾ ਹੈ। ਜਦੋਂ ਕਿਸੇ ਦੀ ਖ਼ੁਸ਼ਾਮਦ ਕਰਦਾ ਹੈ ਤਾਂ ਉਸ ਦੇ ਚਾਰ ਚੁਫੇਰੇ ਨੱਚਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਜੀ ਨੇ ਜਿਹੜੇ ਧਨ ਦੇ ਲਾਲਚ ਨੂੰ ਮੁੱਖ ਰੱਖ ਕੇ ਖ਼ੁਸ਼ਾਮਦੀ ਲੋਕ ਨੱਚਦੇ ਦੇਖੇ, ਉਹਨਾਂ ਲਈ ਬਾਣੀ ਵਿਚ ਕਿਹਾ :-

ਵਾਇਨਿ ਚੇਲੇ ਨਚਨਿ ਗੁਰ॥

(ਅੰਗ ੨੬੫)

ਖ਼ੁਸ਼ਾਮਦੀ ਗੁਰੂ ਨੱਚੀ ਜਾ ਰਹੇ ਹਨ।

ਪੈਰ ਹਲਾਇਨਿ ਫੇਰਨਿ੍ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥

(ਅੰਗ ੪੬੫)

ਹਜ਼ੂਰ ਨੇ ਬਾਣੀ ਵਿਚ ਕਿਹਾ ਹੈ ਕਿ ਕਈ ਗੁਰੂ ਬਣ ਕੇ ਚੇਲੇ ਦੀਆਂ ਖ਼ੁਸ਼ਾਮਦਾਂ ਕਰਕੇ ਨੱਚੀ ਜਾ ਰਹੇ ਹਨ। ਹਜ਼ੂਰ ਨੇ ਪਹਿਲਾ ਬਚਨ ਕਿਹਾ :-

ਕਬਹੂ ਨਿਰਤਿ ਕਰੈ ਬਹੁ ਭਾਤਿ॥

ਅਗਲਾ ਬਚਨ ਹੈ :-

ਕਬਹੂ ਸੋਇ ਰਹੈ ਦਿਨ ਰਾਤਿ॥

(ਸੁਖਮਨੀ ਸਾਹਿਬ)

ਦਿਨ ਰਾਤ ਆਦਮੀ ਸੁੱਤਾ ਰਹਿੰਦਾ ਹੈ। ਹੁਣ ਜਾਗਣਾ ਤੇ ਸੌਣਾ ਵੀ ਕਈ ਤਰ੍ਹਾਂ ਦਾ ਹੈ। ਜੇ ਅਸੀਂ ਸੰਸਾਰਕ ਤੌਰ 'ਤੇ ਦੇਖਦੇ ਹਾਂ ਤਾਂ ਸੌਣਾ ਉਸ ਨੂੰ ਕਹਿੰਦੇ ਹਨ ਜਦੋਂ ਇਨਸਾਨ ਸਾਰੇ ਦਿਨ ਦਾ ਥੱਕਾ-ਟੁੱਟਾ ਆਉਂਦਾ ਹੈ ਤੇ ਆਪਣੇ ਤਨ ਨੂੰ ਵਿਸ਼ਰਾਮ ਵਿਚ ਲੈ ਜਾਂਦਾ ਹੈ। ਸੁਆਸ ਚੱਲਦੇ ਹਨ, ਦਿਲ ਦੀ ਧੜਕਣ ਕਾਇਮ ਹੈ, ਖ਼ੂਨ ਦਾ ਸਰਕਲ ਬਿਲਕੁਲ ਕਾਇਮ ਹੈ ਤੇ ਬੇਹੋਸ਼ੀ ਦੀ ਹਾਲਤ ਵਿਚ ਆਪਣੇ ਬਿਸਤਰੇ 'ਤੇ ਲੇਟਿਆ ਹੋਇਆ ਹੈ। ਗੁਰਮੁਖੋ ! ਇਕ ਸੌਣਾ ਅਜਿਹਾ ਹੈ ਕਿ ਆਦਮੀ ਦਿਨ ਰਾਤ ਸੁੱਤਾ ਰਹਿੰਦਾ ਹੈ, ਪਰ ਕਰੋੜਾਂ ਵਿਚੋਂ ਇਕ ਅੱਧਾ ਹੀ ਹੈ ਜਿਹੜਾ ਹਰ ਸਮੇਂ ਜਾਗਦਾ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਜਦੋਂ ਸੌਣ ਦੀ ਗੱਲ ਕੀਤੀ ਤਾਂ ਕਿਹਾ :-

ਜਾਗਤ ਸੋਵਤ ਬਹੁ ਪ੍ਰਕਾਰ॥
ਗੁਰਮੁਖਿ ਜਾਗੈ ਸੋਈ ਸਾਰੁ॥

(ਅੰਗ ੧੧੯੪)

ਜਾਗਣਾ ਤੇ ਸੌਣਾ ਅਨੇਕਾਂ ਤਰ੍ਹਾਂ ਦਾ ਹੈ। ਮਹਾਰਾਜ ਨੇ ਪਹਿਲਾਂ ਸੌਣ ਦੀ ਗੱਲ ਕੀਤੀ ਅਤੇ ਕਿਹਾ :-

ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥

ਐ ਇਨਸਾਨ ! ਤੂੰ ਕਿਉਂ ਸੁੱਤਾ ਪਿਆ ਹੈਂ ?

ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ॥

(ਅੰਗ ੧੩੭੧)

ਭਲਿਆ, ਜਿਨ੍ਹਾਂ ਦਾ ਨਿਵਾਸ ਕਬਰ ਵਿਚ ਹੋਵੇ, ਉਹ ਬੰਦੇ ਕਿਵੇਂ ਸੌਣਗੇ ? ਸਾਹਿਬ ਕਹਿਣ ਲੱਗੇ, ਤੂੰ ਦੁਨੀਆਂ ਲਈ ਤਾਂ ਬਹੁਤ ਰੋਇਆ ਹੈਂ ਪਰ ਕਦੀ ਪ੍ਰਮਾਤਮਾ ਲਈ ਵੀ ਰੋ, ਜਿਸ ਤੋਂ ਤੂੰ ਕਰੋੜਾਂ ਜਨਮਾਂ ਦਾ ਵਿਛੜਿਆ ਹੋਇਆ ਹੈਂ। ਅਗਲਾ ਬਚਨ :-

ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥
ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥

(ਅੰਗ ੧੩੭੧)

ਗੋਡੇ ਪਸਾਰਨ ਤੋਂ ਪਹਿਲਾਂ ਉਸ ਪ੍ਰਮਾਤਮਾ ਨੂੰ ਯਾਦ ਕਰ, ਜਿਸ ਨੇ ਤੈਨੂੰ ਪੈਦਾ ਕੀਤਾ ਹੈ। ਤੀਸਰਾ ਬਚਨ :-

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥

(ਅੰਗ ੧੩੭੧)

ਇਸ ਦਾ ਮਤਲਬ ਇਹ ਹੈ ਕਿ ਸਰੀਰਕ ਤੌਰ 'ਤੇ ਸਾਵਧਾਨ ਹੋ ਕੇ ਬੈਠ। ਗੁਰਮੁਖੋ ! ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ। ਇਕ ਸਰੀਰ ਦੀ ਨੀਂਦ ਹੈ ਅਤੇ ਇਕ ਇੰਦਰਿਆਂ ਦੀ ਨੀਂਦ ਹੈ। ਇਕ ਮਨ ਦੀ ਨੀਂਦ ਹੈ ਅਤੇ ਇਕ ਸ਼ੁਭ ਕਰਮਾਂ ਦੀ ਬੰਦੇ ਨੂੰ ਨੀਂਦ ਆ ਗਈ। ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਸੱਦੇ ਦੇ ਕੇ ਜਗਾਉਂਦਾ ਹੈ। ਉਸ ਦੇ ਸੱਦੇ ਤੋਂ ਬਿਨਾਂ ਕੋਈ ਵੀ ਜਾਗ ਨਹੀਂ ਸਕਦਾ। ਅਸੀਂ ਬਾਣੀ ਵਿਚ ਬਚਨ ਪੜ੍ਹਦੇ ਹਾਂ :-

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥

ਇਥੇ ਭਾਉ ਦਾ ਅਰਥ ਹੈ ਹਿੱਸਾ। ਬਾਬਾ ਨਾਮਦੇਵ ਜੀ ਕਹਿੰਦੇ ਹਨ ਕਿ ਰਾਤ ਨੂੰ ਨਾਮ ਦੀ ਕਸਤੂਰੀ ਵੰਡੀ ਜਾਣੀ ਹੈ। ਜੇ ਸੁੱਤੇ ਰਹੇ ਤਾਂ ਉਹਨਾਂ ਨੂੰ ਹਿੱਸਾ ਕਿਵੇਂ ਮਿਲੇਗਾ।

ਜਿੰਨ੍ਾ ਨੈਣ ਨੀਦ੍ਰਾਵਲੇ ਤਿੰਨ੍ਾ ਮਿਲਣੁ ਕੁਆਉ॥

(ਅੰਗ ੧੩੮੨)

ਜਿਨ੍ਹਾਂ ਲੋਕਾਂ ਨੂੰ ਨੀਂਦ ਆ ਗਈ ਤਾਂ ਪਿਆਰਿਉ ! ਸੁੱਤੇ ਹੋਏ ਬੰਦਿਆਂ ਨੂੰ ਕਦੋਂ ਉਹ ਹਿੱਸਾ ਮਿਲੇਗਾ। ਪਰ ਜਾਗਦੇ ਕੌਣ ਹਨ ? ਸਰੀਰਕ ਤੌਰ 'ਤੇ ਵੀ ਪ੍ਰਭਾਤ ਵੇਲੇ ਉਹ ਹੀ ਜਾਗਦੇ ਹਨ, ਜਿਨ੍ਹਾਂ ਨੂੰ ਪ੍ਰਮਾਤਮਾ ਦੇ ਘਰ ਵਿਚੋਂ ਸੱਦੜੇ ਆਉਂਦੇ ਹਨ। ਭਾਵੇਂ ਕੋਈ ਅੰਮ੍ਰਿਤ ਵੇਲੇ ਦਾ ਨੇਮ ਕਰਦਾ ਹੈ ਪਰ ਉਹ ਇਕ ਗੱਲ ਯਾਦ ਰੱਖੇ ਕਿ ਪ੍ਰਮਾਤਮਾ ਦੇ ਸੱਦੇ ਤੋਂ ਬਿਨਾਂ ਕਦੀ ਕੋਈ ਜਾਗਦਾ ਨਹੀਂ। ਜਿਸ ਦਿਨ ਪ੍ਰਮਾਤਮਾ ਦੇ ਸੱਦੜੇ 'ਤੇ ਜਾਗ ਕੇ ਕੋਈ ਬੰਦਗੀ ਕਰਨ ਲੱਗ ਪਵੇ ਤਾਂ ਦੁਨੀਆਂ ਦੀ ਹਰ ਤਾਕਤ ਉਸ ਦੇ ਚਰਨਾਂ ਸਾਹਮਣੇ ਆ ਕੇ ਝੁੱਕ ਜਾਂਦੀ ਹੈ, ਕਿਉਂਕਿ ਅੰਮ੍ਰਿਤ ਵੇਲੇ ਦਾ ਜਾਗਣਾ ਤੇ ਭਗਤੀ ਦਾ ਬੀਜ ਬੀਜਣਾ ਕਿਸੇ ਵਿਰਲੇ ਦੇ ਹਿੱਸੇ ਆਉਂਦਾ ਹੈ। ਦੇਖੋ, 'ਸੰਤ' ਸ਼ਬਦ ਵੀ ਆਉਂਦਾ ਹੈ। ਹਰ ਬੰਦੇ ਦੀ ਆਪੋ ਆਪਣੀ ਸੋਚ ਹੈ। ਹਰ ਇਕ ਨੇ ਆਪਣੇ ਢੰਗ ਨਾਲ ਹੀ ਦੁਨੀਆਂ ਨੂੰ ਦੇਖਣਾ ਹੈ। ਕਈਆਂ ਦਾ ਸੁਭਾਅ ਹੁੰਦਾ ਹੈ ਕਿ ਹਰ ਗੱਲ ਨੂੰ ਨੈਗੇਟਿਵ ਲੈ ਕੇ ਜਾਣਾ। ਜਿਹੜਾ ਬੰਦਾ ਹਰ ਗੱਲ ਨੂੰ ਨੈਗੇਟਿਵ ਲਏਗਾ, ਉਹ ਬੰਦਾ ਖ਼ੁਦ ਵੀ ਨੈਗੇਟਿਵ ਹੋ ਜਾਏਗਾ। ਜੇ ਹਰ ਗੱਲ ਨੂੰ ਅਸੀਂ ਉਸਾਰੂ ਪੱਖ ਵੱਲ ਲੈ ਕੇ ਚੱਲਾਂਗੇ ਤਾਂ ਫਿਰ ਪੋਜ਼ੇਟਿਵ ਸੋਚਣ ਵਾਲੇ ਵਿਚ ਪ੍ਰਮਾਤਮਾ ਗੁਣ ਪੈਦਾ ਕਰ ਦਿੰਦਾ ਹੈ। ਗੁਰੂ ਜੀ ਨੇ ਬਾਣੀ ਵਿਚ ਕਿਹਾ ਹੈ :-

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥

(ਅੰਗ ੯੮੯)

ਹਰ ਇਨਸਾਨ ਦਾ ਆਪੋ ਆਪਣਾ ਢੰਗ ਹੈ ਅਤੇ ਹਰ ਬੰਦੇ ਦਾ ਢੰਗ ਉਸ ਦੀ ਮਾਨਸਿਕ ਅਵਸਥਾ ਅਨੁਸਾਰ ਹੈ। ਆਮ ਤੌਰ 'ਤੇ ਕਿਸੇ ਟਿਕੇ ਹੋਏ ਬੰਦੇ ਦੇ ਕੋਲ ਦੋ ਘੜੀਆਂ ਬੈਠੋ ਤਾਂ ਅਸੀਂ ਕਹਿੰਦੇ ਹਾਂ ਕਿ ਭਾਵੇਂ ਇਹ ਬੋਲਿਆ ਨਹੀਂ ਪਰ ਇਸ ਦੇ ਕੋਲ ਬੈਠਣਾ ਮੈਨੂੰ ਬਹੁਤ ਚੰਗਾ ਲੱਗਿਆ ਹੈ। ਉਸ ਦੇ ਕੱਪੜਿਆਂ ਕਰਕੇ, ਉਸ ਦੀ ਚਮੜੀ ਕਰਕੇ ਨਹੀਂ, ਸਗੋਂ ਉਸ ਦੇ ਸਰੀਰ ਵਿਚੋਂ ਨਿਕਲ ਰਹੀਆਂ ਪੋਜ਼ੇਟਿਵ ਤਰੰਗਾਂ ਨੇ ਸਾਡੇ ਇਸ ਖਿੰਡੇ ਹੋਏ ਮਨ ਨੂੰ ਟਿਕਾਅ ਦਿੱਤਾ ਹੈ। ਜੇ ਰਾਤ ਨੂੰ ਪ੍ਰਮਾਤਮਾ ਦਇਆ ਕਰੇ ਕਿ ਉਸ ਦਾ ਖ਼ਿਆਲ ਇਹ ਬਣ ਜਾਵੇ ਕਿ ਸਤਿਗੁਰੂ ! ਕ੍ਰਿਪਾ ਕਰੀਂ, ਇਸ ਸਮੇਂ ਤੂੰ ਮੈਨੂੰ ਉੱਠਣ ਦੀ ਸਮਰੱਥਾ ਦੇਵੀਂ। ਅਸਲੀਅਤ ਵਿਚ ਗੁਰਮੁਖੋ ! ਉਸ ਨੂੰ ਕੋਈ ਅਲਾਰਮ ਤੇ ਕਿਸੇ ਨੂੰ ਜਗਾਉਣ ਲਈ ਕਹਿਣ ਦੀ ਜ਼ਰੂਰਤ ਹੀ ਨਹੀਂ, ਉਸ ਦਾ ਬਦਨ ਪਹਿਲਾਂ ਹੀ ਜਾਗਣ ਲਈ ਪੋਜ਼ੇਟਿਵ ਹੈ। ਪ੍ਰਮਾਤਮਾ ਖ਼ੁੱਦ ਉਸ ਉੱਤੇ ਕ੍ਰਿਪਾ ਕਰਕੇ ਉਸ ਨੂੰ ਜਗਾ ਦਿੰਦਾ ਹੈ। ਦੂਜੀ ਬੇਨਤੀ, ਸਦੜੇ ਦੇ ਅਰਥ ਕੀ ਹਨ ? ਬਾਣੀ ਵਿਚ ਸੱਦੜੇ ਦਾ ਅਰਥ ਮੌਤ ਵੀ ਆਇਆ ਹੈ :-

ਸਦੜੇ ਨਿਤ ਪਵੰਨਿ॥

(ਕੀਰਤਨ ਸੋਹਿਲਾ)

ਪਰ ਇਥੇ ਸਦੜੇ ਦਾ ਅਰਥ ਮੌਤ ਨਹੀਂ। ਪੁਰਾਤਨ ਸਮੇਂ ਜਦੋਂ ਕਿਸੇ ਦੇ ਘਰ ਵਿਚ ਬੱਚੇ ਦਾ ਵਿਆਹ ਹੋਣਾ ਤਾਂ ਇਕ ਸਮਾਜਿਕ ਜਿਹੀ ਰੀਤ ਸੀ ਕਿ ਆਪਣੇ ਨਜ਼ਦੀਕੀ ਜਿਹੜੇ ਲੋਕ ਹਨ, ਉਹਨਾਂ ਦੀਆਂ ਬੀਬੀਆਂ ਨੂੰ ਸੱਦੇ ਭੇਜਣੇ ਰਾਤ ਨੂੰ ਗਾਉਣ ਲਈ। ਮੁਹੱਲੇ ਦੀਆਂ ਬੀਬੀਆਂ ਨੇ ਰਾਤ ਨੂੰ ਇਕੱਠੇ ਹੋ ਕੇ ਗਾਉਣ ਲਈ ਆਉਣਾ। ਰਾਤ ਨੂੰ ਨੱਚਣਾ ਉਸ ਘਰ ਵਿਚ। ਪਰ ਇਕ ਬੀਬੀ ਦੀ ਦੀਵਾਰ ਬਿਲਕੁਲ ਸਾਂਝੀ ਹੈ, ਪਰ ਉਹ ਨੱਚਣ ਨਹੀਂ ਆਈ। ਸਵੇਰੇ ਦਿਨ ਚੜ੍ਹਿਆ ਤਾਂ ਮੁਹੱਲੇ ਦੀਆਂ ਔਰਤਾਂ ਨੇ ਪੁੱਛ ਲਿਆ ਕਿ ਸਾਰੀਆਂ ਬੀਬੀਆਂ ਰਾਤ ਗਾਉਣ ਲਈ ਆਈਆਂ ਸਨ ਪਰ ਤੂੰ ਕਿਉਂ ਨਹੀਂ ਆਈ ? ਕਹਿਣ ਲੱਗੀ ਕਿ ਬਿਨਾਂ ਸੱਦੇ ਤੋਂ ਕੌਣ ਨੱਚਣ ਆਉਂਦਾ ਹੈ ? ਤੁਹਾਡੇ ਘਰ ਸੱਦੇ ਗਏ ਤੇ ਤੁਸੀਂ ਦੂਰੋਂ ਵੀ ਚੱਲ ਕੇ ਆ ਗਈਆਂ, ਪਰ ਮੈਂ ਨੇੜੇ ਰਹਿ ਕੇ ਕੀ ਕਰਾਂ ਜੇ ਮੇਰੇ ਘਰ ਗਾਣ ਦਾ ਸੱਦਾ ਹੀ ਨਹੀਂ ਭੇਜਿਆ। ਪਿਆਰਿਉ ! ਇਸੇ ਤਰ੍ਹਾਂ ਕੁਝ ਲੋਕ ਅਜਿਹੇ ਹਨ ਜਿਹੜੇ ਧਰਮ ਦੀ ਚਾਰ ਦੀਵਾਰੀ ਦੇ ਨੇੜੇ ਰਹਿੰਦੇ ਹਨ ਪਰ ਜੇਕਰ ਸੱਦੜਾ ਨਾ ਆਏ ਤਾਂ ਉਹ ਪ੍ਰਭਾਤ ਵੇਲੇ ਘੁਰਾੜੇ ਮਾਰਦੇ ਹੋਣਗੇ। ਕਈ ਅਜਿਹੇ ਹਨ, ਜਿਨ੍ਹਾਂ ਨੂੰ ਕਈ ਮੀਲਾਂ ਤੋਂ ਸੱਦੜੇ ਦੇ ਕੇ ਰੱਬ ਆਪਣੇ ਕੋਲ ਬੁਲਾ ਲੈਂਦਾ ਹੈ। ਜਿਹੜਾ ਦਿਨ ਰਾਤ ਸੁੱਤਾ ਰਹੇ, ਤਾਂ ਉਹ ਜਾਂ ਤਾਂ ਬੇਹੋਸ਼ੀ ਵਿਚ ਹੋਵੇਗਾ ਜਾਂ ਫਿਰ ਬੰਦੇ ਦੇ ਪ੍ਰਾਣ ਨਿਕਲ ਗਏ ਹੋਣਗੇ ਜਿਹੜਾ ਹਿੱਲਦਾ ਜੁੱਲਦਾ ਨਹੀਂ। ਉਹ ਕਿਹੜੀ ਨੀਂਦ ਹੈ ਜਿਸ ਦੇ ਵਿਚ ਬੰਦਾ ਦਿਨ ਰਾਤ ਸੁੱਤਾ ਰਹਿੰਦਾ ਹੈ ? ਪਿਆਰਿਉ ! ਉਸ ਦੇ ਵਿਚ ਸਰੀਰ ਜਾਗਦਾ ਹੈ, ਪਰ ਇੰਦਰੇ ਸੁੱਤੇ ਰਹਿੰਦੇ ਹਨ। ਦਿਨੇ ਵੀ ਸੁੱਤੇ ਤੇ ਰਾਤ ਵੀ ਸੁੱਤੇ :-

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥

ਅੱਖਾਂ ਵਿਚ ਇਕ ਨੀਂਦ ਆ ਗਈ। ਕਾਹਦੀ ? ਪਰਾਇਆ ਤਨ ਦੇਖਣ ਦੀ। ਹਜ਼ੂਰ ਕਹਿੰਦੇ ਹਨ ਕਿ ਮੰਦੀ ਦ੍ਰਿਸ਼ਟੀ ਨਾਲ ਪਰਾਏ ਤਨ ਨੂੰ ਦੇਖਣਾ ਇਹ ਅੱਖਾਂ ਦੀ ਨੀਂਦ ਹੈ।

ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥

(ਅੰਗ ੧੮੨)

ਜਦੋਂ ਕੰਨ ਦੁਨੀਆਂ ਦੀ ਕੇਵਲ ਨਿੰਦਿਆ ਸੁਣਦੇ ਹਨ, ਉਦੋਂ ਧੰਨ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਕੰਨ ਵੀ ਸੌਂ ਗਏ :-

ਰਸਨਾ ਸੋਈ ਲੋਭਿ ਮੀਠੈ ਸਾਦਿ॥

ਜ਼ਬਾਨ ਵੀ ਸੌਂ ਗਈ ਲਾਲਚ ਵਿਚ।

ਮਨੁ ਸੋਇਆ ਮਾਇਆ ਬਿਸਮਾਦਿ॥ ੧॥

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥

ਸਾਬਤੁ ਵਸਤੁ ਓਹੁ ਅਪਨੀ ਲਹੈ॥੧॥ ਰਹਾਉ॥

(ਅੰਗ ੧੯੨)

ਉਸ ਸੁੱਤੇ ਨੂੰ ਜਗਾਉਣ ਲਈ ਗੁਰੂ ਜੀ ਨੇ ਸ਼ਬਦ ਦੀ ਦਾਤ ਦਿੱਤੀ। ਗੁਰੂ ਤੇਗ਼ ਬਹਾਦਰ ਜੀ ਸਾਨੂੰ ਕਹਿ ਰਹੇ ਹਨ ਕਿ ਆਪਣੇ ਮਨ ਨੂੰ ਰੋਜ਼ ਸਮਝਾਈਂ ਕਿ ਕਿਵੇਂ ਸੁੱਤਾ ਹੋਇਆ ਜਾਗੇ? ਸਾਹਿਬ ਨੇ ਕਿਹਾ :-

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥

(ਅੰਗ ੭੨੬)

ਐ ਮਨਾ ! ਤੂੰ ਜਾਗ। ਪਰ ਜਾਗੇਗਾ ਕਿਵੇਂ ? ਗੁਰਮੁਖ ਪਿਆਰੇ ਭਾਈ ਵੀਰ ਸਿੰਘ ਤੇ ਉਹਨਾਂ ਦੇ ਛੋਟੇ ਭਰਾਤਾ ਭਾਈ ਬਲਬੀਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰੁਕਤ ਸ਼ੁਰੂ ਕੀਤਾ ਸੀ, ਪਰ ਮੁਕੰਮਲ ਨਹੀਂ ਕਰ ਸਕੇ ਅਤੇ ਸੱਦਾ ਆ ਗਿਆ। ਇਕ ਪੁਸਤਕ ਹੈ ਲੰਮੀ ਨਦਰ। ਉਸ ਦੀ ਸ਼ੁਰੂਆਤ ਵਿਚ ਪਹਿਲਾ ਚੈਪਟਰ ਹੈ ਰਬਾਬ। ਉਸ ਚੈਪਟਰ ਦੀ ਸ਼ੁਰੂਆਤ ਉਹਨਾਂ ਨੇ ਇਕ ਸਾਖੀ ਤੋਂ ਕੀਤੀ ਹੈ। ਉਹ ਲਿਖਦੇ ਹਨ ਕਿ ਅੱਜ ਤੋਂ ਲਗਭਗ ਇਕ ਹਜ਼ਾਰ ਸਾਲ ਪਹਿਲਾਂ ਬੁਖ਼ਾਰੇ ਦੀ ਧਰਤੀ 'ਤੇ ਇਕ ਵਿਦਵਾਨ, ਇਕ ਵਜੰਤਰੀ, ਅਬੂ ਨਾਸਰ ਨਾਮ ਦਾ ਆਦਮੀ ਸੀ ਤੇ ਉਸ ਨੂੰ ਲੋਕ ਅਕਸਰ ਹਕੀਮ ਫਰਾਬੀ ਕਹਿੰਦੇ ਸਨ। ਉਸ ਨੂੰ ਜਿੰਨੇ ਕੁ ਪੈਸੇ ਮਿਲਦੇ ਸਨ, ਉਸ ਦੇ ਵਿਚੋਂ ਆਪਣੇ ਤਨ ਮਾਤਰ ਉਹ ਲਈ ਰੱਖਦੇ ਸਨ ਤੇ ਬਾਕੀ ਲੋੜਵੰਦਾਂ ਵਿਚ ਵੰਡ ਦਿੰਦੇ ਸਨ। ਉਹ ਸਾਜ਼ ਬੜਾ ਸੋਹਣਾ ਵਜਾਉਂਦੇ ਸਨ। ਉਹ ਗਾਉਂਦੇ ਵੀ ਬੜਾ ਸੋਹਣਾ ਸਨ। ਉਹ ਕਈ ਵਿੱਦਿਆ ਦੇ ਜਾਣਕਾਰ ਸਨ, ਪਰ ਹਮੇਸ਼ਾ ਅਮੀਰ ਬੰਦਿਆਂ ਦੇ ਘਰ ਜਾਣ ਤੋਂ ਗੁਰੇਜ਼ ਕਰਦੇ ਸਨ। ਇਕ ਅਮੀਰ ਆਦਮੀ ਨੇ ਕਈ ਵਾਰੀ ਯਤਨ ਕੀਤਾ ਕਿ ਮੈਂ ਇਹਨਾਂ ਨੂੰ ਆਪਣੇ ਘਰ ਲਿਆਵਾਂ, ਮੈਂ ਇਹਨਾਂ ਨਾਲ ਆਪਣੀ ਗੱਲਬਾਤ ਕਰਾਂ, ਮੈਂ ਇਹਨਾਂ ਤੋਂ ਕੁਝ ਸੁਣਾਂ, ਪਰ ਉਹ ਗਏ ਨਹੀਂ।

ਇਕ ਦਿਨ ਉਸ ਅਮੀਰ ਬੰਦੇ ਦੇ ਘਰ ਮਹਿਫ਼ਿਲ ਸੱਜੀ ਹੋਈ ਸੀ। ਲੋਕ ਅਨੇਕਾਂ ਥਾਵਾਂ ਤੋਂ ਆਏ। ਹਰ ਬੰਦਾ ਇਕ ਤੋਂ ਇਕ ਵੱਧ ਕੇ ਆਪਣੇ ਤਨ ਦੀ ਨੁਮਾਇਸ਼ ਕਰ ਰਿਹਾ ਸੀ। ਅੱਜ ਵੀ ਬਹੁਤ ਘੱਟ ਸੱਜਣ ਹਨ ਜਿਹੜੇ ਗੁਰੂ ਘਰੋਂ ਗੁਰੂ ਨੂੰ ਮੰਗਣ ਆਉਂਦੇ ਹਨ। ਹਮੇਸ਼ਾ ਬੰਦਾ ਗੁਰੂ ਘਰ ਵੀ, ਪਬਲਿਕ ਥਾਵਾਂ 'ਤੇ ਵੀ ਆਪਣੇ ਕਪੜਿਆਂ ਦੀ, ਆਪਣੇ ਗਹਿਣਿਆਂ ਦੀ ਕੇਵਲ ਨੁਮਾਇਸ਼ ਹੀ ਲਗਾਉਣ ਜਾਂਦਾ ਹੈ। ਗੁਰਮੁਖੋ ! ਕਦੀ ਵੀ ਗੁਰੂ ਦੇ ਘਰ ਆਪਣੇ ਧਨ ਦੀ ਨੁਮਾਇਸ਼ ਲਗਾਉਣ ਲਈ ਨਾ ਜਾਈਏ ਬਲਕਿ ਗੁਰੂ ਦੇ ਦਿੱਤੇ ਹੋਏ ਹੁਕਮ ਨੂੰ, ਉਪਦੇਸ਼ ਨੂੰ ਸੁਣੀਏ ਤੇ ਆਪਣੇ ਜੀਵਨ ਵਿਚ ਉਸ ਨੂੰ ਕਮਾਈਏ। ਫਿਰ ਸਾਡਾ ਗੁਰੂ ਦੇ ਘਰ ਗਿਆ ਸਫਲਾ ਹੈ। ਨਿਰੀਆ ਗੱਲਾਂ ਕਰਕੇ ਅਤੇ ਨੁਮਾਇਸ਼ ਲਗਾ ਕੇ ਨਾ ਵਾਪਿਸ ਆ ਜਾਈਏ। ਅਜਿਹਾ ਗਿਆ, ਨਾ ਗਿਆ ਇਕ ਬਰਾਬਰ ਹੈ।

ਉਸ ਅਮੀਰ ਦੀ ਮਹਿਫ਼ਿਲ ਵਿਚ ਅਨੇਕਾਂ ਅਮੀਰ ਹੋਰ ਆਏ। ਇਹ ਫ਼ਕੀਰ ਵੀ ਚਲਾ ਗਿਆ। ਸਾਜ਼ ਆਪਣਾ ਇਸ ਨੇ ਫੜਿਆ ਹੋਇਆ ਸੀ। ਜਦੋਂ ਅਮੀਰ ਦੇ ਘਰ ਪ੍ਰਵੇਸ਼ ਕੀਤਾ ਤਾਂ ਇਸ ਨੂੰ ਦੇਖ ਕੇ ਲੋਕ ਮਜ਼ਾਕ ਉਡਾਉਣ ਲੱਗੇ, ਕਿਉਂਕਿ ਇਸ ਦੇ ਕੱਪੜੇ ਸਾਦ ਮੁਰਾਦੇ ਸਨ। ਅੱਜ ਕੱਪੜਿਆਂ ਦੀ ਚਮਕ ਦਮਕ ਥੱਲੇ ਧਰਮ ਵੀ ਗੁਆਚ ਗਿਆ ਹੈ। ਅਸਲੀਅਤ ਇਹ ਹੈ ਕਿ ਜੇ ਕੱਪੜੇ ਸੋਹਣੇ ਹਨ, ਚਾਰ ਬੰਦੇ ਪਿੱਛੇ ਹਨ, ਚਿੱਟੇ ਤੌਲੀਏ ਹੱਥ ਵਿਚ ਫੜੇ ਹਨ ਤਾਂ, ਖਿਮਾ ਕਰਿਉ, ਬੰਦਾ ਦੂਰੋਂ ਦੇਖ ਕੇ ਕਹਿੰਦਾ ਹੈ ਕਿ ਬਹੁਤ ਪਹੁੰਚੀ ਹੋਈ ਹਸਤੀ ਹੈ। ਬਾਬੇ ਨਾਨਕ ਨੇ ਕਿਹਾ, ਨਹੀਂ ਭਲਿਆ, ਹੋ ਸਕਦਾ ਹੈ ਕਿ ਪਾਟੀਆਂ ਲੀਰਾਂ ਵਿਚ ਵੀ ਕੋਈ ਕੀਮਤੀ ਹੀਰਾ ਹੋਵੇ :-

ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥
ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ॥

(ਅੰਗ ੪੭੩)

ਜਦੋਂ ਉਸ ਨੇ ਮਹਿਫ਼ਿਲ ਵਿਚ ਪ੍ਰਵੇਸ਼ ਕੀਤਾ ਤਾਂ ਉਸ ਦੇ ਕੱਪੜੇ ਸਾਦੇ ਸਨ ਤੇ ਲੋਕਾਂ ਨੇ ਮਜ਼ਾਕ ਉਡਾਇਆ। ਉਸ ਨੇ ਬਗਲ ਵਿਚੋਂ ਸਾਜ਼ ਕੱਢਿਆ। ਸੁਰ ਲਾ ਕੇ ਉਸ ਨੇ ਵਾਜਾ ਵਜਾਇਆ ਤੇ ਗਾਇਆ। ਸਾਰੀ ਮਹਿਫ਼ਿਲ ਵਿਚ ਹਰ ਬੰਦਾ ਖਿੜਖਿੜਾ ਕੇ ਹੱਸਣ ਲੱਗ ਪਿਆ, ਕਿਉਂਕਿ ਉਸ ਦੀ ਆਵਾਜ਼ ਵਿਚ ਤਾਸੀਰ ਇਹੋ ਜਿਹੀ ਸੀ। ਮਜ਼ਾਕ ਕਰਨ ਵਾਲੇ ਵੀ ਹੱਸਣ ਲੱਗ ਪਏ। ਪਰਦਾ ਬਦਲਿਆ ਤੇ ਪਰਦਾ ਬਦਲ ਕੇ ਉਸ ਨੇ ਗਾਇਆ ਤਾਂ ਜਿਹੜੇ ਹੱਸਦੇ ਸਨ, ਉਹ ਵੀ ਉੱਚੀ-ਉੱਚੀ ਭੁੱਬਾਂ ਮਾਰ ਕੇ ਰੋਣ ਲੱਗ ਪਏ। ਉਸ ਨੇ ਤੀਸਰਾ ਪਰਦਾ ਬਦਲ ਕੇ ਗਾਇਆ ਤਾਂ ਜਿੰਨੇ ਵੀ ਰੋਂਦੇ ਪਏ ਸਨ, ਜਿਥੇ ਕੋਈ ਟਿੱਕਿਆ ਸੀ, ਉਥੇ ਹੀ ਸਾਰਿਆਂ ਨੂੰ ਨੀਂਦ ਆ ਗਈ। ਉਹ ਸੁੱਤਿਆਂ ਨੂੰ ਛੱਡ ਗਿਆ ਤੇ ਉਸ ਹਕੀਮ ਫਰਾਬੀ ਨੇ ਕਾਗ਼ਜ਼ ਦਾ ਟੁੱਕੜਾ ਲਿਆ ਤੇ ਜਾਣ ਲੱਗਿਆਂ ਲਿਖ ਗਿਆ, "ਆਪ ਨੇ ਹਕੀਮ ਫਰਾਬੀ ਸੇ ਮਿਲਨਾ ਥਾ। ਵਹੁ ਆਇਆ, ਤੁਮਨੇ ਉਸ ਕਾ ਮਜ਼ਾਕ ਉੜਾਇਆ। ਹਕੀਮ ਤੁਮ ਕੋ ਹਸਾ ਕੇ, ਰੁਲਾ ਕੇ ਔਰ ਸੁਲਾ ਕੇ ਜਾ ਰਹਾ ਹੈ।" ਇਥੇ ਫਿਰ ਡਾਕਟਰ ਬਲਬੀਰ ਸਿੰਘ ਨੇ ਇਕ ਗੱਲ ਲਿਖੀ ਹੈ। ਕਹਿਣ ਲੱਗੇ, ਉਹ ਪਰਦੇ ਵਿਚ ਹਸਾਅ ਸਕਦਾ ਹੈ, ਰੁਆ ਸਕਦਾ ਹੈ ਤੇ ਕੇਵਲ ਸਵਾਅ ਸਕਦਾ ਹੈ, ਪਰ ਮੇਰੇ ਗੁਰੂ ਨਾਨਕ ਦੀ ਰਬਾਬ ਦੀ ਤਾਸੀਰ ਅਜਿਹੀ ਹੈ ਕਿ ਜਿਹੜੀ ਕਰੋੜਾਂ ਜਨਮਾਂ ਦੇ ਸੁੱਤਿਆਂ ਹੋਇਆਂ ਨੂੰ ਜਗਾਅ ਸਕਦੀ ਹੈ। ਹਜ਼ੂਰ ਨੇ ਕਿਹਾ, ਆਦਮੀ ਦਾ ਮਨ ਸੁੱਤਾ ਹੈ, ਪਰ ਜਾਗੇਗਾ ਕਿਵੇਂ ? ਅੰਮ੍ਰਿਤ ਬਾਣੀ ਨਾਲ ਜੁੜ ਕੇ। ਗੁਰੂ ਜ਼ੀ ਨੇ ਕਿਹਾ :-

ਕਬਹੂ ਨਿਰਤਿ ਕਰੈ ਬਹੁ ਭਾਤਿ॥
ਕਬਹੂ ਸੋਇ ਰਹੈ ਦਿਨੁ ਰਾਤਿ॥
ਕਬਹੂ ਮਹਾ ਕ੍ਰੋਧ ਬਿਕਰਾਲ॥

ਕਦੀ ਬੰਦੇ ਦਾ ਬਦਨ, ਉਸ ਦਾ ਚਿਹਰਾ ਇੰਨਾ ਕ੍ਰੋਧ ਵਿਚ ਹੁੰਦਾ ਹੈ ਕਿ ਜਿਸ ਪਰਿਵਾਰ ਵਿਚ ਉਹ ਰਹਿੰਦਾ ਹੈ, ਉਸ ਪਰਿਵਾਰ ਦੇ ਜੀਅ ਵੀ ਕ੍ਰੋਧੀ ਬੰਦੇ ਨੂੰ ਦੇਖ ਕੇ ਡਰ ਰਹੇ ਹਨ। ਹਜ਼ੂਰ ਨੇ ਫ਼ੁਰਮਾਇਆ :-

ਕਬਹੂੰ ਸਰਬ ਕੀ ਹੋਤ ਰਵਾਲ॥

ਕਦੀ ਸਾਰਿਆਂ ਦੇ ਚਰਨਾਂ ਦੀ ਧੂੜ ਬਣੀ ਬੈਠਾ ਹੈ। ਪਿਆਰਿਉ ! ਕਿਤੇ ਕੋਈ ਨੱਚ ਰਿਹਾ ਹੈ, ਕਿਤੇ ਕੋਈ ਸੌਂ ਰਿਹਾ ਹੈ, ਕਿਤੇ ਕੋਈ ਗ਼ੁੱਸੇ ਵਿਚ ਤੜਫ ਰਿਹਾ ਹੈ ਤੇ ਕਿਤੇ ਕੋਈ ਸਾਰਿਆਂ ਦੇ ਚਰਨਾਂ ਦੀ ਧੂੜ ਬਣੀ ਬੈਠਾ ਹੈ।

ਕਬਹੂ ਹੋਇ ਬਹੈ ਬਡ ਰਾਜਾ॥

ਕਦੀ ਵੱਡਾ ਰਾਜਾ ਸਮਰਾਟ ਬਣ ਜਾਂਦਾ ਹੈ।

ਕਬਹੂ ਭੇਖਾਰੀ ਨੀਚ ਕਾ ਸਾਜਾ॥

(ਸੁਖਮਨੀ ਸਾਹਿਬ)

ਕਦੀ ਆਪਣੇ ਤਨ ਦਾ ਲਿਬਾਸ ਭਿਖਾਰੀਆਂ ਵਾਲਾ ਬਣਾ ਲੈਂਦਾ ਹੈ। ਇਹ ਪ੍ਰਮਾਤਮਾ ਦੀ ਖੇਡ ਹੈ। ਕਈ ਬੰਦੇ ਬਾਦਸ਼ਾਹ ਦੇ ਰੂਪ ਵਿਚ ਜਨਮ ਲੈਂਦੇ ਹਨ ਤੇ ਜਦੋਂ ਦੁਨੀਆਂ ਤੋਂ ਕੂਚ ਕਰਦੇ ਹਨ ਤਾਂ ਉਦੋਂ ਭਿਖਾਰੀਆਂ ਦੇ ਰੂਪ ਵਿਚ ਹੁੰਦੇ ਹਨ। ਕਈ ਬੰਦੇ ਭਿਖਾਰੀਆਂ ਦੀ ਕੁਲੀ ਵਿਚ ਹੀ ਕੂਚ ਕਰਦੇ ਹਨ। ਪ੍ਰਮਾਤਮਾ ਤੋਰਨ ਲੱਗਿਆਂ ਉਹਨਾਂ ਨੂੰ ਬਾਦਸ਼ਾਹੀਆਂ ਦੇ ਦਿੰਦਾ ਹੈ। ਉਸ ਦੀ ਆਪਣੀ ਇਹ ਅਸਚਰਜ ਖੇਡ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਸ਼ਬਦ ਕਹੇ ਸਨ :-

ਨਦਰਿ ਉਪਠੀ ਜੇ ਕਰੇ

ਜੇ ਉਸ ਦੀ ਨਜ਼ਰ ਪੁੱਠੀ ਹੋ ਜਾਏ ਤਾਂ :-

ਸੁਲਤਾਨਾ ਘਾਹੁ ਕਰਾਇਦਾ॥
ਦਰਿ ਮੰਗਨਿ ਭਿਖ ਨ ਪਾਇਦਾ॥

(ਆਸਾ ਦੀ ਵਾਰ)

ਇਕ ਗੁਰੂ ਗ੍ਰੰਥ ਸਾਹਿਬ ਵਿਚ ਬਚਨ ਹੈ। ਉਸ ਦੇ ਵਿਚ ਦੋਨੋਂ ਪੱਖ ਹਨ। ਕਦੀ ਰਾਜਿਆਂ ਵਾਲੇ ਠਾਠ ਹਨ ਤੇ ਕਦੀ ਭਿਖਾਰੀਆਂ ਤੋਂ ਥੱਲੇ ਵੀ ਦੁਖਾਂਤ ਹਨ। ਉਸ ਸ਼ਬਦ ਦੇ ਉਚਾਰਨ-ਕਰਤਾ ਵੀ ਧੰਨ ਗੁਰੂ ਨਾਨਕ ਸਾਹਿਬ ਹਨ। ਉਹ ਸ਼ਬਦ ਏਮਨਾਬਾਦ ਦੀ ਧਰਤੀ 'ਤੇ ਉਚਾਰਿਆ ਹੈ। ਜਿਹੜੇ ਬੰਦੇ ਮਹਿਲਾਂ ਵਿਚ ਰਹਿੰਦੇ ਸਨ, ਅੱਜ ਉਹ ਸੜਕਾਂ ਉੱਪਰ ਸੌਣ ਲਈ ਮਜਬੂਰ ਹਨ :-

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥

ਕੇਸਾਂ ਦੀਆਂ ਪੱਟੀਆਂ ਵਿਚ ਸੰਧੂਰ ਭਰਿਆ ਹੈ।

ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ॥

ਉਹ ਕੇਸ ਕੈਂਚੀਆਂ ਨਾਲ ਕੱਟ ਦਿੱਤੇ ਗਏ ਹਨ।

ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ੍ ਹਦੂਰਿ॥ ੧ ॥

ਮਹਿਲਾਂ ਵਿਚ ਬਾਦਸ਼ਾਹੀ ਠਾਠ ਸੀ ਤੇ ਹੁਣ ਪਿਆਰਿਉ ! ਮਹਿਲ ਦੇ ਨੇੜੇ ਤਾਂ ਕੋਈ ਫਟਕਣ ਵੀ ਨਹੀਂ ਦਿੰਦਾ।

ਆਦੇਸੁ ਬਾਬਾ ਆਦੇਸੁ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ॥ ੧ ॥ ਰਹਾਉ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥ ੨ ॥
ਇਕੁ ਲਖੁ ਲਹਿਨ੍ ਬਹਿਠੀਆ ਲਖੁ ਲਹਨਿ੍ ਖੜੀਆ॥
ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ॥
ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ॥ ੩ ॥

(ਅੰਗ ੪੧੭)

ਜਿਨ੍ਹਾਂ ਦੇ ਗਲੇ ਵਿਚ ਕੀਮਤੀ ਹਾਰ ਸਨ, ਉਹਨਾਂ ਦੇ ਗਲੇ ਵਿਚ ਬਾਬਰ ਦੇ ਸਿਪਾਹੀਆਂ ਨੇ ਰਸੀਆਂ ਪਾ ਦਿੱਤੀਆਂ। ਭਾਈ ਸਾਹਿਬ ਨੇ ਇਕ ਬਚਨ ਕਿਹਾ ਹੈ ਕਿ ਆਪਣੀ ਜ਼ਿੰਦਗੀ ਵਿਚ ਕਦੀ ਵੀ ਕਿਸੇ ਦੀ ਮਾੜੀ ਹਾਲਤ ਦੇਖ ਕੇ ਮਜ਼ਾਕ ਨਾ ਉਡਾਉ। ਬੇਨਤੀ ਹੈ ਕਿ ਜੇਕਰ ਵਿੱਦਿਆ ਕਰਕੇ ਕਿਸੇ ਨੂੰ ਚਾਰ ਅੱਖਰ ਬੋਲਣੇ ਨਹੀਂ ਆਉਂਦੇ ਤਾਂ ਚਾਰ ਅੱਖਰ ਚੰਗੇ ਬੋਲਣ ਵਾਲਿਆ ! ਉਸ ਦਾ ਮੌਜੂ ਨਾ ਬਣਾ। ਤੇਰੇ ਕੋਲ ਧਨ ਹੈ, ਉਸ ਕੋਲ ਗ਼ਰੀਬੀ ਹੈ। ਉਸ ਦੀ ਕੰਗਾਲਤਾ ਨੂੰ ਦੇਖ ਕੇ ਉਸ ਦਾ ਸ਼ੋਸ਼ਣ ਨਾ ਕਰ। ਤੇਰੇ ਕੋਲ ਪੱਦਵੀ ਹੈ, ਉਹ ਤੇਰਾ ਸੇਵਾਦਾਰ ਹੈ, ਪਰ ਪੱਦਵੀ 'ਤੇ ਬੈਠਣ ਵਾਲਿਆ ! ਆਪਣੇ ਹੇਠਾਂ ਕੰਮ ਕਰਨ ਵਾਲੇ ਦੀ ਹੱਸੀ ਨਾ ਉਡਾ। ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਐ ਜ਼ਿਮੀਦਾਰ ! ਜਿੰਨੀ ਦੇਰ ਤੱਕ ਤੇਰੀ ਫ਼ਸਲ ਪੱਕੀ ਹੈ ਪਰ ਘਰ ਨਹੀਂ ਆਉਂਦੀ, ਉੱਨੀ ਦੇਰ ਤੱਕ ਤੂੰ ਉੱਚੀ ਬੋਲ ਨਾ ਬੋਲ, ਕਿਉਂਕਿ ਫ਼ਸਲ ਦਾ ਢੇਰ ਲੱਗਾ ਹੋਵੇ, ਮੀਂਹ ਪਵੇ ਤਾਂ ਸਾਰੀ ਫ਼ਸਲ ਰੋੜ ਕੇ ਲੈ ਜਾਵੇਗਾ। ਅਜੇ ਤੇਰੀ ਬੇੜੀ ਸਮੁੰਦਰ ਦੇ ਵਿਚ ਹੈ ਤੇ ਕਿਸੇ ਨੂੰ ਡੁੱਬਦਿਆਂ ਦੇਖ ਕੇ ਮਜ਼ਾਕ ਉਡਾਉਣ ਵਾਲਿਆ ! ਹੋ ਸਕਦਾ ਹੈ ਇਕ ਪਾਣੀ ਦੀ ਛੱਲ ਤੇਰੀ ਬੇੜੀ ਨੂੰ ਵੀ ਡੋਬ ਦੇਵੇ। ਇਸ ਲਈ ਗੁਰੂ ਜੀ ਨੇ ਕਿਹਾ :-

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥

r2

(ਅੰਗ ੧੩੬੬)

ਉਸ ਪ੍ਰਮਾਤਮਾ ਦੇ ਰੰਗ ਹਨ। ਇਹੀ ਤਾਂ ਸੰਸਾਰ ਦੀ ਅਸਚਰਜ ਖੇਡ ਹੈ। ਹਜ਼ੂਰ ਕਹਿ ਰਹੇ ਹਨ :-

ਕਬਹੂ ਅਪਕੀਰਤਿ ਮਹਿ ਆਵੈ॥

ਕੀਰਤ ਦਾ ਅਰਥ ਹੈ ਸ਼ੋਭਾ ਅਤੇ ਅਪਕੀਰਤ ਦਾ ਅਰਥ ਹੈ ਬਦਨਾਮੀ। ਕਦੀ ਥਾਂ-ਥਾਂ 'ਤੇ ਬਦਨਾਮੀ ਹੁੰਦੀ ਹੈ।

ਕਬਹੂ ਭਲਾ ਭਲਾ ਕਹਾਵੈ॥ (ਸੁਖਮਨੀ ਸਾਹਿਬ)

ਕਿਤੇ ਕਿਹਾ ਜਾਂਦਾ ਹੈ ਕਿ ਇਸ ਦੇ ਵਰਗਾ ਭਲਾ ਹੈ ਹੀ ਕੋਈ ਨਹੀਂ। ਸੰਸਾਰ ਕਹਿੰਦਾ ਹੈ ਭਲਾ ਭਲਾ। ਕਈਆਂ ਦੀ ਦਿਨ ਰਾਤ ਬਦਨਾਮੀ ਹੁੰਦੀ ਹੈ। ਪਰ ਇਥੇ ਇਕ ਗੱਲ ਮੈਂ ਜ਼ਰੂਰ ਕਹਿ ਦੇਵਾਂ ਕਿ ਆਪਣੇ ਆਪ ਭਲਾ ਕਹਿਣ ਨਾਲ ਕਦੀ ਕੋਈ ਭਲਾ ਨਹੀਂ ਹੋਇਆ। ਸੰਸਾਰ ਕਹੇ ਤਾਂ ਗੱਲ ਵੱਖਰੀ ਹੈ। ਇਥੇ ਤਾਂ ਅਸੀਂ ਦੇਖਦੇ ਹਾਂ ਕਿ ਹੱਥ ਵਿਚ ਮਾਇਕ ਆਉਣ ਦੀ ਦੇਰ ਹੈ ਕਿ 'ਮੈਂ' ਵਾਲਾ ਸੁਰ ਮੁਕਦਾ ਹੀ ਨਹੀਂ। 'ਮੈਂ' ਇਹ ਕੀਤਾ, ਮੈਂ ਉਹ ਕੀਤਾ, ਮੈਂ ਇਹ ਕਰਾਂਗਾ। ਸੱਚ ਜਾਣਿਉ, ਭਾਵੇਂ ਗੁਰਦੁਆਰੇ ਖਲੋ ਕੇ ਵੀ ਚੰਗੇ ਕੰਮ ਕਰਕੇ ਕਹੇ ਕਿ ਮੈਂ ਕੀਤੇ ਹਨ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਸਭ ਤੋਂ ਪਹਿਲੀ ਬੁਰਿਆਈ ਹੀ ਇਹ ਹੈ ਆਪਣੇ ਆਪ ਨੂੰ ਚੰਗਾ ਕਹਿਣਾ :-

ਆਪਸ ਕਉ ਜੋ ਭਲਾ ਕਹਾਵੈ॥
ਤਿਸਹਿ ਭਲਾਈ ਨਿਕਟਿ ਨ ਆਵੈ॥

(ਅੰਗ ੨੭੮)

ਕੌਣ ਹੈ ਭਲਾ ? ਬਾਬਾ ਜੀ ਨੇ ਕਿਹਾ :-

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥

(ਅੰਗ ੯੯੧)

ਜਿਉ ਪ੍ਰਭੁ ਰਾਖੈ

ਜਿਵੇਂ ਪ੍ਰਮਾਤਮਾ ਕਿਸੇ ਨੂੰ ਰੱਖਦਾ ਹੈ, ਕ੍ਰੋਧ ਵਿਚ ਉਹ ਰੱਖੇ, ਨਿਮਰਤਾ ਵਿਚ ਉਹ ਰੱਖੇ, ਰਾਜੇ-ਪਨ ਵਿਚ ਉਹ ਰੱਖੇ, ਭਿਖਾਰੀ-ਪਨ ਵਿਚ ਉਹ ਰੱਖੇ।

ਤਿਵ ਹੀ ਰਹੈ॥

ਉਸੇ ਤਰ੍ਹਾਂ ਉਹ ਰਹਿੰਦਾ ਹੈ।

ਗੁਰ ਪ੍ਰਸਾਦਿ ਨਾਨਕ ਸਚੁ ਕਹੈ॥ ੬॥

(ਸੁਖਮਨੀ ਸਾਹਿਬ)

ਜਿਸ ਉੱਪਰ ਸਤਿਗੁਰੂ ਦੀ ਕ੍ਰਿਪਾ ਵਾਪਰੇ ਤਾਂ ਉਹ ਫਿਰ ਪ੍ਰਮਾਤਮਾ ਦੇ ਨਾਮ ਨੂੰ, ਪ੍ਰਮਾਤਮਾ ਦੇ ਜੱਸ ਨੂੰ ਗਾਉਂਦਾ ਹੈ। ਗੁਰ ਪ੍ਰਸਾਦਿ ਤੋਂ ਬਿਨਾਂ ਜੱਪਿਆ ਵੀ ਨਹੀਂ ਜਾ ਸਕਦਾ। ਉਸ ਦੀ ਨਦਰਿ ਹੋਵੇ, ਉਸ ਦੀ ਮੇਹਰ ਹੋਵੇ ਫਿਰ ਹੀ ਜੱਪਿਆ ਜਾ ਸਕਦਾ ਹੈ। ਅਸੀਂ ਹਕੀਕਤ ਵਿਚ ਧੰਨ ਗੁਰੂ ਅਰਜਨ ਸਾਹਿਬ ਵਾਂਗ ਹੀ ਸ਼ਬਦ ਦੇ ਰਸੀਏ, ਸ਼ਬਦ ਨੂੰ ਮਾਨਣ ਵਾਲੇ ਬਣ ਸਕੀਏ। ਕਹਿੰਦੇ ਹਨ ਜੇਕਰ ਸਤਿਗੁਰੂ ਕ੍ਰਿਪਾ ਕਰਨ ਤੇ ਭਾਵਨਾ ਵਾਲਾ ਜਾ ਕੇ ਦਰਸ਼ਨ ਕਰੇ ਤਾਂ ਗੁਰੂ ਦੇ ਦਰਸ਼ਨ ਕਦੀ ਵੀ ਨਿਸਫਲ ਨਹੀਂ ਜਾਂਦੇ। ਜਿਹੜਾ ਦਰਸ਼ਨ ਕਰੇਗਾ, ਸਤਿਗੁਰ ਦੇ ਦੀਦਾਰ ਕਰਦਿਆਂ ਹੀ ਬੰਦਾ ਪਵਿੱਤਰ ਹੋ ਜਾਂਦਾ ਹੈ। ਜਦੋਂ ਗੁਰੂ ਦੇ ਚਰਨਾਂ ਵਿਚ ਕੁਝ ਭੇਟ ਕਰਦਾ ਹੈ, ਮਿਲਦਾ ਹੈ ਤਾਂ ਗੁਰੂ ਜੀ ਦੇ ਚਰਨਾਂ ਵਿਚ ਕੀਤੀ ਹੋਈ ਭੇਟ ਉਸ ਬੰਦੇ ਦੇ ਅੰਦਰ ਦੇ ਜੀਵਨ ਨੂੰ ਪਵਿੱਤਰ ਬਣਾ ਦਿੰਦੀ ਹੈ। ਜਦੋਂ ਕੋਈ ਗੁਰੂ ਜੀ ਦੇ ਚਰਨ ਪਰਸਦਾ ਹੈ ਤਾਂ ਉਸ ਦੇ ਅੰਦਰ ਪ੍ਰਮਾਤਮਾ ਦਾ ਨਾਮ ਚੱਲਣ ਲੱਗ ਪੈਂਦਾ ਹੈ। ਸਿਰਫ ਇਕੱਲਾ ਨਾਮ ਹੀ ਨਹੀਂ, ਜਿਹੜਾ ਗੁਰੂ ਦੇ ਚਰਨ ਪਰਸਦਾ ਹੈ, ਉਸ ਦੇ ਲਈ ਰੱਬ ਦੀ ਦਰਗਾਹ ਵਿਚ ਵੀ ਥਾਂ ਬਣ ਜਾਂਦੀ ਹੈ। ਜੇ ਗੁਰੂ ਦਾ ਬਚਨ ਕੋਈ ਕੰਨਾਂ ਨਾਲ ਸੁਣ ਲਵੇ ਤਾਂ ਕੰਨ ਰੱਸ ਨਾਲ ਭਰ ਜਾਂਦੇ ਹਨ, ਮਨ ਬਾਣੀ ਨਾਲ ਪਤੀਜ ਜਾਂਦਾ ਹੈ ਤੇ ਨਾਲ ਬਚਨ ਕੀਤਾ ਕਿ ਭਾਈ, ਜੇਕਰ ਕਿਸੇ ਨੇ ਭਾਵਨਾ ਨਾਲ ਦੇਖਿਆ ਨਹੀਂ, ਕਿਸੇ ਦੇ ਕੰਨਾਂ ਵਿਚ ਸ਼ਬਦ ਨਹੀਂ ਪਿਆ ਤੇ ਸਮਰੱਥ ਗੁਰੂ ਨੇਤਰ ਖੋਲ੍ਹ ਕੇ ਅੰਮ੍ਰਿਤ ਦ੍ਰਿਸ਼ਟੀ ਦੀ ਵਰਖਾ ਕਰ ਦੇਣ ਤਾਂ ਜਿਸ ਬੰਦੇ ਨੂੰ ਬੋਲਣ ਦੀ ਅਕਲ ਨਹੀਂ, ਉਸ ਨੂੰ ਇਕ ਖਿਨ ਵਿਚ ਬ੍ਰਹਮ ਗਿਆਨੀ ਬਣਾ ਦਿੰਦੇ ਹਨ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸਭ ਤੋਂ ਵੱਡੀ ਕ੍ਰਿਪਾ ਸੀ ਉਹਨਾਂ ਦੀ ਅੰਮ੍ਰਿਤ ਦ੍ਰਿਸ਼ਟੀ। ਅਸੀਂ ਇਹ ਪਦਾ ਪੜ੍ਹਦੇ ਹਾਂ ਕਿ :-

ਸਫਲ ਦਰਸਨੁ ਪੇਖਤ ਪੁਨੀਤ॥
ਪਰਸਤ ਚਰਨ ਗਤਿ ਨਿਰਮਲ ਰੀਤਿ॥

ਇਸ ਸਾਰੇ ਪਦੇ ਵਿਚ ਗੁਰੂ ਜੀ ਦੇ ਜਗਿਆਸੂ ਦੇ ਉੱਪਰ ਕ੍ਰਿਪਾ ਕਰਨ ਦੇ ਕੁਝ ਤਰੀਕੇ ਹਨ :-

ਭੇਟਤ ਸੰਗਿ ਰਾਮ ਗੁਨ ਰਵੇ॥
ਪਾਰਬ੍ਰਹਮ ਕੀ ਦਰਗਹ ਗਵੇ॥
ਸੁਨਿ ਕਰਿ ਬਚਨ ਕਰਨ ਆਘਾਨੇ॥
ਮਨਿ ਸੰਤੋਖੁ ਆਤਮ ਪਤੀਆਨੇ॥

ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰੁ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥

(ਅੰਗ ੨੮੭)

ਸਤਗਿਰੂ ਅੰਮ੍ਰਿਤ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ ਅਤੇ ਜਿਸ ਨੂੰ ਕੁਝ ਨਹੀਂ ਆਉਂਦਾ, ਉਸ ਨੂੰ ਸੰਤ ਬਣਾ ਦਿੰਦੇ ਹਨ। ਜਦੋਂ ਅਸੀਂ ਪੜ੍ਹਦੇ ਹਾਂ :-

ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥ ੩੭॥

(ਜਪੁ ਜੀ ਸਾਹਿਬ)

ਬਾਬਾ ਕਰੜਾ ਹੈ, ਨਹੀਂ ਬੋਲਿਆ ਜਾ ਸਕਦਾ। ਮਨ ਵਿਚ ਆਉਂਦਾ ਹੈ ਕਿ ਕੀ ਗੁਰੂ ਜੀ ਦੇ ਦਰਸ਼ਨ ਕੀਤਿਆਂ ਦੁੱਖ ਕੱਟੇ ਜਾਂਦੇ ਹਨ ? ਅਸੀਂ ਕਹਾਂਗੇ ਕਿ ਇਹ ਤਾਂ ਪੁਰਾਣੀ ਗੱਲ ਹੋ ਗਈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੱਕ ਬਾਣੀ ਦਰਜ ਹੈ। ਉਹਨਾਂ ਕੋਲੋਂ ਪੁੱਛੀਏ ਜਿਨ੍ਹਾਂ ਨੇ ਦੇਖਿਆ ਹੈ। ਉਹ ਕਹਿਣਗੇ ਕਿ ਹਾਂ, ਜਦੋਂ ਦੇਖੀਏ ਤਾਂ ਦੁੱਖ ਕੱਟੇ ਜਾਣਗੇ। ਧੰਨ ਗੁਰੂ ਅਰਜਨ ਸਾਹਿਬ ਜੀ ਦਾ ਬਚਨ ਹੈ :-

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥

(ਅੰਗ ੬੧੨)

ਪੇਖਿਆ ਰਾਏ ਬੁਲਾਰ ਨੇ, ਪੇਖਿਆ ਬੇਬੇ ਨਾਨਕੀ ਨੇ, ਪੇਖਿਆ ਸੱਜਣ ਠੱਗ ਨੇ, ਪੇਖਿਆ ਭਾਈ ਮਰਦਾਨੇ ਨੇ। ਜਿਥੇ ਨਾਲ ਸ਼ਬਦ ਆ ਗਿਆ ਸੁਣਿਆ ਤਾਂ ਕਹਿਣ ਲੱਗੇ ਜਿਸ ਨੇ ਪੇਖਿਆ, ਉਸ ਦਾ ਵੀ ਪਾਰ ਉਤਾਰਾ ਹੋਇਆ ਤੇ ਜਿਹੜਾ ਅੱਜ ਬਾਬੇ ਦੇ ਸ਼ਬਦ ਨੂੰ ਸੁਣੇਗਾ, ਸੁਣਨ ਵਾਲੇ ਨੂੰ ਵੀ ਉਹ ਫਲ ਮਿਲੇਗਾ ਜੋ ਪੇਖਣ ਵਾਲੇ ਨੂੰ ਮਿਲਦਾ ਹੈ। ਦੂਜਾ ਬਚਨ ਭੱਟ ਸਾਹਿਬ ਜੀ ਦਾ ਹੈ, ਉਹ ਕਹਿੰਦੇ ਹਨ

ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ॥
ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤੇ ਇਤ ਉਤ ਸਦਾ ਮੁਕਤੇ॥

(ਅੰਗ ੧੩੮੬)

ਜਿਨ੍ਹਾਂ ਨੇ ਸਪਰਸ਼ ਕੀਤਾ, ਉਹਨਾਂ ਦੇ ਲੋਕ ਤੇ ਪਰਲੋਕ ਦੇ ਬੰਦਨ ਕੱਟੇ ਗਏ। ਧੰਨ ਗੁਰੂ ਨਾਨਕ ਸਾਹਿਬ ਨੂੰ ਦੇਖਣ ਨਾਲ ਹੀ ਦੁੱਖ ਕੱਟੇ ਜਾਂਦੇ ਹਨ। ਧੰਨ ਗੁਰੂ ਅੰਗਦ ਸਾਹਿਬ ਦੇ ਮੁਤੱਲਕ ਕਿਹਾ ਜਾਂਦਾ ਹੈ ਕਿ ਜਦੋਂ ਗੁਰਦੇਵ ਬਾਹਰ ਆਉਂਦੇ ਸਨ ਤਾਂ ਰੋਗੀ ਦੁੱਖੀ ਲੋਕ ਖਡੂਰ ਸਾਹਿਬ ਦੀ ਧਰਤੀ 'ਤੇ ਬਾਹਰ ਬੈਠੇ ਹੁੰਦੇ ਸਨ ਅਤੇ ਜਦੋਂ ਗੁਰੂ ਜੀ ਦੀ ਅੰਮ੍ਰਿਤ ਦ੍ਰਿਸ਼ਟੀ ਪੈਂਦੀ ਸੀ ਤਾਂ ਉਹਨਾਂ ਦੇ ਦੁੱਖ ਕੱਟੇ ਜਾਂਦੇ ਸਨ। ਭੱਟ ਸਾਹਿਬ ਜੀ ਦੇ ਬਚਨ ਦੀ ਇਕ ਤੁੱਕ ਹੈ :-

ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥

(ਅੰਗ ੧੩੯੨)

ਇਹ ਭੱਟਾਂ ਨੇ ਕਿਹਾ ਹੈ ਤੇ ਰਾਮਕਲੀ ਦੀ ਵਾਰ ਵਿਚ ਇਕ ਬਚਨ ਬਾਬਾ ਬਲਵੰਡ ਜੀ ਦਾ ਹੈ। ਕਹਿਣ ਲੱਗੇ :-

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥

(ਅੰਗ ੯੬੭)

ਧੰਨ ਗੁਰੂ ਅਮਰਦਾਸ ਜੀ ਨੂੰ ਡਿੱਠਿਆਂ ਪਦਾਰਥ ਵੀ ਬੜੇ ਮਿਲਦੇ ਹਨ। ਮਨੁੱਖੀ ਮਨ ਟਿੱਕਦਾ ਨਹੀਂ। ਮਨੁੱਖੀ ਮਨ ਇਕ ਪੰਛੀ ਦੀ ਤਰ੍ਹਾਂ ਹੈ। ਇਹ ਇਕ ਰੁੱਖ ਤੋਂ ਦੂਜੇ ਰੁੱਖ 'ਤੇ ਦੌੜਿਆ ਫਿਰਦਾ ਹੈ। ਮਨ ਇਕ ਬੱਚੇ ਦੀ ਤਰ੍ਹਾਂ ਹੈ। ਕਦੀ ਰੋਂਦਾ ਹੈ ਤੇ ਕਦੀ ਹੱਸਦਾ ਹੈ। ਮਨੁੱਖੀ ਮਨ ਦੀ ਗਤੀ ਅਜਿਹੀ ਹੈ ਕਿ ਇਕ ਖਿਨ ਵਿਚ ਦਾਸਾਂ ਪਾਸਿਆਂ ਵਿਚ ਦੌੜਦਾ ਹੈ। ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਬਚਨਾਂ ਅਨੁਸਾਰ ਗੁਰੂ ਜੀ ਦੀ ਆਪਣੀ ਮੌਜ ਹੈ ਤੇ ਉਹ ਜਗਿਆਸੂ ਦਾ ਪਾਰ-ਉਤਾਰਾ ਕਿਵੇਂ ਕਰਨਾ ਚਾਹੁੰਦੇ ਹਨ। ਦੇਖੋ, ਗੁਰੂ ਕ੍ਰਿਪਾ, ਗੁਰੂ ਪ੍ਰਸਾਦਿ, ਗੁਰ ਨਦਰਿ ਕਈ ਤਰੀਕਿਆਂ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੁਖਮਨੀ ਸਾਹਿਬ ਜੀ ਦਾ ਪਵਿੱਤਰ ਪਦਾ ਹੈ :-

ਸਫਲ ਦਰਸਨੁ ਪੇਖਤ ਪੁਨੀਤ॥

ਗੁਰੂ ਜੀ ਦੇ ਦਰਸ਼ਨ ਸਫਲ ਹਨ। ਗੁਰੂ ਜੀ ਦੇ ਦਰਸ਼ਨ ਕੀਤਿਆਂ ਅੰਦਰ ਪਵਿੱਤਰਤਾ ਆ ਜਾਂਦੀ ਹੈ :-

ਪਰਸਤ ਚਰਨ ਗਤਿ ਨਿਰਮਲ ਰੀਤਿ॥

ਜਿਸ ਨੇ ਗੁਰੂ ਜੀ ਦੇ ਚਰਨਾਂ ਨੂੰ ਪਰਸ ਲਿਆ, ਉਸ ਦੇ ਜੀਵਨ ਦੀ ਮਰਯਾਦਾ ਅੱਤ ਦੀ ਪਵਿੱਤਰ ਹੋ ਗਈ।

ਭੇਟਤ ਸੰਗਿ ਰਾਮ ਗੁਨ ਰਵੇ॥

ਜਿਸ ਨੂੰ ਗੁਰੂ ਜੀ ਦਾ ਮਿਲਾਪ ਮਿਲ ਗਿਆ, ਭੇਟ ਹੋ ਗਈ, ਉਸ ਦੇ ਅੰਦਰ ਪ੍ਰਮਾਤਮਾ ਦਾ ਨਾਮ, ਵਾਹਿਗੁਰੂ ਜੀ ਦੇ ਗੁਣ ਆਪਣੇ ਆਪ ਆ ਗਏ।

ਪਾਰਬ੍ਰਹਮ ਕੀ ਦਰਗਹ ਗਵੇ॥
ਸੁਨਿ ਕਰਿ ਬਚਨ ਕਰਨ ਆਘਾਨੇ॥

ਜਿਨ੍ਹਾਂ ਨੇ ਗੁਰੂ ਜੀ ਦਾ ਬਚਨ ਸੁਣਿਆ, ਉਸ ਦੇ ਕੰਨ ਤ੍ਰਿਪਤ ਹੋ ਗਏ।

ਮਨਿ ਸੰਤੋਖੁ

ਬਚਨ ਸੁਣਨ ਨਾਲ ਮਨ ਦੀ ਤ੍ਰਿਸ਼ਨਾ ਮਿਟ ਗਈ ਤੇ ਅੰਦਰ ਸੰਤੋਖ ਆ ਗਿਆ।

ਆਤਮ ਪਤੀਆਨੇ॥
ਪੂਰਾ ਗੁਰੁ ਅਖੁਓ ਜਾ ਕਾ ਮੰਤ੍ਰ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥

(ਸੁਖਮਨੀ ਸਾਹਿਬ)

ਜਿਸ ਨੂੰ ਗੁਰੂ ਆਪਣਾ ਉਪਦੇਸ਼ ਦੇ ਦੇਵੇ, ਉਸ ਉਪਦੇਸ਼ ਨੇ ਨਾਸ਼ ਨਹੀਂ ਹੋਣਾ। ਜਿਸ ਨੂੰ ਸਤਿਗੁਰੂ ਅੰਮ੍ਰਿਤ ਦ੍ਰਿਸ਼ਟੀ ਨਾਲ ਦੇਖ ਲਵੇ, ਉਹ ਇਕ ਕੱਚ ਨੂੰ ਵੀ ਕੰਚਨ ਬਣਾ ਦਿੰਦੇ ਹਨ। ਲੋਹੇ ਨੂੰ ਲਾਲ ਬਣਾ ਦਿੰਦੇ ਹਨ। ਪੱਥਰ ਨੂੰ ਕੀਮਤੀ ਮੋਤੀ ਬਣਾ ਦਿੰਦੇ ਹਨ, ਕਿਉਂਕਿ ਗੁਰੂ ਦੀ ਅੰਮ੍ਰਿਤ ਦ੍ਰਿਸ਼ਟੀ ਵਿਚ ਇੰਨੀ ਵੱਡੀ ਸਮਰੱਥਾ ਹੈ। ਗੁਰਸਿੱਖਾ ! ਜਦੋਂ ਗੁਰੂ ਕੋਲ ਜਾਵੀਂ, ਜੇ ਉਹ ਕੋਈ ਹੁਕਮ ਕਰੇ ਤਾਂ ਤੂੰ ਤਰਕ ਨਾ ਕਰੀਂ, ਸਤਿ ਬਚਨ ਕਹੀਂ। ਜੇ ਗੁਰੂ ਤੇਰੇ ਨਾਲ ਚੰਗੀ ਮੰਦੀ ਖੇਡ ਵੀ ਵਰਤਾ ਦਿੰਦਾ ਹੈ ਤਾਂ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨੀਂ। ਜੇ ਆਪਣੀ ਜ਼ਿੰਦਗੀ ਵਿਚ ਤੂੰ ਕੋਈ ਗੁਨਾਹ ਕਰ ਜਾਂਦਾ ਹੈ ਤਾਂ ਤੂੰ ਆਪਣੀ ਸਿਆਣਪ ਨਾ ਕਰੀਂ ਕਿ ਮੈਂ ਠੀਕ ਹਾਂ। ਤੂੰ ਕਹਿ ਦੇਵੀਂ ਕਿ ਮੈਂ ਭੁੱਲਾ।

ਗੁਰੂ ਦਾ ਭਾਣਾ ਸਤਿ ਹੈ। ਗੁਰੂ ਦੇ ਦਰਸ਼ਨ ਕੀਤਿਆਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਅਰਦਾਸ ਕੀਤਿਆਂ ਕਰਮ ਕੱਟੇ ਜਾਂਦੇ ਹਨ। ਅਰਦਾਸ ਕਰੀਏ ਕਿ ਹੇ ਪ੍ਰਮਾਤਮਾ ! ਜਦੋਂ ਵੀ ਅਸੀਂ ਕੋਈ ਗੁਨਾਹ ਕਰਦੇ ਹਾਂ ਤੇ ਗੁਨਾਹਾਂ ਕਰਕੇ ਬੰਦੇ ਨਾਲ ਕੋਈ ਇੰਨਾ ਵੈਰ ਕਮਾਏ ਅਤੇ ਸਾਨੂੰ ਧਰਤੀ 'ਤੇ ਜੀਉਣ ਵੀ ਨਾ ਦੇਵੇ ਪਰ ਤੂੰ ਇੰਨਾ ਬਖ਼ਸ਼ਿੰਦ ਹੈਂ ਕਿ ਸਾਡੇ ਸਾਰੇ ਦਿਨ ਦੇ ਕੀਤੇ ਹੋਏ ਪਾਪ ਦੇਖ ਲਏ, ਇਸ ਦੇ ਬਾਵਜੂਦ ਵੀ ਸਾਨੂੰ ਰੋਜ਼ੀ ਦੇਈ ਜਾਂਦਾ ਹੈਂ। ਗੁਰੂ ਬੰਦੇ

ਦੇ ਗੁਨਾਹ ਦੇਖਣ ਤੋਂ ਬਾਅਦ ਵੀ ਬੰਦੇ ਦੀ ਰੋਜ਼ੀ ਖੋਹਦਾ ਨਹੀਂ। ਸਭ ਨੂੰ ਰਿਜ਼ਕ ਦੇਈ ਜਾਂਦਾ ਹੈ। ਸਤਿਗੁਰੂ ਸਾਡੇ ਸਾਰਿਆਂ 'ਤੇ ਰਹਿਮਤ ਕਰਨ।

ਗੁਰਮੁਖੋ ! ਗੁਰੂ ਬਖ਼ਸ਼ਣਹਾਰ ਹੈ। ਜੇਕਰ ਪ੍ਰਮਾਤਮਾ ਚਾਹੇ ਤਾਂ ਸਾਹ ਖਿੱਚ ਵੀ ਸਕਦਾ ਹੈ। ਜੇਕਰ ਰਹਿਮਤ ਦੇ ਘਰ ਵਿਚ ਆਵੇ ਤਾਂ ਡਿੱਗੇ ਹੋਏ ਨੂੰ ਸਾਹ ਦੇ ਕੇ ਬਚਾਅ ਵੀ ਸਕਦਾ ਹੈ। ਗੁਰੂ ਨਾਲ ਕੋਈ ਦਾਅਵਾ ਨਹੀਂ। ਜਦੋਂ ਕੋਈ ਬੁਰੇ ਕਰਮ ਕਰਕੇ ਪਛਤਾਵੇ ਵਿਚ ਅਰਦਾਸ ਕਰਦਾ ਹੈ ਤਾਂ ਉਸ ਦੇ ਮਾੜੇ ਕੀਤੇ ਹੋਏ ਕਰਮ ਕੱਟੇ ਜਾਂਦੇ ਹਨ। ਪ੍ਰਮਾਤਮਾ ਨੇ ਸਾਨੂੰ ਇਸ ਧਰਤੀ 'ਤੇ ਸੇਵਾ, ਸਿਮਰਨ. ਬੰਦਗੀ ਕਰਨ ਲਈ ਭੇਜਿਆ ਹੈ। ਸਭ ਦਾ ਭਲਾ ਮੰਗੀਏ। ਕਿਸੇ ਨਾਲ ਕਿਸੇ ਕਿਸਮ ਦਾ ਵੈਰ ਨਾ ਰੱਖੀਏ। ਸਾਡੇ ਝੁਕਣ ਵਿਚ ਹੀ ਦੇਰ ਹੈ, ਪਰ ਉਸ ਦੇ ਰਹਿਮਤ ਕਰਨ ਵਿਚ ਬਿਲਕੁਲ ਵੀ ਦੇਰ ਨਹੀਂ। ਅੰਮ੍ਰਿਤ ਵੇਲੇ ਉੱਠੀਏ। ਬਾਣੀ ਦਾ ਪਾਠ ਕਰੀਏ ਤੇ ਗੁਰੂ ਵਾਲੇ ਬਣੀਏ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸੋ ਐਸਾ ਹਰਿ ਨਾਮੁ ਧਿਆਈਐ...

ਪਰਮ ਸਨਮਾਨ ਯੋਗ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਅੰਮ੍ਰਿਤ ਬੋਲ ਹੈ :-

ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ
ਜੋ ਸਭਨਾ ਊਪਰਿ ਹੁਕਮੁ ਚਲਾਏ॥

(ਅੰਗ ੮੯)

ਇਸ ਦਾ ਅਰਥ ਹੈ ਕਿ ਹੇ ਮੇਰੇ ਮਨ ! ਤੂੰ ਉਸ ਪਰੀਪੂਰਨ ਵਾਹਿਗੁਰੂ ਜੀ ਦੇ ਨਾਮ ਨੂੰ ਧਿਆ, ਜਿਸ ਦਾ ਹੁਕਮ ਗੁਪਤ ਅਤੇ ਪ੍ਰਗਟ ਹਰ ਇਕ ਸ਼ਕਤੀ ਉੱਪਰ ਚੱਲਦਾ ਪਿਆ ਹੈ। ਜਿਸ ਦੇ ਹੁਕਮ ਸਾਹਮਣੇ ਸਾਰੇ ਝੁਕਦੇ ਹਨ।

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ॥

ਮੇਰੇ ਮਨਾ ! ਉਸ ਪ੍ਰਮਾਤਮਾ ਦੇ ਨਾਮ ਨੂੰ ਜੱਪ। ਤੀਸਰਾ ਸ਼ਬਦ :-

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ
ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ॥

ਐ ਮਨਾ ! ਤੇਰੇ ਮਨ ਦੀਆਂ ਭੁੱਖਾਂ, ਤੇਰੇ ਮਨ ਦੀਆਂ ਤ੍ਰਿਸ਼ਨਾਵਾਂ ਅਤੇ ਤੇਰੇ ਅੰਦਰ ਦੀ ਭੁੱਖ ਵੀ ਮਿੱਟ ਜਾਏਗੀ, ਜੇਕਰ ਤੂੰ ਨਾਮ ਜਪੇਂ। ਸਾਹਿਬ ਕਹਿੰਦੇ ਹਨ :-

ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ
ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ॥

ਨਾਮ ਵਿਚ ਇੰਨੀ ਵੱਡੀ ਸ਼ਕਤੀ ਹੈ ਕਿ ਨਿੰਦਿਆ ਕਰਨ ਵਾਲੇ ਵੀ ਇਕ ਦਿਨ ਝੁੱਕ ਜਾਂਦੇ ਹਨ। ਸਾਹਿਬ ਕਹਿੰਦੇ ਹਨ :-

ਨਾਨਕ ਨਾਮੁ ਅਗਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ॥

(ਅੰਗ ੮੯)

ਨਾਮ ਅੱਗੇ ਹਰ ਸ਼ਕਤੀ ਝੁੱਕਦੀ ਹੈ। ਜਿਸ ਬੰਦੇ ਦੀ ਜ਼ਬਾਨ ਤੋਂ ਹੁਕਮ ਚੱਲਦਾ ਹੋਵੇ, ਜਿਸ ਦਾ ਨਾਮ ਸਮਾਜ ਵਿਚ ਚੱਲਦਾ ਹੋਵੇ, ਜਿਸ ਦੀ ਆਵਾਜ਼ ਸਾਹਮਣੇ ਤਾਕਤਵਰ ਲੋਕ ਝੁੱਕਦੇ ਹੋਣ, ਹਰ ਬੰਦਾ ਯਤਨ ਕਰਦਾ ਹੈ ਕਿ ਜਿਸ ਬੰਦੇ ਦੀ ਸਾਰਿਆਂ ਸਾਹਮਣੇ ਚੱਲਦੀ ਹੈ, ਮੈਂ ਉਸ ਦੇ ਨਾਲ ਆਪਣਾ ਸੰਬੰਧ ਜ਼ਰੂਰ ਬਣਾਵਾਂ।

ਕਿਸੇ ਮੁਹੱਲੇ ਵਿਚ ਇਕ ਆਦਮੀ ਆਗੂ ਹੈ। ਉਸ ਬੰਦੇ ਦੀ ਕੁਝ ਕੁ ਅਫ਼ਸਰਾਂ ਤੱਕ ਚੱਲਦੀ ਹੈ ਤੇ ਆਮ ਬੰਦਾ ਯਤਨ ਕਰਦਾ ਹੈ ਕਿ ਇਸ ਬੰਦੇ ਨਾਲ ਅਸੀਂ ਜ਼ਰੂਰ ਸੰਬੰਧ ਬਣਾ ਲਈਏ, ਕਿਉਂਕਿ ਇਸ ਦੀ ਬਹੁਤ ਚੱਲਦੀ ਹੈ। ਕੱਲ ਨੂੰ ਲੋੜ ਪਏਗੀ ਤਾਂ ਇਹ ਬੰਦਾ ਮੈਨੂੰ ਕੰਮ ਦੇਵੇਗਾ। ਇਕ ਆਦਮੀ ਦੀ ਪੂਰੇ ਸ਼ਹਿਰ ਵਿਚ ਚੱਲਦੀ ਹੈ, ਹਰ ਥਾਂ 'ਤੇ ਉਸ ਦੀ ਗੱਲ ਸੁਣੀ ਜਾਂਦੀ ਹੈ ਤੇ ਲੋਕਾਂ ਦੀ ਭੀੜ ਉਸ ਦੇ ਦਰਵਾਜ਼ੇ ਅੱਗੇ ਖੜੀ ਹੋ ਜਾਂਦੀ ਹੈ ਕਿ ਇਸ ਬੰਦੇ ਨਾਲ ਭਾਵੇਂ ਜਿਵੇਂ ਮਰਜ਼ੀ ਹੋਵੇ, ਇਸ ਨੂੰ ਪੈਸਾ ਦਿਉ, ਯਤਨ ਕਰੋ ਅਤੇ ਇਸ ਨੂੰ ਘਰ ਵਿਚ ਬੁਲਾ ਕੇ ਅਦਬ ਦਿਉ, ਕਿਉਂਕਿ ਇਸ ਦੀ ਸ਼ਹਿਰ ਵਿਚ ਬੜੀ ਚੱਲਦੀ ਹੈ। ਜੇ ਇਸ ਦੇ ਨਾਲ ਸੰਬੰਧ ਬਣ ਗਿਆ ਤਾਂ ਕੱਲ ਨੂੰ ਇਹ ਸਾਡੇ ਕੰਮ ਆਵੇਗਾ। ਕਿਸੇ ਦੀ ਰਾਜ-ਪੱਧਰ ਤਕ ਚੱਲਦੀ ਹੈ। ਸੀ.ਐਮ. ਉਸ ਦਾ ਜਾਣੂ ਹੈ। ਮੰਤਰੀ ਉਸ ਦੇ ਘਰ ਵਿਚ ਆਉਂਦੇ ਹਨ ਤੇ ਬੰਦਾ ਫਿਰ ਵੀ ਯਤਨ ਕਰਦਾ ਹੈ ਕਿ ਇਸ ਤੋਂ ਅੱਗੇ ਇਸ ਨਾਲ ਸੰਬੰਧ ਬਣਾਈਏ। ਹੋਰ ਵੱਧੀ ਜਾਉ। ਜਿਸ ਦੀ ਪੂਰੇ ਮੁਲਕ ਵਿਚ ਚੱਲਦੀ ਹੈ, ਲੋਕ ਉਸ ਦੇ ਨਾਲ ਸੰਬੰਧ ਬਣਾਉਂਦੇ ਹਨ। ਲੋਕ ਇਹ ਵੀ ਸੋਚਣਗੇ ਕਿ ਅਮਰੀਕਾ ਦਾ ਪਰੈਜ਼ੀਡੈਂਟ ਹੈ। ਉਸ ਨੂੰ ਹਰ ਮੁਲਕ ਜਾਣਦਾ ਹੈ। ਉਸ ਦੀ ਹਰ ਗੱਲ ਮੰਨੀ ਜਾਏਗੀ, ਇਸ ਲਈ ਯਤਨ ਹੁੰਦਾ ਹੈ ਕਿ ਉਸ ਦੇ ਨਾਲ ਤਸਵੀਰ ਖਿਚਵਾਈ ਜਾਏ।

ਜਿਨ੍ਹਾਂ ਲੋਕਾਂ ਦੀ ਸਰਕਾਰੇ ਦਰਬਾਰੇ ਚੱਲਦੀ ਹੋਵੇ, ਅਸੀਂ ਲੋਕ ਉਹਨਾਂ ਦੇ ਵਿਜ਼ਿਟਿੰਗ ਕਾਰਡ ਵੀ ਆਪਣੀ ਜੇਬ ਵਿਚ ਪਾਈ ਰੱਖਦੇ ਹਾਂ। ਅਸੀਂ ਉਸ ਦੇ ਕਾਰਡ ਨੂੰ ਸੰਭਾਲ ਕੇ ਰੱਖਦੇ ਹਾਂ ਤੇ ਦਫ਼ਤਰ ਵਿਚ ਕਿਤੇ ਮੁਸੀਬਤ ਪੈ ਜਾਏ, ਇਥੋਂ ਤੱਕ ਕਿ ਜੇ ਕਿਤੇ ਲਾਲ ਬੱਤੀ 'ਤੇ ਪੁਲਿਸ ਵਾਲਾ ਮਿਲ ਜਾਏ ਤਾਂ ਉਸ ਨੂੰ ਉਸ ਦਾ ਵਿਜ਼ਿਟਿੰਗ ਕਾਰਡ ਕੱਢ ਕੇ ਦਿਖਾ ਦਿੰਦੇ ਹਾਂ। ਕਈ ਵਾਰੀ ਕਾਰਡ ਦੇਖ ਕੇ ਪੁਲਿਸ ਵਾਲਾ ਵੀ ਛੱਡ ਦਿੰਦਾ ਹੈ। ਜੇ ਇਸ ਬੰਦੇ ਦਾ ਨਾਮ ਦੇਖ ਕੇ ਹਕੂਮਤ ਛੱਡ ਦਿੰਦੀ ਹੈ ਤਾਂ ਹੇ ਮਨਾ ! ਤੂੰ ਪ੍ਰਮਾਤਮਾ ਦਾ ਨਾਮ ਜੱਪ, ਨਾਮ ਦੇ ਸਾਹਮਣੇ ਤਾਂ ਜਮਦੂਤ ਵੀ ਝੁੱਕ ਜਾਂਦਾ ਹੈ।

ਯਾਦ ਰੱਖਿਉ, ਦੁਨੀਆਂ ਦੇ ਅੰਦਰ ਆਦਮੀ ਜਿੰਨਾ ਮਰਜ਼ੀ ਸ਼ਕਤੀਸ਼ਾਲੀ ਹੋ ਜਾਏ, ਹਰ ਬੰਦੇ ਦਾ ਹੁਕਮ ਹਰ ਥਾਂ 'ਤੇ ਨਹੀਂ ਚੱਲਦਾ। ਹਿੰਦੁਸਤਾਨ ਦਾ ਪ੍ਰਾਈਮ ਮਨਿਸਟਰ ਹੋਵੇ, ਉਸ ਦਾ ਹੁਕਮ ਆਪਣੇ ਮੁਲਕ ਵਿਚ ਤਾਂ ਚੱਲ ਸਕਦਾ ਹੈ ਪਰ ਇਹ ਵੀ ਹੋ ਸਕਦਾ ਹੈ ਕਿ ਗੁਆਂਢੀ ਮੁਲਕ ਦਾ ਇਕ ਮੰਗਤਾ ਵੀ ਉਸ ਦੀ ਪ੍ਰਵਾਹ ਨਾ ਕਰਦਾ ਹੋਵੇ, ਕਿਉਂਕਿ ਉਸ

ਦੇ ਹੁਕਮ ਦੀ ਕੋਈ ਸੀਮਾ ਹੈ। ਉਸ ਮੁਲਕ ਦੇ ਕਾਇਦੇ ਕਾਨੂੰਨ ਵਿਚ ਤਾਂ ਉਸ ਦੀ ਗੱਲ ਸੁਣੀ ਜਾਏਗੀ, ਪਰ ਦੂਸਰਾ ਕੋਈ ਵੀ ਨਹੀਂ ਸੁਣੇਗਾ। ਪ੍ਰਮਾਤਮਾ ਦਾ ਹੁਕਮ ਸਾਰੀਆਂ ਥਾਵਾਂ 'ਤੇ ਚੱਲਦਾ ਹੈ ਪਰ ਬੰਦੇ ਦਾ ਹੁਕਮ ਸਿਰਫ਼ ਬੰਦਿਆਂ 'ਤੇ ਹੀ ਚੱਲ ਸਕਦਾ ਹੈ। ਬੰਦੇ ਦਾ ਹੁਕਮ ਬਾਹਰ ਦੀ ਬਨਸਪਤੀ ਤਾਂ ਨਹੀਂ ਮੰਨੇਗੀ। ਆਦਮੀ ਦਾ ਹੁਕਮ ਚਮਕਦੀ ਹੋਈ ਬਿਜਲੀ ਤਾਂ ਨਹੀਂ ਮੰਨੇਗੀ। ਆਦਮੀ ਦਾ ਹੁਕਮ ਵੱਗਦੇ ਹੋਏ ਦਰਿਆ ਤਾਂ ਨਹੀਂ ਮੰਨਣਗੇ। ਆਦਮੀ ਦਾ ਹੁਕਮ ਚੰਦਰਮਾ ਅਤੇ ਸੂਰਜ ਤਾਂ ਨਹੀਂ ਮੰਨੇਗਾ। ਜਿਨ੍ਹਾਂ ਲੋਕਾਂ ਦਾ ਹੁਕਮ ਹਜ਼ਾਰਾਂ ਬੰਦਿਆਂ ਉੱਤੇ ਚੱਲਦਾ ਹੈ, ਉਹ ਬੰਦੇ ਕਈ ਵਾਰੀ ਪਾਣੀ ਵਿਚ ਡੁੱਬਦੇ ਦੇਖੇ ਹਨ।

ਮਹਾਰਾਜ ਕਹਿੰਦੇ ਹਨ ਕਿ ਬੰਦੇ ਦਾ ਹੁਕਮ ਕੇਵਲ ਬੰਦੇ ਮੰਨਦੇ ਹਨ, ਪਰ ਪ੍ਰਮਾਤਮਾ ਦਾ ਹੁਕਮ ਤਾਂ ਪੂਰੀ ਕੁਦਰਤ ਮੰਨਦੀ ਪਈ ਹੈ। ਪਸ਼ੂ ਉਸ ਦੇ ਹੁਕਮ ਵਿਚ ਹਨ। ਪੰਛੀ ਉਸ ਦੇ ਹੁਕਮ ਵਿਚ ਹਨ। ਪਾਣੀ ਉਸ ਦੇ ਹੁਕਮ ਵਿਚ ਹੈ। ਅੱਗ ਉਸ ਦੇ ਹੁਕਮ ਵਿਚ ਹੈ। ਸੂਰਜ ਉਸ ਦੇ ਹੁਕਮ ਵਿਚ ਹੈ। ਚੰਦਰਮਾ ਉਸ ਦੇ ਹੁਕਮ ਵਿਚ ਹੈ। ਅਸੀਂ ਜਪੁ ਜੀ ਸਾਹਿਬ ਵਿਚ ਪੜ੍ਹਦੇ ਹਾਂ :-

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਉਸ ਦੇ ਹੁਕਮ ਵਿਚ ਆਕਾਰ ਹਨ।

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ੨॥

(ਜਪੁ ਜੀ ਸਾਹਿਬ)

ਮਹਾਰਾਜ ਕਹਿੰਦੇ ਹਨ, ਉਸ ਰੱਬ ਦਾ ਨਾਮ ਜੱਪ ਜਿਸ ਦੇ ਹੁਕਮ ਤੋਂ ਬਾਹਰ ਕੋਈ ਵੀ ਨਹੀਂ ਹੈ। ਹਰ ਸ਼ਕਤੀ ਉਸ ਰੱਬ ਦੇ ਅਧੀਨ ਹੈ। ਪ੍ਰਮਾਤਮਾ ਦਾ ਹੁਕਮ ਜਿਹੜੇ ਹੁਕਮਰਾਨ ਹਨ, ਉਹਨਾਂ ਨੂੰ ਵੀ ਝੁੱਕ ਕੇ ਮੰਨਣਾ ਪੈਂਦਾ ਹੈ। ਅਸੀਂ ਦਸਮੇਸ਼ ਪਿਤਾ ਦੇ ਅੰਮ੍ਰਿਤ ਬੋਲ ਪੜ੍ਹਦੇ ਹਾਂ :-

ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ॥
ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ॥
ਗਾੜ੍ਹੇ ਗੜ੍ਹਾਨ ਕੇ ਤੋੜਨਹਾਰ ਸੁ ਬਾਤਨ ਹੀ ਚਕ ਚਾਰ ਲਵੱਯਾ॥
ਸਾਹਿਬ ਸ੍ਰੀ ਸਭ ਕੋ ਸਿਰ ਨਾਇਕ ਜਾਚਿਕ ਅਨੇਕ ਸੁ ਏਕ ਦਿਵੱਯਾ॥

(ਅਕਾਲ ਉਸਤਤਿ)

ਸਾਹਿਬ ਕਹਿੰਦੇ ਹਨ, ਪ੍ਰਮਾਤਮਾ ਦਾ ਹੁਕਮ ਕਿੰਨ੍ਹਾਂ ਉੱਪਰ ਚੱਲਦਾ ਹੈ ? ਉਹ ਬਹਾਦਰ ਸੂਰਮੇ ਜਿਨ੍ਹਾਂ ਦੀ ਤਾਕਤ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਜਿਹੜੇ ਬਿਨਾਂ ਵਿਚਾਰਨ ਤੋਂ ਇਹ ਨਹੀਂ ਸੋਚਦੇ ਕਿ ਸਾਹਮਣੇ ਬੰਦੇ ਕੋਲ ਹਥਿਆਰ ਕਿਹੜਾ ਹੈ, ਕਦੀ ਨਹੀਂ ਸੋਚਦੇ ਕਿ ਇਸ ਬੰਦੇ ਨਾਲ ਮੈਂ ਲੜਨ ਤੁਰਿਆ ਹਾਂ, ਇਸ ਦੇ ਪਿੱਛੇ ਕਿੰਨੀ ਕੁ ਸ਼ਕਤੀ ਹੈ, ਬਿਨਾਂ ਸੋਚਣ ਤੋਂ ਸ਼ਸਤਰਾਂ ਨੂੰ ਆਪਣੇ ਸੀਨੇ ਉੱਪਰ ਜਰਨ ਦੀ ਤਾਕਤ ਰੱਖਦੇ ਹਨ। ਜਿਹੜੇ ਵੱਡੇ ਵੱਡੇ ਆਕੀ ਲੋਕ ਉਹਨਾਂ ਦੀ ਗਰਦਨ ਮਰੋੜ ਦਿੰਦੇ ਹਨ, ਜਿਹੜੇ ਦੇਸ਼ਾਂ ਦੀਆਂ ਹੱਦਾਂ ਨੂੰ ਤੋੜ ਸਕਦੇ ਹਨ, ਜਿਹੜੇ ਹਾਥੀਆਂ ਦੀ ਸੁੰਡ ਫੜ ਕੇ ਉਹਨਾਂ ਨੂੰ ਭੁਆਂ ਕੇ ਹਾਥੀਆਂ ਦਾ ਹੰਕਾਰ ਤੋੜ ਸਕਦੇ ਹਨ। ਇੰਨੀ ਵੱਡੀ ਸ਼ਕਤੀ ਉਹਨਾਂ ਕੋਲ ਹੈ। ਉਹ ਇਕ ਸ਼ਬਦ ਕਹਿਣ ਤਾਂ ਉਹਨਾਂ ਦੇ ਇਕ ਸ਼ਬਦ ਨਾਲ ਚਾਰ ਚੱਕਾਂ ਵਿਚ ਅੱਗ ਲੱਗ ਸਕਦੀ ਹੈ। ਉਹ ਵੱਡੇ-ਵੱਡੇ ਕਿਲ੍ਹਿਆਂ ਨੂੰ ਤੋੜ ਸਕਦੇ ਹਨ। ਉਹ ਬੈਠੇ-ਬੈਠੇ ਹੀ ਇਕ ਸ਼ਬਦ ਬੋਲ ਦੇਣ ਤਾਂ ਪੂਰਾ ਮੁਲਕ ਅੱਗ ਵਿਚ ਸੜ ਸਕਦਾ ਹੈ। ਇਸ ਦਾ ਮਤਲਬ ਇੰਨਾ ਬਲਸ਼ਾਲੀ ਬੰਦਾ ਜਿਹੜਾ ਸ਼ਸਤਰਾਂ ਦੀ ਪ੍ਰਵਾਹ ਨਹੀਂ ਕਰਦਾ, ਜਿਹੜਾ ਹਾਥੀਆਂ ਨੂੰ ਮਸਲ ਕੇ ਰੱਖ ਸਕਦਾ ਹੈ, ਜਿਹੜਾ ਮਜ਼ਬੂਤ ਤੋਂ ਮਜ਼ਬੂਤ ਕਿਲ੍ਹਿਆਂ ਦੀਆਂ ਦੀਵਾਰਾਂ ਤੋੜ ਸਕਦਾ ਹੈ, ਜਿਹੜਾ ਸਿਰਫ ਗੱਲਾਂ ਨਾਲ ਹੀ ਸਾਰੀ ਦੁਨੀਆਂ ਨੂੰ ਝੁਕਾ ਸਕਦਾ ਹੈ, ਧੰਨ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜੇਕਰ ਇੰਨਾ ਸ਼ਕਤੀਸ਼ਾਲੀ ਬੰਦਾ ਤੇਰੇ ਕੋਲ ਆ ਜਾਏ ਤਾਂ ਉਸ ਦੇ ਪੈਰਾਂ ਵਿਚ ਡਿੱਗੀਂ ਨਾ, ਕਿਉਂਕਿ ਇਸ ਦੇ ਵਰਗੇ ਲੱਖਾਂ ਬੰਦੇ ਰੱਬ ਦੇ ਦਰ 'ਤੇ ਭਿਖਾਰੀ ਹਨ। ਜਿਹੜਾ ਸਾਰਿਆਂ ਦਾ ਮਾਲਕ ਹੈ, ਜਿਹੜਾ ਸੂਰਮਾ ਉੱਪਰ ਗਿਣਿਆ ਹੈ, ਇਸ ਦੇ ਵਰਗੇ ਪਤਾ ਨਹੀਂ ਅਨੇਕਾਂ ਉਸ ਦੇ ਦਰ 'ਤੇ ਝੁਕੇ ਹੋਏ ਹਨ ਤੇ ਜਿਸ ਦੇ ਦਰ 'ਤੇ ਇੰਨੇ-ਇੰਨੇ ਵੱਡੇ ਹੁਕਮ ਮੰਨਦੇ ਹਨ, ਮਨਾ ! ਤੂੰ ਉਸ ਦੇ ਨਾਮ ਨੂੰ ਕਿਉਂ ਨਹੀਂ ਜੱਪਦਾ ? ਫਿਰ ਕਿਹੜੇ-ਕਿਹੜੇ ਹੁਕਮ ਮੰਨਦੇ ਹਨ ? ਸਾਹਿਬ ਕਹਿੰਦੇ ਹਨ ਕਿ ਦੁਨੀਆਂ ਦਾ ਬਾਦਸ਼ਾਹ ਦਾ ਹੁਕਮ ਆਪਣੇ ਮੁਲਕ ਤੱਕ ਹੀ ਚੱਲਦਾ ਹੈ, ਪਰ ਪ੍ਰਮਾਤਮਾ ਦਾ ਹੁਕਮ ਸਾਰੀਆਂ ਹੱਦਾਂ ਟੱਪ ਦਿੰਦਾ ਹੈ।

ਧੰਨ ਗੁਰੂ ਗੋਬਿੰਦ ਸਿੰਘ ਜੀ ਬਚਨ ਕਰਦੇ ਹਨ ਕਿ ਜਿਸ ਨੇ ਪ੍ਰਮਾਤਮਾ ਨੂੰ ਧਿਆਇਆ ਹੈ, ਉਸ ਦਾ ਕਿੱਤਾ ਕੋਈ ਵੀ ਹੋਵੇ, ਉਸ ਦੀ ਬਰਾਦਰੀ ਕੋਈ ਵੀ ਹੋਵੇ, ਉਸ ਦੀ ਬੋਲੀ ਕੋਈ ਵੀ ਹੋਵੇ, ਉਸ ਦਾ ਪਹਿਰਾਵਾ ਕੋਈ ਵੀ ਹੋਵੇ ਪਰ ਜਿਨ੍ਹਾਂ ਨੇ ਵੀ ਤੈਨੂੰ ਧਿਆਇਆ ਹੈ, ਉਹਨਾਂ ਦੇ ਅੰਦਰ ਤੇਰੀ ਸ਼ਕਤੀ ਪ੍ਰਵੇਸ਼ ਕਰ ਜਾਂਦੀ ਹੈ। ਜਿਸ ਨੇ ਪ੍ਰਮਾਤਮਾ ਨੂੰ ਧਿਆਇਆ ਹੈ, ਉਸ ਦਾ ਘਰ ਧਨ ਨਾਲ ਭਰਿਆ ਗਿਆ, ਉਸ ਦਾ ਘਰ ਪਦਾਰਥਾਂ ਨਾਲ ਭਰਿਆ ਗਿਆ। ਪੰਚਮ ਗੁਰਦੇਵ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਹਨ। ਜੋਤ ਗੁਰੂ ਨਾਨਕ ਸਾਹਿਬ ਦੀ ਹੈ। ਸਰੀਰ ਦਾ ਨਾਮ ਗੁਰੂ ਅਰਜਨ ਦੇਵ ਹੈ। ਜੇ ਦੇਹ ਰੂਪ ਵਿਚ ਅਸੀਂ ਇਤਿਹਾਸ ਪੜ੍ਹਾਂਗੇ ਤਾਂ ਲਾਹੌਰ ਦੀ ਧਰਤੀ 'ਤੇ ਤੱਤੀ ਤਵੀ ਉੱਪਰ ਬੈਠੇ। ਸੀਸ ਉੱਪਰ ਗਰਮ ਰੇਤਾ ਪਿਆ। ਅਸੀਂ ਚੈਪਟਰ ਕਲੋਜ਼ ਕਰਦਿਆਂ ਇਹੀ ਹੀ ਕਹਾਂਗੇ ਕਿ ਇਸ ਤਰੀਕ ਨੂੰ ਜਨਮ ਹੋਇਆ,

ਇਸ ਤਰੀਕ ਨੂੰ ਹਜ਼ੂਰ ਦੀ ਸ਼ਹਾਦਤ ਹੋਈ। ਦੇਹ ਤਾਂ ਸੱਚਮੁੱਚ ਤੱਤੀ ਤਵੀ ਉੱਪਰ ਬਿਠਾਈ ਗਈ ਜਿਸ ਦੇਹ ਦਾ ਨਾਮ ਗੁਰੂ ਅਰਜਨ ਦੇਵ ਜੀ ਹੈ, ਉਸ ਦੇਹ ਵਿਚ ਜੋਤ ਗੁਰੂ ਨਾਨਕ ਸਾਹਿਬ ਦੀ ਹੈ, ਪਰੰਤੂ ਗੁਰੂ ਗ੍ਰੰਥ ਸਾਹਿਬ ਕਹਿ ਰਹੇ ਹਨ ਕਿ ਜਿਸ ਦੇਹ ਦਾ ਨਾਮ ਅਰਜਨ ਦੇਵ ਜੀ ਹੈ, ਜਿਹੜਾ ਗੁਰੂ ਅਰਜਨ ਦੇਵ ਜੀ ਦਾ ਨਾਮ ਲਏਗਾ, ਉਹ ਭਵ-ਸਾਗਰ ਤੋਂ ਤਰ ਜਾਏਗਾ। ਹਜ਼ੂਰ ਗੁਰੂ ਅਰਜਨ ਦੇਵ ਜੀ ਕਲਯੁੱਗ ਦੇ ਜਹਾਜ਼ ਹਨ, ਜਿਹੜੇ ਪੂਰੀ ਸ੍ਰਿਸ਼ਟੀ ਨੂੰ ਭਵ-ਸਾਗਰ ਤੋਂ ਪਾਰ ਕਰਨ ਦੀ ਸਮਰੱਥਾ ਰੱਖਦੇ ਹਨ।

ਹਰ ਚੀਜ਼ ਵਿਚ ਔਗੁਣ ਹਨ ਅਤੇ ਹਰ ਚੀਜ਼ ਵਿਚ ਗੁਣ ਵੀ ਹਨ। ਗਰਮੀ ਵਿਚ ਬੈਠੇ ਹਾਂ, ਪੱਖੇ ਚੱਲ ਰਹੇ ਹਨ। ਇਹ ਸਹੂਲਤ ਹੈ, ਸੁੱਖ ਹੈ, ਪਰ ਜੇ ਕਿਸੇ ਦਾ ਹੱਥ ਉਸ ਤਾਰ ਨੂੰ ਲੱਗ ਜਾਏ, ਜਿਹੜੀ ਗਰਮੀ ਦੂਰ ਕਰਦੀ ਹੈ ਤਾਂ ਉਹ ਹੀ ਤਾਰ ਮੌਤ ਦੀ ਝੋਲੀ ਵਿਚ ਵੀ ਲਿਜਾ ਸਕਦੀ ਹੈ। ਪਾਣੀ ਜ਼ਿੰਦਗੀ ਦਾ ਆਧਾਰ ਹੈ। ਪਿਆਸੇ ਨੂੰ ਪਾਣੀ ਮਿਲੇ ਤਾਂ ਜ਼ਿੰਦਗੀ ਮਿਲੇਗੀ ਤੇ ਪਾਣੀ ਵਿਚ ਕੋਈ ਡੁੱਬ ਜਾਏ ਤਾਂ ਉਸ ਨੂੰ ਮੌਤ ਮਿਲੇਗੀ। ਅੱਗ ਬਾਲੀਏ ਤਾਂ ਉਸ ਦਾ ਸੇਕ ਨਿੱਘ ਦਿੰਦਾ ਹੈ। ਅੱਗ ਨਾਲ ਰਸੋਈ ਵਿਚ ਰੋਟੀ ਪਕਾਵਾਂਗੇ ਪਰ ਕਿਤੇ ਜਿਸਮ ਨੂੰ ਅੱਗ ਲੱਗ ਜਾਏ ਤਾਂ ਸਾੜ ਕੇ ਰਾਖ ਕਰ ਦੇਵੇਗੀ। ਦੇਹ ਨੂੰ ਸਮਝੀਏ। ਇਸ ਦੇਹ ਵਿਚ ਜੇਕਰ ਕੋਈ ਔਗੁਣਾਂ ਵਾਲੇ ਪਾਸੇ ਤੁਰੇਗਾ ਤਾਂ ਇਸ ਤੋਂ ਬੁਰੀ ਗੱਲ ਹੋਰ ਕੋਈ ਨਹੀਂ। ਜੇ ਕੋਈ ਜੀਵ ਬੰਦਗੀ ਵਾਲੇ ਪਾਸੇ ਤੁਰ ਪਏਗਾ ਤਾਂ ਰੱਬ ਦਾ ਸਿੰਘਾਸਣ ਹੀ ਦੇਹੀ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ ਇਸ ਦੇਹੀ ਅੰਦਰ ਕੀ ਹੈ ? ਕਹਿੰਦੇ ਹਨ :-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥

ਕਾਮ ਇਸ ਦੇ ਵਿਚ ਹੈ, ਕ੍ਰੋਧ ਇਸ ਦੇ ਵਿਚ ਹੈ, ਲਾਲਚ ਤੇ ਹੰਕਾਰ ਇਸ ਦੇ ਵਿਚ ਹੈ।

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥

(ਅੰਗ ੬੦੦)

ਮਹਾਰਾਜ ਜੀ ਨੇ ਕਿਹਾ ਕਿ ਹੇ ਮੇਰੇ ਮਾਲਕ ! ਇਸ ਦੇਹੀ ਦੇ ਅੰਦਰ ਪੰਜ ਠੱਗ ਹਨ। ਇਸ ਦੇਹੀ ਵਿਚ ਅੱਗ ਦੀਆਂ ਨਦੀਆਂ ਹਨ।

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥

(ਅੰਗ ੧੪੭)

ਹਿੰਸਾ ਦੀ, ਲਾਲਚ ਦੀ ਅੱਗ ਚਾਰੇ ਪਾਸੇ ਹੈ। ਮਹਾਰਾਜ ਨੇ ਇਕ ਬਚਨ ਹੋਰ ਕਿਹਾ :-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥

(ਅੰਗ ੬੫੯)

ਗੁਰੂ ਸਾਹਿਬ ਕਹਿਣ ਲੱਗੇ ਕਿ ਇਹ ਤਾਂ ਗੰਦਗੀ ਦੀ ਪੋਟਲੀ ਹੈ, ਜਿਸ ਨੂੰ ਰੱਬ ਨੇ

ਚਮੜੀ ਦਾ ਲੇਪਨ ਕਰਕੇ ਢੱਕਿਆ ਹੋਇਆ ਹੈ। ਇਹ ਲੇਪਨ ਕਰਕੇ ਬੜਾ ਸੋਹਣਾ ਲੱਗਦਾ ਹੈ ਪਰ ਜੇ ਕਿਤੇ ਗੰਦਗੀ ਬਾਹਰ ਆ ਜਾਏ ਤਾਂ ਉਸੇ ਦੇਹੀ ਤੋਂ ਬੰਦੇ ਨਫ਼ਰਤ ਕਰਦੇ ਹਨ। ਇਸ ਦਾ ਮਤਲਬ Physical ਤੌਰ 'ਤੇ ਇਸ ਦੇ ਕੋਲ ਹੱਡੀਆਂ ਹਨ, ਮਿੱਝ ਹੈ, ਗੰਦ ਦੀ ਪੋਟਲੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਕੱਲੇ ਵਿਕਾਰ ਹੀ ਨਹੀਂ, ਇਕੱਲੀ ਗੰਦਗੀ ਹੀ ਨਹੀਂ, ਇਸ ਨੂੰ ਸਮਝ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥

ਇਸ ਦੇ ਵਿਚ ਤਾਂ ਨਾਮ ਹੈ। ਇਸ ਦੇ ਵਿਚ ਤਾਂ ਪ੍ਰਭੂ ਜੀ ਹਨ।

ਸੁੰਨ ਸਮਾਧਿ ਅਨਹਤ ਤਹ ਨਾਦ॥

ਇਸ ਦੇ ਵਿਚ ਇਕ ਕੀਰਤਨ ਚੱਲ ਰਿਹਾ ਹੈ।

ਕਹਨੁ ਨ ਜਾਈ ਅਚਰਜ ਬਿਸਮਾਦ॥

(ਅੰਗ ੨੯੩)

ਦੇਹੀ ਵਿਚ ਕੀ ਹੈ ? ਕਹਿਣ ਲੱਗੇ :-

ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ

(ਅੰਗ ੧੩੪੯)

ਦੇਹੀ ਵਿਚ ਤਾਂ ਭਗਵਾਨ ਦਾ ਮੰਦਿਰ ਹੈ। ਜੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੋ ਤਾਂ ਸਾਹਿਬ ਕਹਿੰਦੇ ਹਨ, ਦੇਹੀ ਵਿਚ ਮਸਜਿਦ ਹੈ। ਦੇਹੀ ਵਿਚ ਮੰਦਿਰ ਹੈ। ਮੈਨੂੰ ਬਖ਼ਸ਼ ਦਿਆ ਜੇ ਪਰ ਦੇਹੀ ਵਿਚ ਗੁਰਦੁਆਰਾ ਨਹੀਂ। ਗੁਰੂ ਅਰਜਨ ਦੇਵ ਜੀ ਨੂੰ ਜਿਨ੍ਹਾਂ ਨੇ ਜੱਪਿਆ ਹੈ, ਉਹ ਜਨਮ ਮਰਨ ਤੋਂ ਬਚ ਗਏ। ਪਰ ਦੇਖੋ, ਉਹਨਾਂ ਉੱਪਰ ਵੀ ਕੋਈ ਹੁਕਮ ਚਲਾਉਣ ਲਈ ਆਇਆ। ਪਰ ਗੁਰੂ ਅਰਜਨ ਦੇਵ ਜੀ ਨੇ ਕਿਹਾ, ਸਿੱਖੋ ! ਘਬਰਾਇਉ ਨਾ, ਇਸ ਦਾ ਹੁਕਮ ਸਿਰਫ਼ ਇਸ ਖਿੱਤੇ ਤੱਕ ਕੁਝ ਸਰੀਰਾਂ 'ਤੇ ਹੀ ਚੱਲਦਾ ਹੈ। ਆਉ ਉਸ ਪ੍ਰਮਾਤਮਾ ਦਾ ਚਿੰਤਨ ਕਰੀਏ, ਜਿਸ ਦਾ ਹੁਕਮ ਸਭ ਉੱਪਰ ਚੱਲਦਾ ਹੈ ਤੇ ਪਤਾ ਨਹੀਂ ਉਸ ਨੇ ਕਦੋਂ ਆਪਣੇ ਹੁਕਮ ਦੀ ਚਿੱਠੀ ਭੇਜ ਦੇਣੀ ਹੈ।

ਧੰਨ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਬਿਰਾਜਮਾਨ ਹਨ। ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਪਹਿਲਾ ਵਿਰੋਧੀ ਉਹਨਾਂ ਦਾ ਸੱਕਾ ਭਰਾ ਬਾਬਾ ਪ੍ਰਿਥੀਆ ਹੈ। ਇਕੱਲਾ ਗੱਲਾਂ ਕਰਕੇ ਹੀ ਵਿਰੋਧ ਨਹੀਂ, ਧਨ ਕਰਕੇ ਵਿਰੋਧ ਨਹੀਂ ਜਾਂ ਸ਼ਰੀਕੇ ਕਰਕੇ ਵਿਰੋਧ ਨਹੀਂ, ਉਹ ਵਿਰੋਧ ਕਰਦੇ-ਕਰਦੇ ਇਥੋਂ ਤੱਕ ਜਾ ਪਹੁੰਚੇ ਕਿ ਉਹਨਾਂ ਨੂੰ ਗੁਰੂ ਅਰਜਨ ਦੇਵ ਜੀ ਦਾ ਵਜੂਦ ਵੀ ਚੰਗਾ ਨਹੀਂ ਸੀ ਲੱਗਦਾ। ਉਹ ਚਾਹੁੰਦਾ ਹੈ ਕਿ ਮੈਨੂੰ ਠੰਢ ਤਾਂ ਮਿਲੇਗੀ ਜੇ ਗੁਰੂ ਅਰਜਨ ਦੇਵ ਜੀ ਨੂੰ ਖ਼ਤਮ ਕਰ ਦਿਉ। ਸੁਲਹੀ ਖ਼ਾਨ ਚੜ੍ਹ ਕੇ ਆਇਆ ਹੈ। ਉਹ

ਤਾਕਤਵਰ ਹੈ। ਉਸ ਨੂੰ ਪ੍ਰਿਥੀਏ ਨੇ ਪ੍ਰੇਰਿਆ ਹੈ। ਸੁਲਹੀ ਕੋਲ ਜਾ ਕੇ ਉਸ ਨੇ ਫ਼ਰਿਆਦ ਕੀਤੀ ਕਿ ਕਿਸੇ ਢੰਗ ਤਰੀਕੇ ਨਾਲ ਗੁਰੂ ਅਰਜਨ ਦੇਵ ਜੀ ਨੂੰ ਹਟਾ ਕੇ ਗੱਦੀ ਮੈਨੂੰ ਦਿਵਾ ਦਿਉ।

ਗੁਰਮੁਖੋ ! ਗੁਰੂ ਦੀ ਜੋਤ ਨਾ ਤਾਂ ਗੱਦੀਆਂ ਦੀ ਮੁਹਤਾਜ ਹੈ, ਨਾ ਮੱਥੇ ਟੇਕਣ ਦੀ ਮੁਥਾਜ ਹੈ, ਨਾ ਪੱਗਾਂ ਦੀ ਮੁਥਾਜ ਹੈ। ਸੱਚੇ ਪਾਤਿਸ਼ਾਹ ਕੋਲ ਅਗੰਮੀ ਦਾਤ ਹੈ। ਜੋਤ ਕੋਈ ਧੱਕੇ ਨਾਲ ਨਹੀਂ ਲੈ ਸਕਦਾ। ਸੁਲਹੀ ਕੋਲ ਫ਼ੌਜ ਹੈ। ਉਸ ਦੇ ਕੋਲ ਸਿਪਾਹੀ ਹਨ। ਗੁਰੂ ਅਰਜਨ ਦੇਵ ਜੀ ਕੋਲ ਖ਼ਬਰ ਪਹੁੰਚ ਗਈ ਹੈ ਕਿ ਸੁਲਹੀ ਚੜ੍ਹ ਕੇ ਆ ਗਿਆ ਹੈ। ਉਸ ਨੇ ਪ੍ਰਿਥੀਏ ਨੂੰ ਇਹ ਵੀ ਕਹਿ ਦਿੱਤਾ ਹੈ ਕਿ ਮੈਨੂੰ ਪਹੁੰਚ ਲੈਣ ਦੇ, ਮੈਂ ਗੁਰੂ ਅਰਜਨ ਦੇਵ ਦਾ ਨਾਮ ਮਿਟਾ ਦੇਵਾਂਗਾ। ਹੁਣ ਗੁਰੂ ਅਰਜਨ ਦੇਵ ਕੋਲ ਜਦੋਂ ਸੁਨੇਹਾ ਪਹੁੰਚਦਾ ਹੈ ਤਾਂ ਉਥੇ ਸਭ ਦੀ ਅਵਸਥਾ ਇਕੋ ਜਿਹੀ ਨਹੀਂ। ਕੁਝ ਕਮਜ਼ੋਰ ਕਹਿ ਰਹੇ ਹਨ ਕਿ ਮਹਾਰਾਜ ਕੁਝ ਕਰੋ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮੁਤਾਬਕ ਇਹ ਸ਼ਬਦ ਕਿਹਾ ਜਾਂਦਾ ਹੈ :-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥

ਪਹਿਲਾਂ ਇਹ ਸਲਾਹ ਹੋਈ ਕਿ ਕੋਈ ਚਿੱਠੀ ਭੇਜੋ ਜਿਸ ਵਿਚ ਸੁਲਹੀ ਖ਼ਾਂ ਨੂੰ ਕਿਹਾ ਜਾਏ ਕਿ ਤੇਰਾ ਸਾਡਾ ਕੋਈ ਵਿਗਾੜ ਨਹੀਂ, ਅਸੀਂ ਸੁਲਾਹ ਕਰ ਲਈਏ। ਹਜ਼ੂਰ ਨੇ ਕਿਹਾ, ਨਹੀਂ।

ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥

ਦੂਜੀ ਸਲਾਹ ਦਿੱਤੀ ਗਈ ਕਿ ਦੋ ਆਦਮੀ ਭੇਜ ਕੇ ਉਸ ਨਾਲ ਗੱਲ ਤਾਂ ਕਰੋ। ਸਾਹਿਬ ਨੇ ਕਿਹਾ ਕਿ ਨਾ ਪੱਤ੍ਰਿਕਾ ਅਤੇ ਨਾ ਹੀ ਕੋਈ ਆਦਮੀ ਭੇਜਣਾ ਹੈ।

ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥

(ਅੰਗ ੩੭੧)

ਕਹਿਣ ਲੱਗੇ, ਪਹਿਲੀ ਗੱਲ ਛੱਡਿਆ ਨਹੀਂ ਜਾਂਦਾ। ਇਧਰ ਮਨ ਨਾਮ ਜੱਪਦਾ ਹੈ ਤੇ ਦੂਜੇ ਪਾਸੇ ਕਹਿੰਦਾ ਹੈ ਕਿ ਕੋਈ ਗੱਲ ਨਹੀਂ, ਮੇਰੇ ਭਰਾਵਾਂ ਕੋਲ ਬੜੀ ਤਾਕਤ ਹੈ। ਸਭ ਕੁਝ ਛੱਡਣਾ ਪਏਗਾ ਤਾਂ ਨਾਮ ਦੀ ਬਉੜੀ ਹੋਵੇਗੀ। ਗੁਰੂ ਅਰਜਨ ਦੇਵ ਜੀ ਨੇ ਕਿਸੇ ਬਲ ਦਾ ਸਹਾਰਾ ਨਹੀਂ ਲਿਆ, ਹਰ ਚੀਜ਼ ਨੂੰ ਛੱਡ ਦਿੱਤਾ। ਕਹਿਣ ਲੱਗੇ ਕਿ ਪ੍ਰਮਾਤਮਾ ! ਮੈਂ ਤਾਂ ਕੇਵਲ ਤੇਰੇ ਸਹਾਰੇ 'ਤੇ ਹੀ ਜੀਊਂਦਾ ਹਾਂ, ਕਿਉਂਕਿ ਸੁਲਹੀ ਤਾਂ ਬਹੁਤ ਕੁਝ ਕਹਿ ਰਿਹਾ ਹੈ, ਪਰ ਸਾਨੂੰ ਪਤਾ ਹੈ ਕਿ ਤੇਰੇ ਹੁਕਮ ਨਾਲ ਕੋਈ ਹੋਰ ਖੇਡ ਵੀ ਵਾਪਰ ਸਕਦੀ ਹੈ। ਹੁਣ ਇਹ ਇਕੱਲੀ ਸਾਖੀ ਨਹੀਂ। ਜੇ ਇਕੱਲੀ ਸਾਖੀ ਹੁੰਦੀ ਤਾਂ ਅੱਜ ਦੇ ਵਿਦਵਾਨਾਂ ਨੇ ਇਸ ਨੂੰ ਉਸੇ ਟਾਈਮ ਖੱਜਲ ਕਰ ਦੇਣਾ ਸੀ।

ਚੇਤੇ ਰੱਖਿਉ, ਇਸ ਦੁਨੀਆਂ ਵਿਚ ਖੰਡਨ ਕਰਨਾ ਬਹੁਤ ਸੌਖਾ ਹੈ ਪਰ ਅੱਜ ਦਾ ਸਾਡਾ ਸਿੱਖ ਸਮਾਜ, ਜਿਹੜਾ ਸਭ ਤੋਂ ਜ਼ਿਆਦਾ ਤਾਰਕਿਕ ਹੋਵੇ, ਉਸ ਨੂੰ ਕਹਿੰਦਾ ਹੈ ਕਿ ਇਸ ਦੇ ਵਰਗਾ ਵਿਦਵਾਨ ਕੋਈ ਨਹੀਂ। ਇਸ ਦੁਨੀਆਂ ਵਿਚ ਤੋੜਨਾ ਬਿਲਕੁਲ ਸੌਖਾ ਹੈ, ਪਰ ਜੋੜਨ ਲਈ ਸਮਾਂ ਲੱਗਦਾ ਹੈ। ਇਹ ਸਰੀਰ ਜਿਹੜਾ ਅਸੀਂ ਲੈ ਕੇ ਬੈਠੇ ਹਾਂ, ਇਕ ਸਾਹ ਟੁੱਟਿਆ ਤਾਂ ਮੌਤ, ਪਰ ਬਣਦਿਆਂ ਪੁੱਛੋ ਕਦੀ, ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਬਣਦਿਆਂ ਛੇ ਮਹੀਨੇ ਲੱਗੇ, ਤੋੜਦਿਆਂ ਇਕ ਖਿਨ ਲੱਗਾ। ਇਮਾਰਤਾਂ ਬਣਾਉਂਦੇ ਹਾਂ, ਕਿੰਨਾ ਸਮਾਂ ਲੱਗਦਾ ਹੈ। ਥੱਲੇ ਜ਼ਮੀਨ ਨੂੰ ਪੁੱਟ ਕੇ ਗਹਿਰਾਈ ਵਿਚ ਜਾਂਦੇ ਹਨ। ਗੁਰਮੁਖੋ ! ਬਣਾਉਂਦਿਆਂ ਕਈ ਸਾਲ ਲੱਗਣਗੇ, ਪਰ ਇਕ ਬਲਾਸਟ ਕਰ ਦਿਉ ਤਾਂ ਕਈ ਸਾਲਾਂ ਦੀ ਬਣੀ ਇਮਾਰਤ ਨੂੰ ਤੋੜ ਕੇ ਰਾਖ ਕਰ ਦੇਵੇ। ਕਿਸੇ ਚੀਜ਼ ਨੂੰ ਅੰਦਰ ਭਾਵਨਾ ਨਾਲ ਮੰਨਣ ਲਈ ਸਮਾਂ ਲੱਗਦਾ ਹੈ। ਪਰ ਭਾਵਨਾ ਟੁੱਟਣ ਲਈ ਇਕ ਖਿਨ ਵੀ ਨਹੀਂ ਲੱਗਦਾ।

ਸੁਲਹੀ ਆਇਆ ਤੇ ਪ੍ਰਿਥੀਏ ਦੇ ਕੋਲ ਟਿੱਕਿਆ ਤੇ ਮਨ ਵਿਚ ਆਇਆ ਕਿ ਚੱਲੋ ਆਪਣੇ ਇੱਟਾਂ ਦੇ ਆਵੇ ਦਿਖਾਵਾਂ। ਜਾ ਕੇ ਦੱਸਾਂ ਕਿ ਦੇਖ ਮੇਰਾ ਕੰਮਕਾਰ ਕਿੰਨਾ ਹੈ ਤੇ ਮੈਂ ਪ੍ਰਭਾਵ ਪਾਵਾਂਗਾ ਕਿ ਮੇਰੇ ਕੋਲ ਤਾਕਤ ਹੈ, ਮੇਰੇ ਕੋਲ ਜ਼ਮੀਨ ਹੈ, ਮੇਰੇ ਕੋਲ ਉਸਾਰੀ ਹੈ, ਮੇਰੇ ਕੋਲ ਪੈਸਾ ਹੈ। ਹੁਣ ਇੱਟਾਂ ਦੇ ਜਿਹੜੇ ਆਵੇ ਸਨ, ਉਹ ਪਹਿਲਾਂ ਕੱਚੀਆਂ ਇੱਟਾਂ ਜੋੜਦੇ ਸਨ। ਫਿਰ ਉੱਤੇ ਉਹਨਾਂ ਨੇ ਕੋਲੇ ਰੱਖਣੇ ਜਾਂ ਸੁੱਕਾ ਗੋਹਿਆ ਰੱਖਣਾ। ਉਹ ਕਿੰਨੇ-ਕਿੰਨੇ ਮਹੀਨੇ ਲੱਗ ਜਾਂਦੇ ਸਨ। ਪਰ ਜਿਉਂ-ਜਿਉਂ ਪੱਕਦੇ ਸਨ, ਇੱਟ ਪੱਕੀ ਹੁੰਦੀ ਜਾਂਦੀ ਸੀ। ਉਹ ਸੁਲਹੀ ਨੂੰ ਇੱਟਾਂ ਦੇ ਆਵੇ ਦਿਖਾਉਣ ਲਈ ਚਲਾ ਗਿਆ। ਦੋਨੋਂ ਘੋੜਿਆਂ 'ਤੇ ਅਸਵਾਰ ਹਨ। ਬੱਲਦੀ ਹੋਈ ਅੱਗ ਦੇਖ ਕੇ ਸੁਲਹੀ ਨੇ ਕਿਤੇ ਘੋੜੇ ਨੂੰ ਅੱਡੀ ਲਾਈ। ਉਹ ਅੱਡੀ ਲੱਗਣ ਦੀ ਦੇਰ ਸੀ ਕਿ ਘੋੜਾ ਵਿਚਲਤ ਹੋ ਗਿਆ ਅਤੇ ਘੋੜੇ ਦਾ ਸਵਾਰ ਉਸ ਬੱਲਦੀ ਹੋਈ ਅੱਗ ਦੇ ਲਾਮਬੂੰ ਵਿਚ, ਸੁਲਹੀ ਖ਼ਾਂ ਸਮੇਤ ਉਸ ਦਾ ਘੋੜਾ ਡਿੱਗਿਆ ਤੇ ਬਸ ਅੱਗ ਦੇ ਭਾਂਬੜ ਨੇ ਸੁਲਹੀ ਨੂੰ ਇਕ ਖਿਨ ਵਿਚ ਸਾੜ ਕੇ ਸੁਆਹ ਕਰ ਦਿੱਤਾ।

ਗੁਰਮੁਖੋ ! ਇਕ ਗੱਲ ਯਾਦ ਰੱਖਿਉ, ਬੰਦੇ ਦਾ ਹੁਕਮ ਰੱਬ ਦੇ ਹੁਕਮ ਦੀ ਬਰਾਬਰੀ ਨਹੀਂ ਕਰ ਸਕਦਾ। ਗੁਰੂ ਅਰਜਨ ਦੇਵ ਜੀ ਤੱਕ ਸੁਨੇਹਾ ਪਹੁੰਚ ਗਿਆ ਕਿ ਮਹਾਰਾਜ ! ਸੁਲਹੀ ਖ਼ਾਂ ਤਾਂ ਇੱਟਾਂ ਦੇ ਆਵੇ ਵਿਚ ਹੀ ਸੜ ਕੇ ਸੁਆਹ ਹੋ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਉਥੇ ਇਹ ਸ਼ਬਦ ਉਚਾਰਿਆ :-

ਸੁਲਹੀ ਤੇ ਨਾਰਾਇਣ ਰਾਖੁ ॥

ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥

ਆਪਣੇ ਧਰਮ ਮੁਤਾਬਿਕ ਉਹ ਨਾਪਾਕ ਹੋ ਕੇ ਮਰਿਆ ਹੈ, ਕਿਉਂਕਿ ਮੁਸਲਮਾਨੀ ਧਰਮ ਵਿਚ ਮੁਰਦੇ ਨੂੰ ਸਾੜਿਆ ਨਹੀਂ ਸੀ ਜਾਂਦਾ, ਦੱਬਣ ਦਾ ਹੀ ਇਹਨਾਂ ਵਿਚ ਰਿਵਾਜ ਹੈ, ਸਾੜਨ ਨਾਲ ਨਰਕ ਵਿਚ ਜਾਂਦਾ ਹੈ।

ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥
2 *ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥*
ਕਹੁ ਨਾਨਕ ਤਿਸ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ੨ ॥

(ਅੰਗ ੮੨੫)

ਉਸ ਪ੍ਰਮਾਤਮਾ ਤੋਂ ਕੁਰਬਾਨ ਜਾ ਜਿਹੜਾ ਆਪਣੇ ਸੇਵਕਾਂ ਦੇ ਵਾਕ ਪੂਰੇ ਕਰਦਾ ਹੈ।

ਸੋ ਐਸਾ ਹਰਿ ਨਾਮੁ ਮਨ ਮੇਰੇ ਜੋ ਸਭਨਾ ਉਪਰ ਹੁਕਮੁ ਚਲਾਏ ॥

ਹੇ ਮੇਰੇ ਮਨਾ ! ਉਸ ਪ੍ਰਮਾਤਮਾ ਜੀ ਦੇ ਨਾਮ ਨੂੰ ਸਦਾ ਧਿਆ ਜਿਸ ਪ੍ਰਮਾਤਮਾ ਦਾ ਹੁਕਮ ਸਮੁੱਚੀ ਕਾਇਨਾਤ ਦੇ ਉੱਪਰ ਚੱਲਦਾ ਹੈ।

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ ॥

ਮੇਰੇ ਮਨਾ ! ਉਸ ਪ੍ਰਮਾਤਮਾ ਦੇ ਨਾਮ ਨੂੰ ਜੱਪ। ਜਦੋਂ ਅੰਤਲਾ ਸਮਾਂ ਆਇਆ ਤਾਂ ਪਮਾਤਮਾ ਦਾ ਨਾਮ ਤੇਰੀ ਬੰਦ ਖਲਾਸੀ ਲਈ ਸਹਾਈ ਹੋਵੇਗਾ। ਤੀਸਰਾ ਬਚਨ :-

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥

ਉਸ ਪ੍ਰਮਾਤਮਾ ਦੇ ਨਾਮ ਨੂੰ ਜੱਪ, ਜਿਹੜਾ ਤੇਰੇ ਮਨ ਦੀ ਭੁੱਖ ਨੂੰ ਦੂਰ ਕਰੇਗਾ। ਇਸ ਤੋਂ ਅਗਲਾ ਬਚਨ ਹੈ :-

ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ

ਵੱਡਿਆਂ ਭਾਗਾਂ ਵਾਲਿਆਂ ਨੇ, ਜਿਹੜੇ ਗੁਰੂ ਦੇ ਸਨਮੁਖ ਹੋਏ, ਉਹਨਾਂ ਨਾਮ ਜੱਪਿਆ ਤੇ ਉਸ ਨਾਮ ਦੀ ਕ੍ਰਿਪਾ ਨਾਲ ਨਿੰਦਕ, ਦੁਸ਼ਟ ਅਤੇ ਕ੍ਰੋਧ ਕਰਨ ਵਾਲੇ ਬੰਦੇ ਵੀ ਨਾਮੀ ਦੇ ਸਾਹਮਣੇ ਝੁੱਕ ਗਏ।

ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥
ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ॥

(ਅੰਗ ੮੯)

ਹਰ ਬੰਦੇ ਦੀ ਸ਼ਕਤੀ ਸੀਮਤ ਹੈ। ਸਾਰਿਆਂ ਥਾਵਾਂ 'ਤੇ ਜੇ ਕਿਸੇ ਦਾ ਹੁਕਮ ਚੱਲਦਾ ਹੈ ਤਾਂ ਕੇਵਲ ਪ੍ਰਮਾਤਮਾ ਦਾ ਹੀ ਚੱਲਦਾ ਹੈ। ਜਦੋਂ ਪ੍ਰਮਾਤਮਾ ਦੇ ਨਾਮ ਨੂੰ ਕੋਈ ਧਿਆਉਂਦਾ ਹੈ ਤਾਂ ਫਿਰ ਯਾਦ ਰੱਖਿਉ, ਜਿਵੇਂ ਪ੍ਰਮਾਤਮਾ ਦੇ ਸ਼ਬਦ ਨੂੰ ਕੋਈ ਮੋੜਦਾ ਨਹੀਂ, ਬੰਦਗੀ ਕਰਨ ਵਾਲੇ ਦੀ ਜ਼ਬਾਨ ਵਿਚ ਇੰਨੀ ਸ਼ਕਤੀ ਆ ਜਾਂਦੀ ਹੈ ਕਿ ਉਸ ਦੇ ਹੁਕਮ ਨੂੰ ਵੀ ਸੰਸਾਰ ਦੀ ਕੋਈ ਵੀ ਤਾਕਤ ਮੋੜ ਨਹੀਂ ਸਕਦੀ। ਅਸੀਂ ਇਹ ਸ਼ਬਦ ਪੜ੍ਹਦੇ ਹਾਂ :-

ਜਾ ਕਾ ਕਹਿਆ ਦਰਗਹ ਚਲੈ॥

(ਅੰਗ ੧੮੬)

ਉਸ ਦੇ ਬੋਲਾਂ ਵਿਚ ਇੰਨੀ ਸ਼ਕਤੀ ਆ ਜਾਂਦੀ ਹੈ ਕਿ ਪ੍ਰਮਾਤਮਾ ਦੀ ਦਰਗਾਹ ਵਿਚ, ਜਿਥੇ ਜਾਤ ਨਹੀਂ ਚੱਲਦੀ, ਰੂਪ ਨਹੀਂ ਚੱਲਦਾ, ਧਨ ਨਹੀਂ ਚੱਲਦਾ, ਪੱਦਵੀ ਨਹੀਂ ਚੱਲਦੀ, ਸਿਆਣਪ ਨਹੀਂ ਚੱਲਦੀ, ਬੰਦਗੀ ਕਰਨ ਵਾਲਾ ਅਰਦਾਸ ਕਰਦਾ ਹੈ ਤਾਂ ਉਸ ਦੇ ਸ਼ਬਦ ਰੱਬ ਦੀ ਦਰਗਾਹ ਵਿਚ ਵੀ ਚੱਲਦੇ ਹਨ। ਅਸੀਂ ਆਪਣੇ ਸਰੀਰ ਲਈ ਬਹੁਤ ਕੁਝ ਕਮਾਇਆ ਹੈ। ਸੁੰਦਰ ਬਸਤਰ ਚਮੜੀ ਢੱਕਣ ਲਈ ਹਨ, ਆਤਮਾ ਲਈ ਨਹੀਂ। ਸੁਆਦਿਸ਼ਟ ਭੋਜਨ ਸਰੀਰ ਦੀ ਐਨਰਜੀ ਲਈ ਹਨ, ਆਤਮਾ ਲਈ ਨਹੀਂ। ਦੁਨੀਆਂ ਦੇ ਹਾਰ ਸ਼ਿੰਗਾਰ ਕੇਵਲ ਚਮੜੀ ਲਈ ਹਨ, ਪਰ ਅੰਦਰਲੀ ਆਤਮਾ ਲਈ ਜਾਂ ਮਨ ਲਈ ਨਹੀਂ। ਹਜ਼ੂਰ ਨੇ ਇਕ ਬਚਨ ਕੀਤਾ ਕਿ ਭਾਈ, ਆਪਣੇ ਅੰਦਰ ਲਈ ਤੂੰ ਕੀ ਕੀਤਾ ਹੈ ? ਧੰਨ ਗੁਰੂ ਨਾਨਕ ਸਾਹਿਬ ਕਹਿਣ ਲੱਗੇ ਕਿ ਜੇਕਰ ਅੰਦਰ ਲਈ ਕੁਝ ਕਰਨਾ ਹੈ ਤਾਂ ਫਿਰ ਇਕ ਕੰਮ ਕਰ :-

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥

ਉਹ ਚੀਜ਼ ਵਿਹਾ ਜਿਹੜੀ ਤੇਰੇ ਨਾਲ ਨਿਭੇ ਅਤੇ ਉਹ ਚੀਜ਼ ਹੈ ਨਾਮ।

ਅਗੈ ਸਾਹੁ ਸੁਜਾਣੁ ਹੈ

ਬੜਾ ਸਿਆਣਾ ਸ਼ਾਹੂਕਾਰ ਹੈ ਪ੍ਰਮਾਤਮਾ।

ਲੈਸੀ ਵਸਤੁ ਸਮਾਲਿ॥ ੧॥

(ਅੰਗ ੨੨)

ਜੋ ਵੀ ਤੂੰ ਜੱਪ ਕੇ ਜਾਏਂਗਾ, ਉਸ ਨੂੰ ਉਹ ਅਜਾਈਂ ਨਹੀਂ ਜਾਣ ਦੇਵੇਗਾ।

ਭਾਈ ਰੇ ਰਾਮੁ ਕਹਹੁ ਚਿਤੁ ਲਾਇ॥

ਚਿੱਤ ਲਾ ਕੇ ਵਾਹਿਗੁਰੂ ਕਹਿ।

ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤਿਆਇ॥ ੧॥ ਰਹਾਉ॥

(ਅੰਗ ੨੨)

ਇਕ ਆਤਮਾ ਲਈ ਹੈ ਨਾਮ। ਗੁਰੂ ਨਾਨਕ ਸਾਹਿਬ ਦਾ ਇਕ ਬਚਨ ਹੈ :-

ਇਤੁ ਤਨਿ ਲਾਗੈ ਬਾਣੀਆ॥
ਸੁਖੁ ਹੋਵੈ ਸੇਵ ਕਮਾਣੀਆ॥

(ਅੰਗ ੨੫)

ਕਈ ਵਾਰੀ ਕੋਈ ਚੀਜ਼ ਲੋਕ ਵਰਤਦੇ ਹਨ, ਪਰ ਲੱਗਦੀ ਨਹੀਂ। ਲੱਗਣਾ ਕੁਝ ਹੋਰ ਚੀਜ਼ ਹੈ ਅਤੇ ਵਰਤਣਾ ਕੁਝ ਹੋਰ ਚੀਜ਼ ਹੈ। ਕਈ ਵਾਰੀ ਅਸੀਂ ਬੱਚੇ ਨੂੰ ਡਾਕਟਰ ਕੋਲ ਲੈ ਕੇ ਜਾਂਦੇ ਹਾਂ ਤੇ ਕਹਿੰਦੇ ਹਾਂ ਕਿ ਇਹ ਬੱਚਾ ਖ਼ੁਰਾਕ ਤਾਂ ਖਾਂਦਾ ਪਿਆ ਹੈ, ਪਰ ਇਸ ਨੂੰ ਲੱਗਦੀ ਨਹੀਂ ਪਈ। ਇਸ ਦਾ ਮਤਲਬ ਹੈ ਕਿ ਬੱਚੇ ਨੂੰ ਤਾਕਤ ਨਹੀਂ ਮਿਲਦੀ ਪਈ। ਕਈ ਵਾਰੀ ਮਰੀਜ਼ ਨੂੰ ਦਵਾਈ ਤਾਂ ਦਿੱਤੀ ਜਾਂਦੀ ਹੈ, ਪਰ ਉਸ ਨੂੰ ਅਰੋਗਤਾ ਨਹੀਂ ਮਿਲਦੀ। ਮਰੀਜ਼ ਦੂਜੇ ਡਾਕਟਰਾਂ ਕੋਲ ਜਾ ਕੇ ਕਹਿੰਦਾ ਹੈ ਕਿ ਫਲਾਨੇ ਡਾਕਟਰ ਕੋਲੋਂ ਮੈਂ ਦਵਾਈ ਲਈ ਹੈ, ਪਰ ਮੇਰੇ ਤਨ ਨੂੰ ਲੱਗੀ ਨਹੀਂ। ਲੱਗਣ ਦਾ ਮਤਲਬ ਦਵਾਈ ਨੇ ਅਸਰ ਨਹੀਂ ਕੀਤਾ। ਸਾਹਿਬ ਨੇ ਕਿਹਾ ਕਿ ਜਿਨ੍ਹਾਂ ਦੇ ਤਨ ਨੂੰ ਪ੍ਰਮਾਤਮਾ ਦੀ ਬਾਣੀ ਲੱਗ ਜਾਏ, ਅਸਰ ਕਰ ਜਾਏ :-

ਸਭ ਦੁਨੀਆ ਆਵਣ ਜਾਣੀਆ॥

(ਅੰਗ ੨੬)

ਭਾਈ, ਅੱਗੇ ਲਈ ਕੀ ਹੈ ? :-

ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹਿ ਬੈਸਣੁ ਪਾਈਐ॥

(ਅੰਗ ੨੬)

ਜੇ ਸੇਵ ਕਮਾਵਾਂਗੇ ਤਾਂ ਅੰਤ ਨੂੰ ਪ੍ਰਮਾਤਮਾ ਦੀ ਦਰਗਾਹ ਵਿਚ ਸਾਡੀ ਸਹਾਇਤਾ ਹੋਵੇਗੀ। ਗੁਰੂ ਨਾਨਕ ਸਾਹਿਬ ਜੀ ਦਾ ਤਿਲੰਗ ਰਾਗ ਵਿਚ ਇਕ ਬਚਨ ਹੈ। ਉਸ ਸ਼ਬਦ ਵਿਚ ਹਜ਼ੂਰ ਨੇ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ ਕਿ ਡਿੱਗਦਿਆਂ ਦੀਆਂ ਬਾਹਵਾਂ ਨਹੀਂ ਫੜਦੇ, ਡਿੱਗਦਿਆਂ ਨੂੰ ਮੋਢਿਆਂ 'ਤੇ ਚੁੱਕਿਆ ਜਾਂਦਾ ਹੈ। ਜੀਉਂਦਾ ਆਦਮੀ ਫਿਸਲ ਜਾਏ, ਜ਼ਮੀਨ 'ਤੇ ਡਿੱਗ ਪਏ ਤਾਂ ਉਸ ਡਿੱਗੇ ਹੋਏ ਦੀ ਤਾਂ ਕੋਈ ਨਾ ਕੋਈ ਬਾਂਹ ਫੜ ਕੇ ਉਠਾ ਦੇਵੇਗਾ, ਪਰ ਜਿਸ ਨੂੰ ਮੌਤ ਡੇਗ ਦੇਵੇ, ਉਸ ਦੀ ਬਾਂਹ ਫੜ ਕੇ ਉਸ ਨੂੰ ਉਠਾਇਆ ਨਹੀਂ ਜਾਂਦਾ, ਸਗੋਂ ਉਸ ਨੂੰ ਮੋਢਿਆਂ 'ਤੇ ਹੀ ਚੁੱਕਿਆ ਜਾਂਦਾ ਹੈ।

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ੧॥

ਭਾਵ ਕਿ ਹੇ ਰੱਬਾ ! ਮੈਂ ਤੇਰੇ ਚਰਨਾਂ ਵਿਚ ਇਕ ਬੇਨਤੀ ਕਰਨ ਆਇਆ ਹਾਂ, ਤੂੰ ਕੰਨ ਦੇ ਕੇ ਮੇਰੀ ਬੇਨਤੀ ਸੁਣ।

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥

ਇਹ ਸੱਚ ਹੈ ਕਿ ਤੂੰ ਵੱਡਾ ਹੈਂ, ਤੂੰ ਬਖ਼ਸ਼ਿੰਦ ਹੈਂ। ਤੇਰੇ ਅੰਦਰ ਕੋਈ ਐਬ ਨਹੀਂ ਤੇ ਤੂੰ ਸਭ ਨੂੰ ਰੋਜ਼ੀ ਦਿੰਦਾ ਹੈਂ।

ਦੁਨੀਆ ਮੁਕਾਮੇ ਫਾਨੀ

ਜਿਹੜੀ ਦੁਨੀਆਂ ਸਭ ਦਾ ਟਿਕਾਣਾ ਹੈ, ਇਹ ਇਕ ਦਿਨ ਫ਼ਨਾਅ ਹੋਣ ਵਾਲਾ ਹੈ।

ਤਹਕੀਕ ਦਿਲ ਦਾਨੀ॥

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥ ੧॥ ਰਹਾਉ॥

(ਅੰਗ ੭੨੧)

ਕਹਿੰਦੇ ਹਨ, ਉਏ ਦਿਲਾ ! ਤੈਨੂੰ ਕਿਸ ਦਿਨ ਸਮਝ ਪਵੇਗੀ। ਮੇਰੇ ਸਿਰ ਦੇ ਕੇਸਾਂ ਨੂੰ ਮੌਤ ਨੇ ਘੁੱਟ ਕੇ ਫੜਿਆ ਹੋਇਆ ਹੈ ਤੇ ਦਿਲ ਮਨਮਾਨੀ ਕਰਦਾ ਹੈ। ਪਤਾ ਨਹੀਂ ਜਿਸ ਨੇ ਵਾਲ ਫੜੇ ਹਨ, ਉਹ ਕਦੀ ਵੀ ਖਿੱਚ ਕੇ ਲੈ ਜਾ ਸਕਦਾ ਹੈ। ਮਹਾਰਾਜ ! ਪਰਿਵਾਰਿਕ ਰਿਸ਼ਤਾ ਹੈ ਮਾਂ, ਇਸਤਰੀ, ਪੁੱਤਰ ਪਰ ਧੰਨ ਗੁਰੂ ਗ੍ਰੰਥ ਸਾਹਿਬ ਵਿਚ ਬਾਬੇ ਨਾਨਕ ਨੇ ਕਿਹਾ ਹੈ ਕਿ ਬਿਲਕੁਲ ਨਹੀਂ, ਇਹਨਾਂ ਵਿਚੋਂ ਕੋਈ ਵੀ ਅੰਤਲੇ ਸਮੇਂ ਤੇਰੀ ਬਾਂਹ ਫੜਨ ਵਾਲਾ ਨਹੀਂ। ਅੰਤਲੇ ਸਮੇਂ ਨਾਮ ਨੇ ਹੀ ਤੇਰਾ ਸਾਥ ਦੇਣਾ ਹੈ, ਮੇਰੇ ਮਨਾ ! ਤੂੰ ਨਾਮ ਨੂੰ ਜੱਪ।

ਸੋ ਐਸ਼ਾ ਹਰਿ ਨਾਮੁ ਜਪੀਐ ਮਨ ਮੇਰੇ
ਜੋ ਅੰਤੀ ਅਉਸਰਿ ਲਏ ਛਡਾਏ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ
ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ॥

(ਅੰਗ ੮੯)

ਗੁਰਮੁਖੋ ! ਅੰਦਰ ਦੀ ਭੁੱਖ ਬੜੀ ਮੁਸ਼ਕਿਲ ਨਾਲ ਮਰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਂਦੇ ਹਨ ਕਿ ਤ੍ਰਿਸ਼ਨਾ ਤਾਂ ਉਹ ਭਾਂਡਾ ਹੈ, ਜਿਸ ਦਾ ਥੱਲਾ ਕੋਈ ਨਹੀਂ। ਜਿਵੇਂ ਕੋਈ ਆਦਮੀ ਖੂਹ ਵਿਚ ਬਾਲਟੀ ਪਾਵੇ ਪਾਣੀ ਕੱਢਣ ਲਈ, ਪਰ ਉਸ ਬਾਲਟੀ ਦਾ ਥੱਲਾ ਹੀ ਨਾ ਹੋਵੇ ਤਾਂ ਜਿੰਨਾ ਮਰਜ਼ੀ ਉਹ ਪਾਣੀ ਵਿਚ ਡੋਬੀ ਜਾਏ, ਜਦੋਂ ਵੀ ਬਾਹਰ ਕੱਢੇਗਾ, ਬਾਲਟੀ ਖ਼ਾਲੀ ਦੀ ਖ਼ਾਲੀ ਹੋਵੇਗੀ।

ਤ੍ਰਿਸ਼ਨਾਲੂ ਬੰਦਾ ਉਹ ਹੈ ਜਿਸ ਦਾ ਥੱਲਾ ਕੋਈ ਨਹੀਂ। ਇੰਨੇ ਸਾਲਾਂ ਦਾ ਕਮਾਉਂਦਾ ਪਿਆ ਹੈ, ਪਰ ਰੱਜਿਆ ਅਜੇ ਤੱਕ ਵੀ ਨਹੀਂ ਹੈ। ਇਕੱਲੀ ਧਨ ਦੀ ਹੀ ਤ੍ਰਿਸ਼ਨਾ ਨਹੀਂ, ਅੱਖਾਂ ਦੀ ਵੀ ਤ੍ਰਿਸ਼ਨਾ ਆਪਣੀ ਹੈ। ਕੰਨਾਂ ਦੀ ਤ੍ਰਿਸ਼ਨਾ ਆਪਣੀ ਹੈ। ਜ਼ਬਾਨ ਦੀ ਤ੍ਰਿਸ਼ਨਾ ਆਪਣੀ ਹੈ। ਚਮੜੀ ਦੀ ਤ੍ਰਿਸ਼ਨਾ ਵੀ ਆਪਣੀ ਹੈ। ਗੁਰੂ ਗ੍ਰੰਥ ਸਾਹਿਬ ਨੇ ਕਿਹਾ ਹੈ ਕਿ ਇਹਨਾਂ ਸਾਰੀਆਂ ਤ੍ਰਿਸ਼ਨਾਵਾਂ ਦਾ ਜੋ ਮੂਲ ਹੈ, ਉਹ ਸਾਡਾ ਮਨ ਹੈ। ਜੇ ਮਨ ਕਹਿੰਦਾ ਹੈ ਕਿ ਮੈਂ ਦੇਖਣਾ ਹੈ ਤਾਂ ਅੱਖਾਂ ਕਿਵੇਂ ਰੁੱਕ ਸਕਦੀਆਂ ਹਨ ? ਜੇ ਮਨ ਕਹਿੰਦਾ ਹੈ ਕਿ ਮੈਂ ਸੁਣਨਾ ਹੈ ਤਾਂ ਫਿਰ ਕੰਨ ਕਿਵੇਂ ਰੁੱਕ ਸਕਦੇ ਹਨ ? ਜੇ ਮਨ ਕਹਿੰਦਾ ਹੈ ਕਿ ਮੈਂ ਮਾੜਾ ਕਰਮ ਕਰਨਾ ਹੈ ਤਾਂ ਹੱਥ ਵਿਚਾਰੇ ਕਿਵੇਂ ਰੁਕਣਗੇ ? ਕਿਉਂਕਿ ਮਨ ਮੂਲ ਹੈ ਤੇ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਜੇ ਜੜ੍ਹ ਨੂੰ ਬੀਮਾਰੀ ਲੱਗੀ ਹੋਵੇ ਤਾਂ ਪੱਤੇ ਆਪਣੇ ਆਪ ਹੀ ਪੀਲੇ ਪੈ ਜਾਂਦੇ ਹਨ। ਜੇ ਮਨ ਭੁੱਖਾ ਹੈ ਅਤੇ ਅਸੀਂ ਅੱਖਾਂ ਬੰਦ ਵੀ ਕਰ ਲਵਾਂਗੇ ਤਾਂ ਵੀ ਚੇਤੇ ਰੱਖਿਉ, ਇਹ ਬੰਦ ਹੋਈਆਂ ਵੀ

ਭੁੱਖੀਆਂ ਰਹਿਣਗੀਆਂ। ਜੇ ਮਨ ਦੀ ਤ੍ਰਿਸ਼ਨਾ ਮਰ ਜਾਏਗੀ ਤਾਂ ਸਰੀਰ ਆਪਣੇ ਆਪ ਹੀ ਟਿੱਕ ਜਾਏਗਾ।

ਤ੍ਰਿਸ਼ਨਾ ਕਦੀ ਬੁੱਢੀ ਨਹੀਂ ਹੁੰਦੀ, ਸਰੀਰ ਬੁੱਢਾ ਹੁੰਦਾ ਹੈ। ਸਰੀਰ ਦੇ ਇੰਦਰੇ ਸਥਿਲ ਹੋ ਜਾਂਦੇ ਹਨ, ਪਰ ਅੰਦਰ ਵਾਲੇ ਮਨ ਨੂੰ ਪੁੱਛ ਕੇ ਦੇਖੋ, ਇਹ ਤਾਂ ਫਿਰ ਵੀ ਅਜੇ ਵਾਸ਼ਨਾ ਦਾ ਮਾਰਿਆ ਹੋਇਆ ਹੈ। ਗੁਰੂ ਸਾਹਿਬ ਫ਼ੁਰਮਾਂਦੇ ਹਨ ਕਿ ਉਸ ਨੂੰ ਜੱਪ, ਜਿਹੜਾ ਅੰਦਰ ਦੀ ਤ੍ਰਿਸ਼ਨਾ ਮੇਟੇਗਾ। ਗੁਰੂ ਸਾਹਿਬ ਨੇ ਕਿਹਾ ਹੈ :-

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥

ਵੱਡੇ-ਵੱਡੇ ਰਾਜੇ, ਵੱਡੇ-ਵੱਡੇ ਜ਼ਿਮੀਂਦਾਰ, ਕੀ ਉਹਨਾਂ ਦੀ ਤ੍ਰਿਸ਼ਨਾ ਬੁਝ ਗਈ ? ਜਿਹੜੇ ਰਾਜੇ ਤਖ਼ਤ ਉੱਪਰ ਬੈਠੇ ਹਨ, ਜੀਉਂਦੇ ਜੀਅ ਕਿਸੇ ਨੇ ਕਿਹਾ ਹੈ ਕਿ ਮੈਂ ਸੰਤੁਸ਼ਟ ਹੋ ਗਿਆ ਹਾਂ ? ਪੁੱਤਰ ਤਰਲੇ ਮਾਰਦੇ ਹਨ ਕਿ ਬਾਪ ਕਿਤੇ ਹਿਲੇ ਤਾਂ ਗੱਦੀ ਸਾਨੂੰ ਮਿਲ ਜਾਏ। ਬਾਪ ਤਾਂ ਜੀਉਂਦੇ ਜੀਅ ਗੱਦੀ ਛੱਡਣ ਲਈ ਤਿਆਰ ਹੀ ਨਹੀਂ। ਕਿਉਂਕਿ ਮਨ ਦੀ ਤ੍ਰਿਸ਼ਨਾ ਹਰ ਇਕ ਦੀ ਆਪਣੀ ਹੈ। ਸਤਿਗੁਰੂ ਕਹਿਣ ਲੱਗੇ ਕਿ ਤ੍ਰਿਸ਼ਨਾ ਹੋਰ ਤੇਜ਼ ਕਿਉਂ ਹੁੰਦੀ ਹੈ ? ਗੁਰੂ ਗ੍ਰੰਥ ਸਾਹਿਬ ਜੀ ਨੇ ਕਿਹਾ ਕਿ ਤ੍ਰਿਸ਼ਨਾ ਤਾਂ ਇਕ ਅੱਗ ਹੈ। ਜਿੰਨਾ ਵੀ ਈਂਧਨ ਪਾਈ ਜਾਉਗੇ, ਅੱਗ ਹੋਰ ਮੱਚੇਗੀ। ਗੁਰਮੁਖੋ ! ਸੱਚਾਈ ਇਹ ਹੈ ਕਿ ਅੰਦਰ ਦੀ ਭੁੱਖ ਕਦੀ ਵੀ ਰੱਜੀ ਨਹੀਂ। ਗੁਰੂ ਸਾਹਿਬ ਨੇ ਕਿਹਾ :-

ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥ ੧॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥

(ਅੰਗ ੬੭੨)

ਨਾਮ ਤੋਂ ਬਿਨਾਂ ਤ੍ਰਿਸ਼ਨਾ ਬੁੱਝ ਨਹੀਂ ਸਕਦੀ। ਸਾਡੀਆਂ ਵਧਾਈਆਂ ਹੋਈਆਂ ਲੋੜਾਂ ਹੀ ਕਲਪਨਾ ਬਣਦੀਆਂ ਹਨ। ਜਿੰਨੀ ਲੋੜ ਵੱਧਦੀ ਹੈ, ਉੱਨਾ ਹੀ ਬੰਦਾ ਭਟਕਦਾ ਹੈ। ਜਿੰਨਾ ਬਾਹਰ ਨੂੰ ਭਟਕਦਾ ਹੈ, ਉੱਨਾ ਹੀ ਅੰਦਰੋਂ ਖਿੰਡ ਜਾਂਦਾ ਹੈ। ਕਦੀ ਉਹ ਵੀ ਸਮਾਂ ਸੀ ਕਿ ਇਕ ਕਮਰੇ ਵਿਚ ਚਾਰ ਜੀਅ ਗੁਜ਼ਾਰਾ ਕਰਦੇ ਸਨ। ਅੱਜ ਇੰਨੀ ਵੱਡੀ ਕੋਠੀ ਹੈ, ਚਾਰ-ਪੰਜ ਕਮਰੇ ਹਨ, ਚਾਰ ਜੀਅ ਰਹਿਣ ਵਾਲੇ ਹਨ ਪਰ ਸ਼ਾਂਤੀ ਫਿਰ ਵੀ ਅੰਦਰ ਨੂੰ ਨਹੀਂ ਹੈ। ਲੋੜ ਤੋਂ ਵੱਧ ਮਿਲ ਗਿਆ, ਪਰ ਕੀ ਅੰਦਰ ਰੱਜ ਗਿਆ ? ਕਦੀ ਇਕ ਸਮੇਂ ਸਬਜ਼ੀ ਬਣਦੀ ਸੀ ਤੇ ਸਾਰਾ ਪਰਿਵਾਰ ਸਤਿ-ਬਚਨ ਕਹਿ ਕੇ ਖਾ ਲੈਂਦਾ ਸੀ। ਅੱਜ ਪਤਾ ਨਹੀਂ ਕਿੰਨੇ ਕੁ ਪਕਵਾਨ ਘਰ ਵਿਚ ਬਣਦੇ ਹਨ, ਫਿਰ ਵੀ ਕਹਿੰਦੇ ਹਨ, ਅੱਜ ਡਿਨਰ ਘਰ ਨਹੀਂ ਕਰਨਾ, ਚੱਲੋ ਬਾਹਰ ਚੱਲੀਏ। ਮਹਾਰਾਜ ਕਹਿੰਦੇ ਹਨ, ਕਦੀ ਇਕ ਮਕਾਨ ਸੀ ਤਾਂ ਵੀ ਟਿੱਕਿਆ ਹੋਇਆ ਸੀ ਪਰੰਤੂ ਅੱਜ ਮਹਿਲ ਹੈ, ਫਿਰ ਵੀ ਕਲਪਦਾ ਪਿਆ ਹੈ।

ਇਕ ਵਿਦਵਾਨ ਕਥਾਵਾਚਕ ਨੇ ਬੜੀ ਸੋਹਣੀ ਇਕ ਘਟਨਾ ਸੁਣਾਈ ਸੀ। ਉਹ ਕਹਿੰਦੇ ਹਨ ਕਿ ਦੋ ਆਦਮੀ ਪੜੋਸੀ ਹਨ ਇਕ ਦੂਸਰੇ ਦੇ। ਇਕ ਦੇ ਕੋਲ ਧਨ ਬਹੁਤ ਜ਼ਿਆਦਾ ਹੈ ਅਤੇ ਦੂਜਾ ਜਿੰਨੇ ਵੀ ਪਰਿਵਾਰ ਦੇ ਜੀਅ ਹਨ, ਸਭ ਨੂੰ ਕਮਾ ਕੇ ਲਿਆਉਣਾ ਪੈਂਦਾ ਹੈ ਤਾਂ ਹੀ ਰੋਟੀ ਖਾਂਦੇ ਹਨ। ਜਿਹੜੇ ਬੰਦੇ ਦੇ ਘਰ ਵਿਚ ਧਨ ਅਤੇ ਦੌਲਤ ਬੜੀ ਹੈ, ਉਸ ਦੇ ਘਰ ਵਿਚ ਸ਼ਾਂਤੀ ਨਹੀਂ। ਪਰਿਵਾਰ ਦੇ ਜੀਅ ਕਦੀ ਆਪਸ ਵਿਚ ਹੱਸੇ ਨਹੀਂ, ਕਦੀ ਕੋਈ ਗੱਲ-ਬਾਤ ਨਹੀਂ ਕੀਤੀ, ਇਕੱਠਿਆਂ ਬੈਠ ਕੇ ਕਦੀ ਰੋਟੀ ਨਹੀਂ ਖਾਧੀ।

ਇਕ ਦਿਨ ਉਸ ਦੇ ਘਰ ਕੋਈ ਸਿਆਣਾ ਸੱਜਣ ਆ ਗਿਆ ਤੇ ਪਰਿਵਾਰ ਦੇ ਬਜ਼ੁਰਗ ਨੇ ਕਿਹਾ ਕਿ ਮੈਨੂੰ ਇਕ ਗੱਲ ਦੀ ਸਮਝ ਨਹੀਂ ਪੈਂਦੀ ਕਿ ਸਾਡੇ ਘਰ ਕਿਸੇ ਚੀਜ਼ ਦੀ ਕੋਈ ਕਮੀ ਨਹੀਂ, ਪਰ ਫਿਰ ਵੀ ਸਾਡੇ ਘਰ ਕਲੇਸ਼ ਨਹੀਂ ਮੁੱਕਦਾ। ਗੁਆਂਢੀ ਦਾ ਕੱਚਾ ਮਕਾਨ ਹੈ; ਹੱਸਦੇ-ਹੱਸਦੇ ਸਵੇਰੇ ਮਜ਼ਦੂਰੀ ਕਰਨ ਜਾਂਦੇ ਹਨ ਤੇ ਸ਼ਾਮ ਨੂੰ ਮਜ਼ਦੂਰੀ ਕਰਕੇ ਵਾਪਿਸ ਆਉਂਦੇ ਹਨ। ਹੱਸਦਿਆਂ ਹੀ ਸਾਰੇ ਜ਼ਮੀਨ 'ਤੇ ਬੈਠ ਕੇ ਰੋਟੀ ਖਾਂਦੇ ਹਨ। ਇਹਨਾਂ ਦੇ ਘਰ ਸ਼ਾਂਤੀ ਬੜੀ ਹੈ। ਇਸ ਦਾ ਕੀ ਕਾਰਨ ਹੈ ?

ਉਸ ਸਿਆਣੇ ਨੇ ਕਿਹਾ ਕਿ ਥੋੜਾ ਜਿਹਾ ਕੰਮ ਤੈਨੂੰ ਕਰਨਾ ਪਵੇਗਾ ਤੇ ਤੁਹਾਡੇ ਵਾਲਾ ਭੂਤ ਇਹਨਾਂ ਦੇ ਘਰ ਵੀ ਜਾ ਸਕਦਾ ਹੈ। ਉਸ ਨੇ ਕਿਹਾ, ਕਿੰਨਾ ਕੁ ? ਉਸ ਨੇ ਕਿਹਾ ਥੋੜੇ ਕੁ ਪੈਸੇ ਖ਼ਰਚ, ਮੈਨੂੰ 99 ਰੁਪਈਏ ਦੇ ਦੇ। ਉਸ ਬਜ਼ੁਰਗ ਨੇ 99 ਰੁਪੈ ਉਸ ਆਏ ਹੋਏ ਸਿਆਣੇ ਨੂੰ ਦੇ ਦਿੱਤੇ। ਉਸ ਨੇ ਉਹ ਰੁਪਏ ਚੁੱਕ ਕੇ ਗੁਆਂਢੀ ਦੇ ਘਰ ਸ਼ਾਮ ਵੇਲੇ ਸੁੱਟ ਦਿੱਤੇ। ਜਦੋਂ ਉਹ ਮਜ਼ਦੂਰੀ ਕਰਕੇ ਘਰ ਵਾਪਿਸ ਆਏ ਤਾਂ ਵਿਹੜੇ ਵਿਚ ਰੁਪਈਏ ਖਿਲਰੇ ਹੋਏ ਦੇਖੇ। ਘਰ ਦੇ ਬੰਦੇ ਨੇ ਕਿਹਾ ਕਿ ਇਕੱਠੇ ਕਰੋ। ਇਕੱਠੇ ਕਰਕੇ ਜਦੋਂ ਗਿਣੇ ਤਾਂ ਕਹਿਣ ਲੱਗੇ 99 ਹਨ। ਇਕ ਨੇ ਕਿਹਾ, ਜੇ ਕਿਤੇ ਇਕ ਹੋਰ ਹੁੰਦਾ ਤਾਂ ਪੂਰਾ 100 ਹੋ ਜਾਣਾ ਸੀ।

ਉਸ ਸਿਆਣੇ ਨੇ ਕਿਹਾ ਕਿ ਦੇਖ, ਤੇਰੇ ਵਾਲਾ ਭੂਤ ਉਧਰ ਵੀ ਚਲਾ ਗਿਆ ਹੈ। ਇਕ ਨੇ ਕਿਹਾ ਅੱਜ ਦਾ ਖਾਣਾ ਬੰਦ ਕਰੋ, ਕਿਉਂਕਿ ਕੁਝ ਦਿਨ ਟਕੇ ਇਕੱਠੇ ਕਰੋ। ਜਦੋਂ ਇਕ ਰੁਪਈਆ ਹੋਰ ਹੋ ਗਿਆ ਤਾਂ ਸਾਡੇ ਕੋਲ 100 ਰੁਪਏ ਹੋ ਜਾਣਗੇ। ਤ੍ਰਿਸ਼ਨਾ ਨੇ ਰਾਤ ਦੀ ਰੋਟੀ ਵੀ ਬੰਦ ਕਰਾ ਦਿੱਤੀ। ਰਾਤ ਸੁੱਤੇ ਹਨ। ਮਨ ਵਿਚ ਆਇਆ ਕਿ ਬਜ਼ੁਰਗ ਨੇ 99 ਰੁਪਏ ਰੱਖੇ ਹਨ, ਕਿਧਰੇ ਵਿਚੋਂ ਇਹ ਲੁਕਾ ਨਾ ਲਵੇ। ਨੂੰਹਾਂ ਕੁਝ ਸੋਚਦੀਆਂ ਹਨ, ਪੁੱਤ ਕੁਝ ਸੋਚਦੇ ਹਨ। ਜਿਹੜੇ ਪਰਿਵਾਰ ਦੇ ਜੀਅ ਇਕ ਥਾਂ 'ਤੇ ਮਜ਼ਦੂਰੀ ਇਕੱਠੀ ਕਰਕੇ ਸੁੱਖ ਦੀ ਰੋਟੀ ਖਾਂਦੇ ਸਨ, ਬਸ ਰਾਤ ਹੀ ਇਕ ਦੂਸਰੇ ਨੂੰ ਸ਼ੱਕ ਨਾਲ ਦੇਖਣ ਲੱਗ ਪਏ। ਬਸ, ਅੰਦਰ ਈਰਖਾ ਆ ਗਈ ਤੇ ਜਿਸ ਦੇ ਘਰ ਸ਼ਾਂਤੀ ਨਾਲ ਰੋਟੀ ਪੱਕਦੀ ਸੀ, ਦੂਜੇ ਦਿਨ ਉਸ ਦੇ ਘਰ ਵੀ ਕਲੇਸ਼ ਪੈ ਗਿਆ। ਉਸ ਸੂਝਵਾਨ ਨੇ ਕਿਹਾ, ਭੌਲਿਆ, ਤੇਰੇ ਘਰ ਦੇ ਕਲੇਸ਼ ਦਾ ਕਾਰਨ ਇਹ 99 ਦਾ ਚੱਕਰ ਹੈ। ਨਾ ਇਸ 100 ਨੇ ਕਦੀ ਪੂਰਾ ਹੋਣਾ ਹੈ ਤੇ ਨਾ ਕਦੀ ਅੰਦਰ ਸ਼ਾਂਤ ਹੋਣਾ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ ਮਨ ਦੀ ਭੁੱਖ ਨਾਮ ਮਿਟਾ ਦਿੰਦਾ ਹੈ।

ਗੁਰੂ ਸਾਹਿਬ ਕਹਿੰਦੇ ਹਨ, ਇਕ ਆਦਮੀ, ਉਸ ਦੀਆਂ ਅੱਖਾਂ ਦੇਖ-ਦੇਖ ਕੇ ਪਤਲੀਆਂ ਪੈ ਗਈਆਂ। ਅੱਖਾਂ ਵਿਚੋਂ ਸਾਫ਼ ਨਜ਼ਰ ਨਹੀਂ ਆਉਂਦਾ। ਜਦੋਂ ਨਜ਼ਰ ਲਾ ਕੇ ਦੇਖਣ ਲੱਗਦਾ ਹੈ ਤਾਂ ਇਕ ਅੱਖਰ ਦੇ ਕਈ-ਕਈ ਅੱਖਰ ਦਿੱਸਦੇ ਹਨ। ਸਾਹਿਬ ਕਹਿੰਦੇ ਹਨ, ਜਦੋਂ ਬੋਲਦਾ ਹੈ, ਜਿਸ ਗਲੇ ਵਿਚੋਂ ਅੱਤ ਦੀ ਸੁਰੀਲੀ ਆਵਾਜ਼ ਨਿਕਲਦੀ ਸੀ, ਅੱਜ ਉਹ ਬੋਲਦਾ ਹੈ ਤਾਂ ਇੰਝ ਲੱਗਦਾ ਹੈ ਜਿਵੇਂ ਸੱਤਵੇਂ ਖੂਹ ਵਿਚੋਂ ਆਵਾਜ਼ ਨਿਕਲਦੀ ਹੋਵੇ।

ਸਾਹਿਬ ਕਹਿੰਦੇ ਹਨ, ਹੱਥ ਵੀ ਥੱਕ ਗਏ, ਪੈਰ ਵੀ ਥੱਕ ਗਏ, ਪਰ ਅੰਦਰ ਵਾਲੇ ਮਨ ਨੂੰ ਪੁੱਛ ਕੇ ਦੇਖੋ, ਬੁਢੇਪੇ ਨਾਲ ਕੇਸ ਚਿੱਟੇ ਹੋ ਗਏ ਹਨ, ਪਰ ਮਨ ਫਿਰ ਵੀ ਕਾਲੇ ਦਾ ਕਾਲਾ ਹੈ। ਇਹ ਬਚਨ ਹੈ :-

ਪੁੰਡਰ ਕੇਸ ਕੁਸਮ ਤੇ ਧਉਲੇ

ਕਹਿਣ ਲੱਗੇ, ਦੇਖੋ ਬੰਦੇ ਦੇ ਮਨ ਦੀ ਹਾਲਤ। ਜਿਹੜੇ ਇਸ ਦੇ ਸਿਰ ਦੇ ਕੇਸ ਹਨ, ਉਹ ਚਮੇਲੀ ਦੇ ਫੁੱਲ ਦੀ ਤਰ੍ਹਾਂ ਚਿੱਟੇ ਹੋ ਗਏ।

ਸਪਤ ਪਾਤਾਲ ਕੀ ਬਾਣੀ॥

ਜਦੋਂ ਬੋਲਦਾ ਹੈ ਤਾਂ ਇੰਝ ਲੱਗਦਾ ਹੈ ਜਿਵੇਂ ਸੱਤਵੇਂ ਪਾਤਾਲ ਵਿਚੋਂ ਕੋਈ ਬੋਲ ਰਿਹਾ ਹੈ। ਆਵਾਜ਼ ਨਹੀਂ ਨਿਕਲਦੀ।

ਲੋਚਨ ਸ੍ਰਮਹਿ ਬੁਧਿ ਬਲ ਨਾਠੀ

ਅੱਖਾਂ ਥੱਕ ਗਈਆਂ। ਅਕਲ ਵੀ ਚਲੀ ਗਈ। ਤਾਕਤ ਵੀ ਚਲੀ ਗਈ। ਸਾਹਿਬ ਕਹਿੰਦੇ ਹਨ :-

ਤਾ ਕਾਮੁ ਪਵਸਿ ਮਾਧਾਣੀ॥

(ਅੰਗ ੯੩)

ਪਰ ਅੰਦਰ ਦੀ ਵਾਸ਼ਨਾ ਵਿਚ ਤਾਂ ਅਜੇ ਵੀ ਮਧਾਣੀ ਪਾਈ ਫਿਰਦੀ ਹੈ। ਗੁਰੂ ਸਾਹਿਬ ਜੀ ਨੇ ਕਿਹਾ ਕਿ ਜੇ ਮਨ ਨੂੰ ਰਜਾਉਣਾ ਚਾਹੁੰਦਾ ਹੈਂ ਤਾਂ ਇਕ ਤਰੀਕਾ ਹੈ :-

ਆਖਣੁ ਆਖਿ ਨ ਰਜਿਆ

ਆਖਣ ਦਾ ਅਰਥ ਹੈ ਮੂੰਹ।

ਸੁਨਣਿ ਨ ਰਜੇ ਕੰਨ॥
ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥

(ਅੰਗ ੧੪੭)

ਕਹਿੰਦੇ ਹਨ, ਜਿਹੜੇ ਇੰਦਰੇ ਹਨ, ਇਹਨਾਂ ਨੂੰ ਇਕ ਕਿਸਮ ਦਾ ਰੱਸ ਲੱਗਾ ਹੋਇਆ ਹੈ। ਦੇਖੋ ਹਰ ਪੱਖ ਤੋਂ ਕੋਈ ਵੀ ਇੰਦਰਾ ਭੋਗ-ਭੋਗ ਕੇ ਰੱਜਦਾ ਨਹੀਂ। ਸ਼ੇਖ਼ ਸਾਅਦੀ ਸਾਹਿਬ

ਨੇ ਲਿਖਿਆ ਹੈ ਕਿ ਜਿਸ ਦੇ ਅੰਦਰ ਗੁਰੂ ਦਾ ਸ਼ਬਦ ਟਿੱਕ ਜਾਏ, ਉਹ ਹਰ ਵੇਲੇ ਪ੍ਰਮਾਤਮਾ ਦਾ ਹੀ ਚਿੰਤਨ ਕਰਦਾ ਹੈ। ਜਦੋਂ ਨਾਮ ਜਪਾਂਗੇ, ਨਾਮ ਆਪਣੇ ਆਪ ਇਹੋ ਜਿਹੇ ਫੁਰਨੇ ਬਣਾਉਂਦਾ ਹੈ ਕਿ ਬੰਦਾ ਕਲਪਦਾ ਹੋਇਆ ਵੀ ਅੰਦਰ ਟਿਕਣ ਲੱਗ ਪੈਂਦਾ ਹੈ। ਪ੍ਰਮਾਤਮਾ ਨੇ ਬਹੁਤ ਕੁਝ ਅਜਿਹਾ ਬਣਾਇਆ ਹੈ ਜਿਹੜਾ ਸਮੇਂ ਨਾਲ ਤਬਦੀਲ ਹੋ ਜਾਂਦਾ ਹੈ।

ਉਦਾਹਰਨ ਦੇ ਤੌਰ 'ਤੇ ਅਸੀਂ ਸਮੁੰਦਰ ਦੇ ਕੋਲ ਜਾਂਦੇ ਹਾਂ। ਉਸ ਦੀਆਂ ਲਹਿਰਾਂ ਕਿਨਾਰੇ ਨਾਲ ਛੂਹ ਰਹੀਆਂ ਹਨ। ਹੁਣ ਗਰਮੀ ਪੈ ਰਹੀ ਹੈ। ਸੂਰਜ ਦੀਆਂ ਕਿਰਨਾਂ ਸਮੁੰਦਰ ਦੇ ਪਾਣੀ ਦੇ ਉੱਪਰ ਪਈਆਂ। ਕਿਸੇ ਨੇ ਦੱਸਿਆ ਕਿ ਆਪਣੇ ਆਪ ਸਮੁੰਦਰ ਦਾ ਪਾਣੀ ਸੂਰਜ ਦੀਆਂ ਕਿਰਨਾਂ ਨਾਲ ਭਾਫ਼ ਬਣ ਕੇ ਉੱਡਣ ਲੱਗਦਾ ਹੈ। ਦੇਖੋ ਉੱਡਣ ਤੋਂ ਪਹਿਲਾਂ ਪਾਣੀ ਖਾਰਾ ਹੈ। ਜਦੋਂ ਸੂਰਜ ਦੀ ਤਪਸ਼ ਪਈ ਤਾਂ ਉਹ ਪਾਣੀ ਆਕਾਸ਼ ਵੱਲ ਉੱਡਿਆ। ਪਰ ਕੁਝ ਦਿਨਾਂ ਬਾਅਦ ਉਹੀ ਪਾਣੀ ਜਿਹੜਾ ਆਕਾਸ਼ ਵਿਚ ਬੱਦਲਾਂ ਦੇ ਰੂਪ ਵਿਚ ਘੁੰਮਦਾ ਹੈ, ਜਦੋਂ ਬਰਸਾਤ ਹੁੰਦੀ ਹੈ ਤਾਂ ਅੱਤ ਦਾ ਮਿੱਠਾ ਹੋ ਜਾਂਦਾ ਹੈ। ਉਹੀ ਪਾਣੀ ਖਾਰੇ ਤੋਂ ਮਿੱਠਾ ਬਣ ਜਾਏਗਾ। ਮਹਾਰਾਜ ਕਹਿੰਦੇ ਹਨ, ਜੇ ਸਮੁੰਦਰ ਦਾ ਪਾਣੀ ਸੂਰਜ ਦੀ ਤਪਸ਼ ਨਾਲ ਅਤੇ ਪਵਣ ਦੇ ਨਾਲ ਖਾਰੇ ਤੋਂ ਮਿੱਠਾ ਬਣ ਸਕਦਾ ਹੈ ਤਾਂ ਜਿਹੜਾ ਮਨ ਦਿਨ ਰਾਤ ਤ੍ਰਿਸ਼ਨਾ ਵਿਚ ਕੂਕਦਾ ਰਹਿੰਦਾ ਹੈ, ਨਾਮ ਜਪੇ ਤੇ ਸੰਗਤ ਕਰੇ ਤਾਂ ਇਹ ਵੀ ਤਬਦੀਲ ਹੋ ਸਕਦਾ ਹੈ। ਨਾਮ ਤਬਦੀਲੀ ਪੈਦਾ ਕਰਦਾ ਹੈ ਤੇ ਫਿਰ ਦੇਖੋ, ਜਿਹੜਾ ਸ਼ਬਦ ਹੈ, ਉਹ ਸਾਡੇ ਅੰਦਰ ਨੂੰ ਤ੍ਰਿਪਤੀ ਦਿੰਦਾ ਹੈ। ਗੁਰੂ ਦੀ ਨਦਰਿ ਅਤੇ ਗੁਰੂ ਦਾ ਸ਼ਬਦ ਪਤਾ ਨਹੀਂ ਕਿਸ ਘੜੀ ਤ੍ਰਿਸ਼ਨਾਲੂ ਮਨ ਨੂੰ ਇਕੋ ਦੱਮ ਟਿਕਾ ਦੇਵੇ। ਬਾਬਾ ਜੀ ਨੇ ਬਾਣੀ ਵਿਚ ਕਿਹਾ ਹੈ :-

ਸਾਚਾ ਨਾਮੁ ਮੇਰਾ ਆਧਾਰੋ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥

(ਅਨੰਦੁ ਸਾਹਿਬ)

ਗਵਾਈਆਂ ਦਾ ਮਤਲਬ ਕੀ ਭੁੱਖ ਪੂਰੀ ਹੋ ਗਈ ? ਨਹੀਂ, ਜਿਹੜੀ ਅੱਗੇ ਭੁੱਖ ਲੱਗੀ ਹੋਈ ਸੀ, ਗੁਰੂ ਨੇ ਉਹ ਭੁੱਖ ਖ਼ਤਮ ਹੀ ਕਰ ਦਿੱਤੀ। ਐ ਇਨਸਾਨ ! ਸਿਮਰਨ ਕਰ ਲੈ। ਆਸ ਪ੍ਰਮਾਤਮਾ ਦੀ ਰੱਖ, ਦੁੱਖ ਅਤੇ ਭਰਮ ਤੇਰਾ ਖਹਿੜਾ ਛੱਡ ਦੇਣਗੇ। ਨਿੰਦਿਆ ਹਮੇਸ਼ਾ ਗਿਆਨੀ ਬੰਦੇ ਕਰਦੇ ਹਨ। ਗਿਆਨੀ ਦਾ ਅਰਥ ਹੈ ਜਿਨ੍ਹਾਂ ਕੋਲ ਅੱਖਰੀ ਗਿਆਨ ਹੈ, ਪ੍ਰਮਾਰਥ ਕਮਾਉਣ ਵਾਲਾ ਨਹੀਂ। ਨਿੰਦਿਆ ਅੰਦਰ ਨੂੰ ਵਿਚਲਿਤ ਕਰ ਦਿੰਦੀ ਹੈ। ਸਾਹਿਬ ਕਹਿੰਦੇ ਹਨ :-

ਜੱਪਣ ਵਾਲੇ ਦੇ ਸਾਹਮਣੇ ਨਿੰਦਕ ਵੀ ਝੁੱਕ ਗਏ, ਦੁਸ਼ਟ ਵੀ ਝੁੱਕ ਗਏ, ਉਸ ਦਾ ਬੁਰਾ ਸੋਚਣ ਵਾਲੇ ਵੀ ਝੁੱਕ ਗਏ। ਕਿਉਂਕਿ ਨਾਮ ਦੀ ਸ਼ਕਤੀ ਅਜਿਹੀ ਹੈ ਕਿ ਉਹ ਹਰ ਇਕ ਨੂੰ ਝੁਕਾਅ ਦਿੰਦੀ ਹੈ। ਨਾਮ ਵਿਚ ਤਾਂ ਇੰਨੀ ਸਮਰੱਥਾ ਹੈ ਕਿ ਜੱਪਣ ਵਾਲੇ ਦੇ ਸਾਹਮਣੇ ਤਾਂ ਖ਼ੂੰਖ਼ਾਰ ਜਾਨਵਰ ਵੀ ਝੁੱਕ ਜਾਣਗੇ। ਜਦੋਂ ਨਾਮ ਅੰਦਰ ਵੱਸ ਗਿਆ ਤਾਂ ਉਹ ਆਪਣਾ ਕੰਮ

ਅਵੱਸ਼ ਕਰੇਗਾ। ਜਿਨ੍ਹਾਂ ਨੇ ਅੰਮ੍ਰਿਤ ਦੀ ਦਾਤ ਨਹੀਂ ਲਈ, ਉਹ ਅੰਮ੍ਰਿਤ ਦੀ ਦਾਤ ਜ਼ਰੂਰ ਲਵੇ। ਨਾਮ ਨੂੰ ਗੁਰੂ ਦੇ ਪੰਜ ਪਿਆਰੇ ਗੁਰੂ ਦੀ ਹਜ਼ੂਰੀ ਵਿਚ ਦ੍ਰਿੜ੍ਹ ਕਰਾਉਂਦੇ ਹਨ। ਉਸ ਦ੍ਰਿੜ੍ਹ ਕੀਤੇ ਹੋਏ ਨਾਮ ਨੂੰ ਜੱਪੀਏ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

***

ਸੁੱਖ ਦੁੱਖ

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਧੰਨ ਧੰਨ ਸ੍ਰੀ ਗੁਰੂ ਪੰਚਮ ਪਾਤਿਸ਼ਾਹ ਜੀ ਦੇ ਇਹ ਅੰਮ੍ਰਿਤ ਬੋਲ ਸਲੋਕ ਸਹਸਕ੍ਰਿਤੀ ਵਿਚ ਦਰਜ ਹਨ—ਹੇ ਦਇਆਲੂ ਪ੍ਰਮਾਤਮਾ ਜੀ ! ਆਪ ਕ੍ਰਿਪਾ ਕਰਕੇ ਸਾਡੇ ਦੁੱਖ ਦੂਰ ਕਰ ਦਿਉ, ਖ਼ਤਮ ਕਰ ਦਿਉ। ਪਹਿਲੀ ਬੇਨਤੀ ਇਹ ਹੈ ਕਿ ਦੁੱਖ ਕੀ ਹਨ ? ਦੁੱਖ ਇਕ ਸਰਬ ਵਿਆਪਕ ਸੱਚਾਈ ਹੈ, ਜਿਸ ਤੋਂ ਸ਼ਾਇਦ ਕੋਈ ਇਕ ਅੱਧਾ ਹੀ ਪ੍ਰਮਾਤਮਾ ਦੀ ਰਹਿਮਤ ਨਾਲ ਬਚਿਆ ਹੋਵੇ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਇਸ ਦੇ ਮੁਤੱਲਕ ਜੋ ਅੰਮ੍ਰਿਤ ਬੋਲ ਸਾਨੂੰ ਬਖ਼ਸ਼ਿਸ਼ ਕੀਤੇ ਹਨ, ਉਹਨਾਂ ਅਨੁਸਾਰ ਬਾਬਾ ਫ਼ਰੀਦ ਸਾਹਿਬ ਦਾ ਉਹ ਸੁਖ਼ਨ, ਉਹ ਬਚਨ ਕਿ ਘਰ ਦੀ ਚਾਰ ਦੀਵਾਰੀ ਵਿਚ ਦੁੱਖੀ ਬੰਦਾ ਸੋਚਦਾ ਹੈ ਕਿ ਮੈਨੂੰ ਹੀ ਕੇਵਲ ਦੁੱਖ ਚੰਬੜਿਆ ਹੈ। ਬਾਬਾ ਫ਼ਰੀਦ ਸਾਹਿਬ ਕਹਿੰਦੇ ਹਨ ਕਿ ਕਦੀ ਬਾਹਰ ਦੇਖ, ਉੱਚੀ ਥਾਂ 'ਤੇ ਝਾਤੀ ਮਾਰ, ਹਰ ਥਾਂ 'ਤੇ ਜਿਵੇਂ ਬੱਲਦੀ ਹੋਈ ਅੱਗ ਦਾ ਧੂੰਆਂ ਦਿੱਸਣ ਲੱਗ ਪੈਂਦਾ ਹੈ। ਥੋੜੀ ਜਿਹੀ ਉੱਚੀ ਅਵਸਥਾ ਕਰਕੇ ਦੇਖ, ਹਰ ਘਰ ਵਿਚ ਦੁੱਖ ਹੈ। ਅਸੀਂ ਉਹ ਬਚਨ ਪੜ੍ਹਦੇ ਹਾਂ :-

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥

(ਅੰਗ ੧੩੮੨)

ਫ਼ਰੀਦ ਜੀ ਕਹਿੰਦੇ ਹਨ, ਮੈਂ ਸੋਚਿਆ ਕਿ ਸਿਰਫ਼ ਮੈਨੂੰ ਹੀ ਦੁੱਖ ਹੈ, ਪਰ ਉੱਚਾ ਚੜ੍ਹ ਕੇ ਦੇਖਿਆ ਤਾਂ ਘਰ-ਘਰ ਵਿਚ ਤਪਸ਼ ਹੈ, ਘਰ-ਘਰ ਅੱਗ ਹੈ।

ਸਵਾਲ ਫਿਰ ਉਥੇ ਹੀ ਖਲੋਤਾ ਹੈ ਕਿ ਦੁੱਖ ਕੀ ਹੈ ? ਗੁਰੂ ਤੇਗ਼ ਬਹਾਦਰ ਜੀ ਦੇ ਨਾਲ ਤਿੰਨ ਸਿੱਖਾਂ ਨੂੰ ਜ਼ਾਲਮ ਸਰਕਾਰ ਨੇ ਇੰਨੇ ਭਿਆਨਕ ਤਸੀਹੇ ਦਿੱਤੇ, ਕੀ ਉਹ ਦੁੱਖ ਨਹੀਂ ਸੀ ? ਦੁੱਖ ਅਤੇ ਸੁੱਖ ਕੀ ਹੈ ? ਦਰਅਸਲ ਸਾਡੇ ਮਨ ਦੀਆਂ ਦੋ ਬਿਰਤੀਆਂ ਹਨ। ਜਿਹੜੀ

ਚੀਜ਼ ਮੇਰੇ ਅਨੁਕੂਲ ਹੋਵੇ, ਉਹ ਮੇਰੇ ਲਈ ਸੁੱਖ ਹੈ ਤੇ ਜਿਹੜੀ ਚੀਜ਼ ਮੇਰੇ ਪ੍ਰਤੀਕੂਲ ਹੋਵੇ, ਉਹ ਮੇਰੇ ਲਈ ਦੁੱਖ ਹੈ। ਜਿਹੜੀ ਗੱਲ ਮੇਰੀ ਮੰਨੀ ਜਾਵੇ, ਮੈਂ ਸੁੱਖੀ ਹਾਂ। ਜਿਹੜੀ ਗੱਲ ਮੇਰੀ ਨਾ ਮੰਨੀ ਜਾਵੇ, ਉਹ ਦੁੱਖ ਹੈ। ਜੋ ਮੇਰੇ ਅਨੁਕੂਲ ਹੋਵੇ, ਉਹਨਾਂ ਨੂੰ ਅਸੀਂ ਅਨੁਕੂਲ ਕਹਿੰਦੇ ਹਾਂ। ਜੋ ਪ੍ਰਤੀਕੂਲ ਹਨ, ਉਹਨਾਂ ਨੂੰ ਅਸੀਂ ਦੁਸ਼ਮਣ ਕਹਿੰਦੇ ਹਾਂ। ਜੋ ਮਿੱਤਰ ਹੈ, ਉਸ ਲਈ ਮਮਤਾ ਹੈ ਤੇ ਜੋ ਦੁਸ਼ਮਣ ਹੈ, ਉਸ ਲਈ ਕ੍ਰੋਧ। ਗੱਲ ਸਿਰਫ਼ ਮਨ ਦੇ ਦੋ ਫੁਰਨਿਆਂ ਦੀ ਹੀ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਚਾਰ ਵੱਡੇ ਦੁੱਖ ਮੰਨੇ ਹਨ। ਇਹਨਾਂ ਚਾਰ ਦੁੱਖਾਂ ਦੇ ਵਿਚ ਹੀ ਸਾਰੇ ਦੁੱਖ ਸਮਾਅ ਜਾਂਦੇ ਹਨ। ਇਕੱਲਾ ਇਕ ਸਰੀਰ ਹੈ, ਇਸ ਸਰੀਰ ਨੂੰ ਕਿੰਨੇ ਕੁ ਦੁੱਖ ਹਨ ? ਸਰੀਰ ਇਕ ਹੈ, ਪਰ ਦੁੱਖ ਅਨੇਕਾਂ ਹਨ। ਪੰਜ ਤਾਂ ਅਸੀਂ ਜਮਾਂਦਰੂ ਲੈ ਕੇ ਆਏ ਹਾਂ। ਜਦੋਂ ਸਾਡਾ ਜਨਮ ਹੋਇਆ ਤਾਂ ਪੰਜ ਤਾਂ ਉਦੋਂ ਹੀ ਆ ਗਏ – ਅੱਖਾਂ ਦਾ, ਜੀਭ ਦਾ, ਇੰਦਰੀ ਦਾ, ਤਵਚਾ ਦਾ, ਕੰਨਾਂ ਦਾ। ਪਰ ਚਾਰ ਦੁੱਖ ਬੜੇ ਵੱਡੇ ਹਨ। ਉਹਨਾਂ ਚਾਰ ਦੁੱਖਾਂ ਦੇ ਵਿਚ ਸਾਰੀ ਦੁਨੀਆਂ ਦੇ ਦੁੱਖ ਸਮਾਅ ਜਾਂਦੇ ਹਨ। ਗੁਰੂ ਨਾਨਕ ਸਾਹਿਬ ਜੀ ਦੇ ਬਚਨ ਮੁਤਾਬਿਕ ਸਭ ਤੋਂ ਪਹਿਲਾ ਦੁੱਖ ਹੈ ਵਿਛੋੜੇ ਦਾ। ਦੂਜਾ ਦੁੱਖ ਹੈ ਅੰਦਰ ਦੀ ਭੁੱਖ ਦਾ। ਤੀਜਾ ਦੁੱਖ ਹੈ ਮੌਤ ਦਾ ਤੇ ਚੌਥਾ ਦੁੱਖ ਹੈ ਸਰੀਰ ਨੂੰ ਲੱਗੇ ਹੋਏ ਰੋਗ ਦਾ। ਇਸ ਦੇ ਵਿਚ ਹੀ ਸਾਰੀ ਦੁਨੀਆਂ ਆ ਜਾਂਦੀ ਹੈ। ਗੁਰੂ ਸਾਹਿਬ ਨੇ ਜਿਹੜੇ ਚਾਰ ਦੁੱਖ ਗਿਣੇ ਹਨ, ਉਹਨਾਂ ਵਿਚ ਬਚਨ ਕੀਤਾ ਹੈ :-

ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੋਲੇ ਦਾਰੂ ਲਾਇ॥

(ਅੰਗ ੧੨੫੬)

ਪਹਿਲਾ ਦੁੱਖ ਹੈ ਵਿਛੋੜੇ ਦਾ। ਕਿਸੇ ਕਿਸਮ ਦਾ ਵਿਛੋੜਾ ਪੈ ਜਾਏ ਤਾਂ ਉਹ ਦੁੱਖ ਨੂੰ ਜਨਮ ਦੇ ਦਿੰਦਾ ਹੈ। ਘਰ ਵਿਚੋਂ ਕੋਈ ਪਰਿਵਾਰ ਦਾ ਜੀਅ ਚਲਾਣਾ ਕਰ ਜਾਏ, ਉਹ ਵਿਛੜ ਗਿਆ। ਉਹ ਬਾਅਦ ਵਿਚ ਰੋਣੇ ਨੂੰ ਜਨਮ ਦਿੰਦਾ ਹੈ। ਸੱਚਾਈ ਇਹ ਹੈ ਕਿ ਪ੍ਰਮਾਤਮਾ ਦਾ ਵਿਛੋੜਾ ਵੀ ਦੁੱਖ ਨੂੰ ਜਨਮ ਦਿੰਦਾ ਹੈ, ਕਿਉਂਕਿ ਜਦੋਂ ਉਸ ਦਾ ਵਿਛੋੜਾ ਹੋਵੇ ਤਾਂ ਉਦੋਂ ਉਹ ਦੁੱਖੀ ਹੁੰਦਾ ਹੈ, ਪਰ ਇਸ ਦੁੱਖ ਵਿਚੋਂ ਬਾਅਦ ਵਿਚ ਸੁੱਖ ਮਿਲਦਾ ਹੈ। ਬਾਬਾ ਜੀ ਦੇ ਅੰਮ੍ਰਿਤ ਬਚਨਾਂ ਵਿਚੋਂ ਪਹਿਲੀ ਗੱਲ ਵਿਛੋੜਾ ਇਕ ਬਹੁਤ ਵੱਡਾ ਦੁਖ ਹੈ। ਤਨ ਕਰਕੇ ਕੋਈ ਵਿਛੜ ਜਾਏ, ਮਨ ਕਰਕੇ ਕੋਈ ਵਿਛੜ ਜਾਏ, ਕਿਉਂਕਿ ਮਨ ਕਰਕੇ ਲੋਕ ਵਿਛੜਦੇ ਹਨ ਅਤੇ ਤਨ ਕਰਕੇ ਮੌਜੂਦ ਰਹਿੰਦੇ ਹਨ ਸੰਸਾਰ ਵਿਚ, ਪਰ ਜਿਨ੍ਹਾਂ ਨਾਲ ਸਾਡੀ ਈਰਖਾ ਦੀ ਦੀਵਾਰ ਜਾਂ ਕੋਈ ਗੱਲ ਹੋ ਜਾਏ, ਉਹਨਾਂ ਨੂੰ ਬੁਲਾਈਏ ਨਾ ਤਾਂ ਸੱਚ ਹੈ ਕਿ ਮਨ ਨੂੰ ਦੁੱਖ ਜ਼ਰੂਰ ਹੁੰਦਾ ਹੈ। ਮੈਂ ਤਾਂ ਇਸ ਬੰਦੇ ਨਾਲ ਇੰਨਾ ਪਿਆਰ ਕੀਤਾ, ਪਰ ਇਸ ਨੇ ਮੇਰੇ ਨਾਲ

ਕੀ ਕੀਤਾ ? ਸਰੀਰ ਦੇ ਅੰਗ ਹਨ। ਅਸੀਂ ਨੋਂਹ ਕੱਟਦੇ ਹਾਂ। ਕਿਤੇ ਇਕ ਕਿਨਾਰਾ ਕੱਚਾ ਕੱਟਿਆ ਜਾਏ ਤਾਂ ਕਿੰਨੇ ਦਿਨ ਉਹ ਉਂਗਲ ਚੀਸ ਮਾਰਦੀ ਰਹਿੰਦੀ ਹੈ। ਇਕ ਨਿੱਕਾ ਜਿਹਾ ਅੰਗ ਉਂਗਲੀ ਹੈ ਕੀ, ਉਸ ਤੋਂ ਥੋੜਾ ਜਿਹਾ ਨੋਂਹ ਕੱਟਿਆ ਜਾਏ ਤਾਂ ਵਿਛੋੜਾ ਦੁੱਖ ਨੂੰ ਜਨਮ ਦਿੰਦਾ ਹੈ। ਪਰੰਤੂ ਜਿਹੜੇ ਤਨ ਕਰਕੇ ਵਿਛੜਦੇ ਹਨ, ਉਹ ਦੁੱਖ ਕਿੰਨਾ ਵੱਡਾ ਦੁੱਖ ਹੈ।

ਬਾਬਾ ਜੀ ਨੇ ਜਿਸ ਦੁੱਖ ਦੀ ਗੱਲ ਕੀਤੀ ਹੈ ਉਹ ਸੀ ਪ੍ਰਮਾਤਮਾ ਤੋਂ ਪਿਆ ਹੋਇਆ ਵਿਛੋੜਾ। ਸਭ ਤੋਂ ਪਹਿਲਾ ਬਚਨ ਹੈ ਕਬੀਰ ਸਾਹਿਬ ਜੀ ਦਾ। ਆਪ ਜੀ ਨੂੰ ਪਤਾ ਹੀ ਹੈ ਕਿ ਮੰਦਿਰ ਵਿਚ ਆਮ ਤੌਰ 'ਤੇ ਪੁਜਾਰੀ ਸੰਖ ਪੂਰਦੇ ਹਨ। ਸੰਖ ਦੀ ਆਵਾਜ਼ ਆਉਂਦੀ ਹੈ। ਆਪ ਦੇਖੋਗੇ ਜਦੋਂ ਦਿਨ ਨਿਕਲਦਾ ਹੈ, ਸੂਰਜ ਦਾ ਚੜਾਅ ਹੁੰਦਾ ਹੈ ਤਾਂ ਉਸ ਵੇਲੇ ਸੰਖ ਪੂਰਿਆ ਜਾ ਰਿਹਾ ਹੈ। ਹਜ਼ੂਰ ਨੇ ਬਾਣੀ ਵਿਚ ਕਿਹਾ ਹੈ ਕਿ ਉਸ ਆਵਾਜ਼ ਨੂੰ ਤੁਸੀਂ ਸੁਣੋ, ਉਸ ਦੇ ਵਿਚ ਦਰਦ ਬੜਾ ਹੈ। ਕਈ ਵਾਰੀ ਇਹ ਆਵਾਜ਼ ਮਨ ਨੂੰ ਬੜੀ ਡਰਾਵਣੀ ਲੱਗਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਸਾਹਿਬ ਨੇ ਉਸ ਸੰਖ ਦੀ ਆਵਾਜ਼ ਨੂੰ ਸੁਣਿਆ ਤੇ ਉਸ ਆਵਾਜ਼ 'ਤੇ ਸਵਾਲ ਕੀਤਾ, ਕਿਉਂਕਿ ਉਹ ਸ਼ਾਇਰ ਮਹਾਂਪੁਰਸ਼ ਸਨ। ਕਹਿਣ ਲੱਗੇ, ਐ ਸੰਖ ! ਤੂੰ ਕਿੰਨਾ ਖ਼ੁਸ਼ਕਿਸਮਤ ਹੈਂ, ਤੈਨੂੰ ਪੁਜਾਰੀ ਰੋਜ਼ ਧੋ ਕੇ ਬਸਤਰ ਵਿਚ ਲਪੇਟ ਕੇ ਰੱਖਦਾ ਹੈ। ਤੇਰੇ ਕੋਲ ਪ੍ਰਮਾਤਮਾ ਦੀ ਗੱਲ ਕੀਤੀ ਜਾਂਦੀ ਹੈ। ਤੂੰ ਇਸ ਖ਼ੁਸ਼ੀ ਦਾ ਇਜ਼ਹਾਰ ਕਰਦਾ ਹੈਂ ਸਵੇਰੇ ਸੂਰਜ ਚੜ੍ਹਿਆਂ ? ਤੇਰੀ ਆਵਾਜ਼ ਵਿਚ ਦਰਦ ਕਿਉਂ ਹੈ ?

ਉਸ ਸੰਖ ਦਾ ਉੱਤਰ ਸੀ, ਨਹੀਂ, ਇਹ ਖ਼ੁਸ਼ੀ ਨਹੀਂ। ਇਹ ਮੇਰੇ ਅੰਦਰ ਦੀ ਇਕ ਧਾਹ ਹੈ ਤੇ ਮੈਂ ਜਿੰਨੀ ਉੱਚੀ ਹੋ ਸਕੇ, ਬੋਲ ਕੇ ਕਹਿੰਦਾ ਹਾਂ ਕਿ ਐ ਸਮੁੰਦਰ ਵਿਚ ਮੇਰੇ ਵਰਗੇ ਸੰਖੋ ! ਮੇਰੇ ਭਰਾਵੋ ! ਸਮੁੰਦਰ ਲਹਿਰਾਂ ਦੀਆਂ ਠੋਕਰਾਂ ਮਾਰੇ ਤਾਂ ਉਸ ਨੂੰ ਜਰ ਲਉ, ਪਰ ਕਦੀ ਆਪਣੇ ਪਿਆਰੇ ਨੂੰ ਛੱਡ ਕੇ ਬਾਹਰ ਨਾ ਆਇਉ। ਜੇ ਵਿਛੋੜਾ ਪੈ ਗਿਆ ਤਾਂ ਮੇਰੇ ਵਾਂਗ ਸਵੇਰੇ ਉੱਠ ਕੇ ਧਾਹਾਂ ਮਾਰਨੀਆਂ ਪੈਣਗੀਆਂ। ਕਹਿਣ ਲੱਗੇ ਕਿ ਚੰਗਾ ਸਾਂ, ਲਹਿਰਾਂ ਵਿਚ ਬੈਠਾ ਸਾਂ, ਆਪਣਿਆਂ ਨਾਲ ਅਠਖੇਲੀਆਂ ਕਰਦਾ ਸਾਂ ਪਰ ਜਿਸ ਦਿਨ ਦਾ ਆਪਣੇ ਪਿਆਰੇ ਤੋਂ ਵਿਛੜਿਆ ਹਾਂ, ਸੱਚਾਈ ਇਹ ਹੈ ਕਿ ਉਸ ਦਿਨ ਤੋਂ ਅੱਜ ਤੱਕ ਮੈਨੂੰ ਰੋਣ ਤੋਂ ਬਿਨਾਂ ਸਵੇਰੇ ਸ਼ਾਮ ਮੇਰੇ ਪੱਲੇ ਕੁਝ ਵੀ ਨਹੀਂ ਪਿਆ। ਹਜ਼ੂਰ ਦੇ ਬਚਨ ਹਨ :-

ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥
ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ॥

(ਅੰਗ ੧੩੭੧)

ਜੇ ਸੰਖ ਵਿਛੜ ਜਾਏ ਤਾਂ ਉਹ ਸਵੇਰੇ ਉਠਦਿਆਂ ਸਾਰ ਰੋਂਦਾ ਹੈ ਤੇ ਜਿਹੜਾ ਪ੍ਰਮਾਤਮਾ ਤੋਂ ਵਿਛੜ ਜਾਏ, ਉਸ ਦੀ ਕੀ ਹਾਲਤ ਹੋਵੇਗੀ ? ਦੂਜਾ ਪ੍ਰਮਾਣ ਹੈ ਬਾਣੀ ਵਿਚੋਂ। ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨਾਂ ਵਿਚ ਗੁਰੂ ਅਰਜਨ ਸਾਹਿਬ ਜੀ ਦਾ ਇਹ ਬਚਨ ਹੈ। ਆਪ ਜੀ ਨੇ ਅੱਕ ਦਾ ਬੂਟਾ ਦੇਖਿਆ ਹੋਣੈ। ਅੱਕ ਮਾਰੂਥਲ ਵਿਚ ਬੜਾ ਪਲਰਦਾ ਹੈ। ਇੰਨੀ ਬਦਕਿਸਮਤੀ

ਇਸ ਦੀ ਕਿ ਜਿੰਨੀ ਜ਼ਿਆਦਾ ਧੁੱਪ ਪਵੇ, ਓਨਾ ਹੀ ਜ਼ਿਆਦਾ ਅੱਕ ਪਲਰਦਾ ਹੈ। ਜਦੋਂ ਮੀਂਹ ਪੈਣਾ ਸ਼ੁਰੂ ਹੋ ਜਾਵੇ ਤਾਂ ਇਸ ਦੇ ਫਲ ਪਾਟਣ ਲੱਗ ਪੈਂਦੇ ਹਨ। ਇਹ ਅੱਕ ਰੇਤੇ ਵਿਚ ਪਲਰਦਾ ਹੈ। ਜਦੋਂ ਇਹ ਅੱਕ ਧੁੱਪ ਵਿਚ ਪਲਰਦਾ ਹੈ ਤਾਂ ਉਦੋਂ ਇੰਝ ਲੱਗਦਾ ਹੈ ਜਿਵੇਂ ਕੱਚੀ ਅੰਬੀ ਕਿਸੇ ਰੁੱਖ ਨੂੰ ਲੱਗੀ ਹੋਵੇ। ਪਰ ਜਦੋਂ ਉਹ ਟੁੱਟਿਆ, ਉਸ ਦਾ ਤਨ ਪਾਟਿਆ ਤਾਂ ਉਸ ਦੇ ਵਿਚੋਂ ਨਿੱਕੇ-ਨਿੱਕੇ ਰੂੰ ਦੇ ਤੂੰਬੇ ਨਿਕਲੇ। ਰੂੰ ਦੇ ਟੁਕੜੇ ਆਸਮਾਨ ਵਿਚ ਉੱਡਣ ਲੱਗੇ। ਜਦੋਂ ਉਹ ਰੂੰ ਦੇ ਟੁਕੜੇ ਉੱਡਦੇ ਪਏ ਹਨ ਤਾਂ ਗੁਰੂ ਜੀ ਨੇ ਇਕ ਟੁਕੜੇ ਤੋਂ ਸਵਾਲ ਪੁੱਛ ਲਿਆ। ਇਹ ਸਿਰਫ਼ ਗੱਲਾਂ ਸਮਝਾਉਣ ਲਈ ਹਨ। ਹਜ਼ੂਰ ਕਹਿਣ ਲੱਗੇ, ਤੁਸੀਂ ਬੜੇ ਚੰਗੇ ਸੀ। ਤੁਹਾਨੂੰ ਵੇਖ ਕੇ ਭੁਲੇਖਾ ਪੈਂਦਾ ਸੀ ਕਿ ਤੁਸੀਂ ਜੁੜੇ ਹੋਏ ਅੰਬ ਦਾ ਮੁਕਾਬਲਾ ਕਰ ਰਹੇ ਹੋ। ਇਹ ਕੀ ਹੋ ਗਿਆ ਕਿ ਤੇਰੇ ਇਕ ਫਲ ਦੇ ਹਜ਼ਾਰਾਂ ਰੂੰ ਦੇ ਤੂੰਬੇ ਬਣ ਕੇ ਉੱਡਣ ਲੱਗੇ ? ਉਸ ਨੇ ਕਿਹਾ, ਸਤਿਗੁਰੂ ! ਜਿੰਨੀ ਤੇਰ ਤੱਕ ਟਾਹਣੀ ਨਾਲ ਜੁੜੇ ਸਾਂ, ਉੱਨੀ ਦੇਰ ਤੱਕ ਹੀ ਸੋਹਣੇ ਲੱਗਦੇ ਸਾਂ, ਜਿਸ ਦਿਨ ਟਾਹਣੀ ਤੋਂ ਵਿਛੜ ਗਏ, ਉਸ ਦਿਨ ਇਕ ਦੇ ਹਜ਼ਾਰਾਂ ਟੁਕੜੇ ਹੋ ਗਏ। ਮਹਾਰਾਜ ਜੀ ਨੇ ਕਿਹਾ, ਇਹ ਕਹਾਣੀ ਅੱਕ ਦੀ ਨਹੀਂ, ਇਹ ਬੰਦੇ ਦੇ ਅੰਦਰ ਦਾ ਦੁੱਖ ਹੈ। ਜਿੰਨੀ ਦੇਰ ਤੱਕ ਬੰਦਾ ਜੁੜਿਆ ਰਹਿੰਦਾ ਹੈ, ਉੱਨੀ ਦੇਰ ਤੱਕ ਉਹ ਸੱਚਮੁੱਚੀ ਸ਼ੋਭਨੀਕ ਹੈ ਤੇ ਜਿਸ ਦਿਨ ਟੁੱਟ ਜਾਂਦਾ ਹੈ, ਉਸ ਫਲ ਦੇ ਹਜ਼ਾਰਾਂ ਟੁੱਕੜੇ ਹੁੰਦੇ ਹਨ। ਜਦੋਂ ਮਨ ਦਾ ਵਿਛੋੜਾ ਪੈ ਜਾਏ ਤਾਂ ਸੱਚਾਈ ਇਹ ਹੈ ਕਿ ਪਤਾ ਨਹੀਂ ਇਸ ਮਨ ਦੇ ਹਜ਼ਾਰਾਂ ਫੁਰਨੇ ਬਣ ਜਾਂਦੇ ਹਨ। ਹਜ਼ੂਰ ਨੇ ਅੰਮ੍ਰਿਤ ਬੋਲ ਕਹੇ :-

ਖਖੜੀਆ ਸੁਹਾਵੀਆ

ਖਖੜੀਆ ਦਾ ਅਰਥ ਹੈ ਅੱਕ ਦੇ ਫੁੱਲ।

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥

(ਅੰਗ ੩੧੯)

ਤੀਜਾ ਬਚਨ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਹੋਰ ਲੈ ਲਈਏ। ਇਹ ਬਚਨ ਸਲੋਕ ਵਾਰਾਂ ਤੇ ਵਧੀਕ ਵਿਚ ਹੈ। ਗੁਰਮੁਖੋ ! ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕ ਅਮੋਲਕ ਖ਼ਜ਼ਾਨਾ ਹੈ। ਜਿਹੜਾ ਵੀ ਗੁਰੂ ਦੀ ਬਾਣੀ ਨਾਲ ਜੁੜੇਗਾ, ਉਸ ਦਾ ਪਾਰ ਉਤਾਰਾ ਜ਼ਰੂਰ ਹੋਵੇਗਾ। ਬਾਬਾ ਜੀ ਨੇ ਕਿਹਾ :-

ਕੋਈ ਗਾਵੈ ਕੋ ਸੁਣੈ

ਕੋਈ ਵੀ ਗਾ ਸਕਦਾ ਹੈ ਤੇ ਕੋਈ ਵੀ ਸੁਣ ਸਕਦਾ ਹੈ :-

ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥

(ਅੰਗ ੩੩੨)

ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਕਿ ਇਕ ਝੀਲ ਹੈ। ਉਸ ਵਿਚੋਂ ਪਾਣੀ ਨਿਕਲ ਕੇ ਸਰੋਵਰ ਵਿਚ ਜਾਂਦਾ ਹੈ। ਪਾਣੀ ਦਾ ਰੰਗ ਬੜਾ ਨਿਰਮਲ ਅਤੇ ਸਾਫ਼ ਹੈ। ਉਸ ਵਿਚ ਕਮਲ ਦੇ ਫੁੱਲ ਵੀ ਹਨ। ਉਹਨਾਂ ਦੀਆਂ ਉਹ ਹਰੀਆਂ ਪੱਤੀਆਂ, ਸਰਵਨ ਪੰਖੜੀਆਂ ਪਾਣੀ ਉੱਪਰ ਤੈਰਦੀਆਂ ਪਈਆਂ ਹਨ। ਭੰਵਰੇ ਆਉਂਦੇ ਹਨ ਅਤੇ ਸੁਗੰਧੀ ਲੈ ਕੇ, ਗੁੰਜਾਰ ਪਾ ਕੇ ਚਲੇ ਜਾਂਦੇ ਹਨ। ਹਰ ਇਕ ਦਾ ਚਿੱਤ ਸੁਹੱਪਣ ਦੇਖ ਕੇ ਉਸ ਦੇ ਕੋਲ ਰੁਕਣ ਲਈ ਕਰਦਾ ਹੈ। ਮਹਾਰਾਜ ਕਹਿੰਦੇ ਹਨ ਕਿ ਸਾਡਾ ਵੀ ਚਿੱਤ ਕੀਤਾ। ਪਰ ਕੁਝ ਸਮੇਂ ਤੋਂ ਬਾਅਦ ਉਸੇ ਸਰੋਵਰ ਨੂੰ ਦੇਖਿਆ ਤਾਂ ਉਸ ਦਾ ਪਾਣੀ ਕਾਲਾ ਹੋ ਚੁੱਕਾ ਸੀ। ਉਸ ਦੇ ਕਮਲ ਦੇ ਫੁੱਲ ਗਲ ਚੁੱਕੇ ਹਨ। ਗੰਦੀਆਂ ਮੱਖੀਆਂ ਅਤੇ ਮੱਛਰ ਮੰਡਰਾ ਰਹੇ ਹਨ। ਉਸ ਨੂੰ ਪੁੱਛਿਆ ਕਿ ਤੇਰੇ ਕੋਲ ਆਇਆ ਸੀ ਤਾਂ ਤੇਰੇ ਕੋਲ ਬੈਠਣ 'ਤੇ ਚਿੱਤ ਕਰਦਾ ਹੈ ਕਿ ਨਾਸਿਕਾ ਉੱਪਰ ਬਸਤਰ ਰੱਖ ਕੇ ਤੇਰੇ ਕੋਲੋਂ ਦੂਰ ਦੌੜ ਜਾਵਾਂ। ਇਸ ਦਾ ਕੀ ਕਾਰਨ ਹੈ ? ਕੰਵਲ ਦਾ ਫੁੱਲ ਕਹਿੰਦਾ ਹੈ ਕਿ ਸੱਚਾਈ ਇਹ ਹੈ ਕਿ ਜਦੋਂ ਪਹਿਲਾਂ ਤੁਸੀਂ ਆਏ ਸੀ ਤਾਂ ਮੈਂ ਕਿਸੇ ਨਾਲ ਜੁੜਿਆ ਹੋਇਆ ਸੀ। ਮੇਰਾ ਨਿਰਮਲ ਝੀਲ ਨਾਲ ਸੰਬੰਧ ਸੀ। ਰੋਜ਼ ਨਵਾਂ ਪਾਣੀ ਆਉਂਦਾ ਸੀ। ਅੱਜ ਭਾਣਾ ਇਹ ਵਾਪਰ ਗਿਆ ਕਿ ਜਿਹੜਾ ਆਪਣਾ ਸੁੱਖ ਦੇਣ ਵਾਲਾ ਸੀ, ਉਸ ਤੋਂ ਵਿਛੜ ਗਿਆ ਤੇ ਜਦੋਂ ਪਾਣੀ ਦਾ ਸੰਬੰਧ ਹੀ ਝੀਲ ਨਾਲੋਂ ਟੁੱਟ ਗਿਆ ਤਾਂ ਉਸ ਤੋਂ ਬਾਅਦ ਮੈਲ ਹੀ ਆਉਣੀ ਸੀ, ਸੁਗੰਧ ਕਿਥੋਂ ? ਪਾਣੀ ਵਿਛੜ ਜਾਏ ਤਾਂ ਉਹ ਵੀ ਕਾਲਾ ਹੋ ਜਾਂਦਾ ਹੈ। ਗੁਰੂ ਜੀ ਦੇ ਅੰਮ੍ਰਿਤ ਬੋਲ ਹਨ :-

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥
ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥

ਅੱਗੋਂ ਸਰੋਵਰ ਦਾ ਉੱਤਰ ਸੀ :-

ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ॥
ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥

(ਅੰਗ ੧੪੧੨)

ਹਜ਼ੂਰ ਨੇ ਕਿਹਾ, ਪਹਿਲਾ ਦੁੱਖ ਹੈ ਵਿਛੋੜੇ ਦਾ। ਦੂਜਾ ਦੁੱਖ ਹੈ ਭੁੱਖ ਦਾ। ਭੁੱਖ ਦਾ ਅਰਥ ਕੇਵਲ ਸਰੀਰ ਦੀ ਹੀ ਭੁੱਖ ਨਹੀਂ। ਪਿਆਰਿਉ ! ਇਥੇ ਇਕ-ਇਕ ਇੰਦਰਾ ਭੁੱਖਾ ਹੈ। ਇਕੱਲਾ ਮੂੰਹ ਹੀ ਨਹੀਂ ਖਾਂਦਾ, ਹਰ ਇੰਦਰਾ ਕੁਝ ਨਾ ਕੁਝ ਖਾ ਰਿਹਾ ਹੈ। ਜੇ ਮੂੰਹ ਰਾਹੀਂ ਆਹਾਰ ਚੰਗਾ ਅੰਦਰ ਜਾਏ ਤਾਂ ਸਰੀਰ ਅਰੋਗ ਰਹਿੰਦਾ ਹੈ। ਜੇ ਇੰਦਰਿਆਂ ਰਾਹੀਂ ਵੀਚਾਰ ਚੰਗੇ ਜਾਣਗੇ ਤਾਂ ਮਨ ਅਰੋਗ ਰਹੇਗਾ। ਅੱਖਾਂ ਦਾ ਆਪਣਾ ਆਹਾਰ ਹੈ, ਕੰਨਾਂ ਦਾ ਆਪਣਾ ਭੋਜਨ ਹੈ। ਜ਼ਬਾਨ ਤਾਂ ਕਈ ਤਰ੍ਹਾਂ ਦੇ ਭੋਜਨ ਮੰਗਦੀ ਹੈ। ਇਹ ਭੋਜਨ ਦਾ ਰੱਸ ਵੀ ਚੱਖਦੀ ਹੈ। ਇਹ ਕਈ ਵਾਰੀ ਮੌਜ ਵਿਚ ਆ ਕੇ ਗਾਉਂਦੀ ਵੀ ਹੈ। ਕਦੀ ਰੂਹਾਨੀਅਤ ਵੱਲ ਜੁੜੇ ਤਾਂ ਇਹ ਪ੍ਰਮਾਤਮਾ ਦੀ ਭਜਨ ਬੰਦਗੀ ਵੀ ਪੜ੍ਹਦੀ ਹੈ ਤੇ ਜੇ ਕਿਤੇ ਖੋਟ ਵੱਲ ਚੱਲ ਪਵੇ ਤਾਂ ਇਸ ਨੂੰ

ਨਿੰਦਿਆ ਦਾ ਰੱਸ ਵੀ ਬੜਾ ਆਉਂਦਾ ਹੈ। ਇੰਦਰਿਆਂ ਦੀ ਆਪਣੀ ਭੁੱਖ ਹੈ। ਮਹਾਰਾਜ ਕਹਿੰਦੇ ਹਨ, ਸੱਚਾਈ ਇਹ ਹੈ ਕਿ ਭੁੱਖ ਇਕ ਦੁੱਖ ਹੈ। ਕਦੀ ਵੀ ਬੰਦੇ ਦੀ ਭੁੱਖ ਨਹੀਂ ਮਰੀ ਜਿੰਨਾ ਮਰਜ਼ੀ ਉਹ ਇਕੱਠਾ ਕਰ ਲਵੇ। ਅਸੀਂ ਰੋਜ਼ ਪੜ੍ਹਦੇ ਹਾਂ ਅੰਮ੍ਰਿਤ ਬਾਣੀ ਵਿਚ ਕਿ ਬੰਦਾ ਸਾਰੀ ਧਰਤੀ ਦਾ ਰਾਜ ਭਾਗ ਵੀ ਲੈ ਲਵੇ ਤਾਂ ਕੀ ਉਹ ਬੰਦਾ ਕਹਿੰਦਾ ਹੈ ਕਿ ਮੈਂ ਰੱਜ ਗਿਆ ਹਾਂ ? ਤੁਸੀਂ ਦੇਖੋਗੇ ਬੰਦਾ ਲੋਕਾਂ ਦਾ ਕਿੰਨਾ ਖੋਹ ਕੇ ਘਰ ਵਿਚ ਪਾਉਂਦਾ ਹੈ। ਰਾਜਨੀਤਿਕ ਬੰਦਿਆਂ ਦੀ ਇਹ ਹਾਲਤ ਹੈ ਕਿ ਅਕਸਰ ਮਰਦੇ ਦੱਮ ਤੱਕ ਉਹਨਾਂ ਦੀ ਭੁੱਖ ਨਹੀਂ ਮਰਦੀ। ਉਹ ਇਹੀ ਚਾਹੁੰਦੇ ਹਨ ਕਿ ਮਰਦੇ ਦੱਮ ਤੱਕ ਚਾਰ ਟਕੇ ਹੋਰ ਘਰ ਵਿਚ ਸੁੱਟ ਜਾਈਏ।

ਇਕ ਸੱਜਣ ਨੇ ਸਮਝਾਉਣ ਲਈ ਬੜੇ ਸੋਹਣੇ ਸ਼ਬਦ ਵਰਤੇ ਸਨ। ਹੁਣ ਸਵਾਲ ਪੈਦਾ ਹੋਵੇਗਾ ਕਿ ਕੀ ਸਾਨੂੰ ਕਿਰਤ ਨਹੀਂ ਕਰਨੀ ਚਾਹੀਦੀ ? ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਕਿਰਤ ਕਰ, ਪਰ ਜੋ ਕੁਝ ਤੈਨੂੰ ਮਿਲ ਰਿਹਾ ਹੈ, ਉਸ ਉੱਪਰ ਸਬਰ ਕਰ। ਸਿਰਫ਼ ਆਪਣੀ ਥਾਲੀ ਵੱਲ ਧਿਆਨ ਰੱਖ।

ਕਿਸੇ ਸ਼ਾਹੂਕਾਰ ਦੀ ਮੌਤ ਆ ਗਈ। ਪੁੱਤਰ, ਪੋਤੇ ਉਸ ਦੇ ਕੋਲ ਸਨ। ਉਸ ਸ਼ਾਹੂਕਾਰ ਨੇ ਬਹੁਤ ਕੁਝ ਕਮਾਇਆ ਹੋਇਆ ਸੀ। ਬੱਚਿਆਂ ਤੋਂ ਉਸ ਨੇ ਭੇਦ ਰੱਖਿਆ ਸੀ, ਜੋ ਕੁਝ ਉਸ ਨੇ ਕਮਾਇਆ ਸੀ। ਅੰਤਲੇ ਸਮੇਂ ਉਹ ਮਰਨ ਕਿਨਾਰੇ ਪਿਆ ਹੈ। ਉਸ ਦੇ ਕੰਨਾਂ ਵਿਚ ਪੁੱਤ ਪੋਤੇ ਆਵਾਜ਼ ਦਿੰਦੇ ਹਨ ਪਰ ਉਹ ਬੋਲਦਾ ਨਹੀਂ। ਉਸ ਦੀ ਪਿੱਠ ਪਿੱਛੇ ਥੋੜਾ ਜਿਹਾ ਸਹਾਰਾ ਦਿੱਤਾ ਤੇ ਉਸ ਨੇ ਅੱਖ ਖੋਲ੍ਹੀ। ਉਸ ਨੇ ਇਕ ਸ਼ਬਦ ਕਿਹਾ— ਬਾਅ-ਜਾਅ। ਘਰਦਿਆਂ ਨੇ ਸੋਚਿਆ ਸ਼ਾਇਦ ਕਿਸੇ ਖ਼ਜ਼ਾਨੇ ਵੱਲ ਇਸ਼ਾਰਾ ਕਰਨਾ ਚਾਹੁੰਦਾ ਹੈ, ਪਰ ਆਵਾਜ਼ ਪੂਰੀ ਨਹੀਂ ਨਿਕਲੀ। ਸੋਚਣ ਲੱਗੇ ਜੇ ਇਹ ਬਾਅ-ਜਾਅ ਕਹਿੰਦਾ ਰਿਹਾ ਤੇ ਕਿਤੇ ਇਸ ਦੇ ਪ੍ਰਾਣ ਨਿਕਲ ਗਏ ਤਾਂ ਇਹ ਰਾਜ਼-ਰਾਜ਼ ਹੀ ਨਾ ਰਹਿ ਜਾਏ। ਉਹਨਾਂ ਕਿਹਾ ਕਿ ਇਹ ਵਾਕ ਪੂਰਾ ਕਰ ਦੇਵੇ। ਵੈਦ ਕੋਲ ਗਏ, ਡਾਕਟਰ ਕੋਲ ਗਏ। ਉਸ ਨੇ ਕਿਹਾ ਕਿ ਇਹ ਬੋਲ ਸਕਦਾ ਹੈ। ਇੰਨੇ ਰੁਪਈਏ ਲੱਗਣਗੇ। ਇਹ ਦਵਾਈ ਜਾਂ ਇੰਨਜੈਕਸ਼ਨ ਹੈ, ਵਾਕ ਪੂਰਾ ਹੋ ਸਕਦਾ ਹੈ। ਉਹਨਾਂ ਕਿਹਾ ਚਲੋ ਕੋਈ ਗੱਲ ਨਹੀਂ, ਪੈਸੇ ਲੱਗਣ ਦਿਉ, ਹੋ ਸਕਦਾ ਹੈ ਜਿੰਨੇ ਦੀ ਦਵਾਈ ਪਿੱਛੇ ਪੈਸੇ ਖ਼ਰਚਣੇ ਹਨ, ਇਸ ਤੋਂ ਵੱਧ ਮਿਲ ਜਾਣ। ਉਹਨਾਂ ਦਵਾਈ ਦਾ ਪ੍ਰਬੰਧ ਕੀਤਾ। ਉਹ ਜਿਹੜਾ ਬਾਅ-ਜਾਅ ਕਹਿ ਰਿਹਾ ਸੀ, ਉਸ ਨੂੰ ਦਵਾਈ ਦਿੱਤੀ, ਉਸ ਨੇ ਵਾਕ ਪੂਰਾ ਕਰ ਦਿੱਤਾ। ਨਿਆਣੇ ਸੁਣਨ ਲਈ ਤਿਆਰ ਬੈਠੇ ਸਨ ਕਿ ਉਹ ਕੀ ਬੋਲ ਰਿਹਾ ਹੈ। ਉਹ ਕਹਿੰਦਾ ਹੈ ਕਿ ਮੇਰੇ ਦੁਆਲੇ ਕਿਉਂ ਘੁੰਮਦੇ ਪਏ ਹੋ, ਬਛੜਾ ਝਾੜੂ ਖਾ ਗਿਆ ਹੈ, ਝਾੜੂ ਬਚਾਅ ਲਉ ਘਰ ਦਾ, ਨਹੀਂ ਤਾਂ ਝਾੜੂ ਗਿਆ ਜੇ। ਮੈਨੂੰ ਇਹ ਗੱਲ ਬਹੁਤ ਚੰਗੀ ਲੱਗੀ, ਇਸ ਲਈ ਤੁਹਾਡੇ ਨਾਲ ਸ਼ੇਅਰ ਕਰ ਲਈ। ਦੇਖੋ, ਬੰਦਾ ਮਰਦੇ ਦੱਮ ਤੱਕ ਘਰ ਦੀਆਂ ਤੀਲਾਂ ਝਾੜੂ ਸਾਂਭੀ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਦੂਜਾ ਵੱਡਾ ਦੁੱਖ ਹੈ ਬੰਦੇ ਨੂੰ ਅੰਦਰ ਦੀ ਭੁੱਖ ਦਾ

ਹਜ਼ੂਰ ਨੇ ਅੰਮ੍ਰਿਤ ਬੋਲ ਕਹੇ :-

ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ॥
ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ॥
ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥

(ਅੰਗ ੧੪੭)

ਮਹਾਰਾਜ ਜੀ ਨੇ ਕਿਹਾ ਕਿ ਜਿਸ ਦਿਨ ਵੀ ਕੋਈ ਰੱਜਿਆ ਹੈ ਤਾਂ ਸੰਤੁਸ਼ਟੀ ਨਾਲ ਹੀ ਰੱਜਿਆ ਹੈ। ਜਦੋਂ 100 ਰੁਪਈਆ ਸੀ ਉਦੋਂ ਪਿਆਰ ਨਾਲ ਰੋਟੀ ਖਾਂਦੇ ਸਾਂ ਪਰ ਅੱਜ ਲੱਖਾਂ ਕਮਾਉਣ ਲੱਗ ਗਏ ਤੇ ਘਰ ਦੇ ਜੀਅ ਇਕ ਦੂਜੇ ਨਾਲ ਬੋਲ ਕੇ ਵੀ ਰਾਜ਼ੀ ਨਹੀਂ।

ਮਹਾਰਾਜ ਜੀ ਨੇ ਕਿਹਾ, ਤੀਜਾ ਦੁੱਖ ਬੰਦੇ ਨੂੰ ਮੌਤ ਦਾ ਹੈ। ਕਿਹੜਾ ਬੰਦਾ ਹੈ ਜਿਹੜਾ ਮੌਤ ਤੋਂ ਨਹੀਂ ਡਰਦਾ ? ਹਰ ਬੰਦੇ ਨੂੰ ਮੌਤ ਦਾ ਹੀ ਭੈਅ ਹੈ।

ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥

(ਅੰਗ ੫੫੫)

ਹਰ ਬੰਦਾ ਚਾਹੁੰਦਾ ਹੈ ਕਿ ਮੈਨੂੰ ਮੌਤ ਨਾ ਆਵੇ। ਇਕ ਵੱਡਾ ਦੁੱਖ ਹੈ ਜਿਹੜੇ ਤਨ ਨੂੰ ਰੋਗ ਲੱਗੇ ਹਨ। ਕਿਸੇ ਨੂੰ ਬਲੱਡ ਪ੍ਰੈਸ਼ਰ ਦਾ ਰੋਗ ਹੈ। ਕਿਸੇ ਨੂੰ ਸ਼ੂਗਰ ਦਾ ਰੋਗ ਹੈ। ਕਿਸੇ ਨੂੰ ਚਿੰਤਾ ਦਾ ਰੋਗ ਲੱਗ ਗਿਆ ਹੈ। ਮਹਾਰਾਜ ਕਹਿੰਦੇ ਹਨ ਕਿ ਹਰ ਬੰਦਾ ਦੁੱਖੀ ਹੈ। ਚੇਤੇ ਰੱਖੋ, ਜਿਸ ਦੁੱਖ ਵਿਚ ਦਰਦ ਹੈ, ਪਰ ਦਾਰੂ ਇਸ ਉੱਪਰ ਕੋਈ ਅਸਰ ਨਹੀਂ ਕਰ ਰਿਹਾ। ਕੀ ਇਹ ਦੁੱਖ ਕੱਟੇ ਜਾ ਸਕਦੇ ਹਨ ? ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਭਾਈ ਸਾਹਿਬ ਨੇ ਕਿਹਾ, ਹਾਂ, ਉਸ ਕਰਤਾਰ ਕੋਲ ਇੰਨੀ ਤਾਕਤ ਹੈ। ਜਿਨ੍ਹਾਂ ਦੁੱਖਾਂ ਦਾ ਇਲਾਜ ਸੰਸਾਰ ਵਿਚ ਨਹੀਂ, ਜੇ ਰੱਬ ਤਰਸ ਕਰੇ ਤਾਂ ਉਹ ਦੁੱਖ ਕੱਟੇ ਜਾਂਦੇ ਹਨ। ਸੁਖਮਨੀ ਸਾਹਿਬ ਦਾ ਇਕ ਪਦਾ ਹੈ :-

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥

ਅੱਖਾਂ ਦੀ ਜੋਤ ਨਹੀਂ ਪਰ ਕਿਵੇਂ ਉਸ ਨੂੰ ਰਸਤਾ ਦਿੱਸੇਗਾ ? ਮਹਾਰਾਜ ਕਹਿੰਦੇ ਹਨ, ਜੇਕਰ ਉਸ ਦਾ ਕੋਈ ਹੱਥ ਫੜੇ ਤਾਂ ਉਹ ਤੁਰ ਸਕਦਾ ਹੈ :-

ਕਰੁ ਗਹਿ ਲੇਹੁ ਓੜਿ ਨਿਬਹਾਵੈ॥
ਕਹਾ ਬੁਝਾਰਤਿ ਬੂਝੈ ਡੋਰਾ॥
ਨਿਸਿ ਕਹੀਐ ਤਉ ਸਮਝੈ ਭੋਰਾ॥

ਹੁਣ ਇਕ ਅੰਨ੍ਹਾ ਬੰਦਾ ਹੈ, ਉਸ ਨੂੰ ਕੋਈ ਦਿੱਸਦਾ ਨਹੀਂ ਤੇ ਇਕ ਬੋਲਾ ਬੰਦਾ ਹੈ ਜਿਹੜਾ ਜਮਾਂਦਰੂ ਬੋਲਾ ਹੈ। ਕੀ ਉਸ ਨੂੰ ਸਾਡੇ ਬੁਲ ਹਿਲਣ 'ਤੇ ਸਮਝ ਪੈ ਜਾਏਗੀ ? :-

ਕਹਾ ਬਿਸਨਪਦ ਗਾਵੈ ਗੁੰਗ॥
ਜਤਨ ਕਰੈ ਤਉ ਭੀ ਸੁਰ ਭੰਗ॥
ਕਹਿ ਪਿੰਗੁਲ ਪਰਬਤ ਪਰ ਭਵਨ॥
ਨਹੀ ਹੋਤ ਊਹਾ ਉਸੁ ਗਵਨ॥

ਮਹਾਰਾਜ ਕਹਿੰਦੇ ਹਨ, ਅੰਨ੍ਹੇ ਬੰਦੇ ਨੂੰ ਰੋਗ ਹੈ। ਉਸ ਵਿਚਾਰੇ ਨੂੰ ਦਿੱਸਦਾ ਨਹੀਂ ਪਰ ਕੋਈ ਬਾਂਹ ਫੜੇ ਤਾਂ ਲੰਘ ਸਕਦਾ ਹੈ। ਮਹਾਰਾਜ ਕਹਿੰਦੇ ਹਨ, ਜਿਸ ਬੰਦੇ ਕੋਲ ਗਲਾ ਨਹੀਂ, ਉਹ ਬਿਸਨਪਦੇ ਕਿਵੇਂ ਗਾ ਲਏਗਾ ? ਜਿਸ ਇਨਸਾਨ ਕੋਲ ਪੈਰ ਹੀ ਨਹੀਂ, ਉਸ ਨੂੰ ਕਹੀਏ ਤੂੰ ਪਹਾੜ ਉੱਪਰ ਚੜ੍ਹ ਜਾ ਤਾਂ ਉਹ ਪਿੰਗਲਾ ਕਿਵੇਂ ਪਹਾੜ ਉੱਪਰ ਚੜ੍ਹ ਸਕਦਾ ਹੈ ? ਗੁਰੂ ਅਰਜਨ ਦੇਵ ਸਾਹਿਬ ਕਹਿੰਦੇ ਹਨ, ਮਾਲਕ ! ਤੂੰ ਕਰੁਣਾਮਈ ਹੈਂ, ਤੇਰੇ ਕੋਲ ਇੰਨੀ ਸ਼ਕਤੀ ਹੈ ਕਿ ਤੂੰ ਚਾਰੇ ਦੁੱਖੀਆਂ ਦਾ ਵੀ ਪਾਰ ਉਤਾਰਾ ਕਰ ਸਕਦਾ ਹੈਂ :-

ਕਹਿ ਪਿੰਗੁਲ ਪਰਬਤ ਪਰ ਭਵਨ॥
ਨਹੀ ਹੋਤ ਊਹਾ ਉਸੁ ਗਵਨ॥
ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ॥
ਨਾਨਕ ਤੁਮਰੀ ਕਿਰਪਾ ਤਰੈ॥

(ਸੁਖਮਨੀ ਸਾਹਿਬ)

ਜੇ ਮਾਲਕ ਦੀ ਬਖ਼ਸ਼ਿਸ਼ ਹੋ ਜਾਏ, ਸਾਂਈ ਦੀ ਕ੍ਰਿਪਾ ਹੋ ਜਾਏ ਤਾਂ ਮਹਾਰਾਜ ਕਹਿੰਦੇ ਹਨ, ਜਿਸ ਨੂੰ ਇੰਨੇ ਦੁੱਖ ਲੱਗੇ ਹਨ, ਉਸ ਕਰੁਣਾਮਈ ਦੇ ਘਰ ਵਿਚ ਇੰਨੀ ਬਖ਼ਸ਼ਿਸ਼ ਹੈ ਕਿ ਇਹੋ ਜਿਹੇ ਦੁੱਖੀ ਬੰਦਿਆਂ ਦਾ ਪਾਰ ਉਤਾਰਾ ਕਰ ਦਿੰਦੇ ਹਨ। ਮਹਾਰਾਜ ਕਹਿੰਦੇ ਹਨ, ਜੇ ਇਕ ਅੱਗ ਦੀ ਚੰਗਿਆੜੀ ਲੱਕੜ ਨੂੰ ਲੱਗ ਜਾਏ ਤਾਂ ਸਾਰੀ ਲੱਕੜ ਨੂੰ ਸਾੜ ਕੇ ਰੱਖ ਦਿੰਦੀ ਹੈ, ਪਰ ਜੇਕਰ ਪ੍ਰਮਾਤਮਾ ਦੀ ਬਖ਼ਸ਼ਿਸ਼ ਦੀ ਇਕ ਚੰਗਿਆੜੀ ਦੁਖੀ ਨੂੰ ਲੱਗ ਜਾਏ ਤਾਂ ਉਸ ਦੇ ਸਾਰੇ ਦੁੱਖ ਸਾੜ ਕੇ ਰੱਖ ਦਿੰਦੀ ਹੈ। ਗੁਰੂ ਜੀ ਨੇ ਕਿਹਾ, ਲੱਕੜਾਂ ਜ਼ਿਆਦਾ ਹੋ ਸਕਦੀਆਂ ਹਨ, ਬਾਲਣ ਜ਼ਿਆਦਾ ਹੋ ਸਕਦਾ ਹੈ ਅਤੇ ਜੇ ਸੱਚਾ ਮਾਲਕ ਅੰਦਰ ਵੱਸ ਜਾਏ ਤਾਂ ਦੁੱਖ ਕੱਟੇ ਜਾਂਦੇ ਹਨ।

ਗੁਰਮੁਖੋ ! ਇਹ ਭਰੋਸੇ ਤੇ ਵਿਚਾਰ ਹੈ। ਜਿੰਨਾ ਕਿਸੇ ਦਾ ਭਰੋਸਾ ਕਾਇਮ ਹੋਵੇਗਾ, ਓਨੀ ਹੀ ਕ੍ਰਿਪਾ ਲੈ ਜਾਵੇਗਾ। ਬਾਬਾ ਜੀ ਨੇ ਬਾਣੀ ਵਿਚ ਕਿਹਾ ਹੈ :-

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥
ਸਤਗੁਰ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥ ੧॥
ਗੁਰਸਿਖ ਮੀਤ ਚਲਹੁ ਗੁਰ ਚਾਲੀ॥

ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥੧॥ ਰਹਾਉ॥

(ਅੰਗ ੬੬੭)

ਮਹਾਰਾਜ ਜੀ ਨੇ ਬਾਣੀ ਵਿਚ ਬਚਨ ਕਹੇ ਹਨ ਕਿ ਜੋ ਗੁਰੂ ਕਹੇ, ਉਸ ਨੂੰ ਸਤਿ-ਬਚਨ ਕਰਕੇ ਮੰਨਣਾ। ਮਹਾਰਾਜ ਦਾ ਇਕ ਹੋਰ ਬਚਨ ਹੈ :-

ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ॥
ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ॥

(ਅੰਗ ੬੦੨)

ਮਹਾਰਾਜ ਕਹਿੰਦੇ ਹਨ ਕਿ ਪਹਿਲਾ ਦੁੱਖ ਬੰਦੇ ਨੂੰ ਇਹ ਹੈ ਕਿ ਸਰੀਰਕ ਤੌਰ 'ਤੇ ਮੈਨੂੰ ਕੋਈ ਮਾਰ ਨਾ ਜਾਏ। ਦੂਜਾ ਦੁੱਖ ਹੈ, ਚਿੰਤਾ ਬੜੀ ਹੈ। ਘਰ ਵਿਚ ਦੁੱਖ ਹੈ। ਧਨ ਦੀ ਘਮੀ ਨਹੀਂ ਪਰ ਬੇਇਤਫ਼ਾਕੀ ਬੜੀ ਹੈ। ਆਪਸ ਵਿਚ ਸਾਰੇ ਹੀ ਅਸ਼ਾਂਤ ਹਨ। ਤੀਜਾ ਦੁੱਖ ਹੈ ਜਿਹੜਾ ਬੰਦਾ ਰੋਟੀ ਨੂੰ ਤਰਸਦਾ ਹੈ, ਕਾਰੋਬਾਰ ਕੋਈ ਨਹੀਂ ਤੇ ਆਪਣੇ ਹੀ ਮੂੰਹ ਫੇਰ ਗਏ ਹਨ। ਚੌਥਾ ਦੁੱਖ ਹੈ, ਬੰਦਾ ਮਰਨ ਕਿਨਾਰੇ ਆਇਆ ਹੈ ਤੇ ਜ਼ਿੰਦਗੀ ਵਿਚ ਕੀਤੇ ਪਾਪਾਂ ਦੀਆਂ ਤਸਵੀਰਾਂ ਅੱਖਾਂ ਸਾਹਮਣੇ ਆ ਰਹੀਆਂ ਹਨ ਤੇ ਪਾਪਾਂ ਵਿਚ ਗ੍ਰਸਿਆ ਬੰਦਾ ਕਹਿੰਦਾ ਹੈ ਕਿ ਨਾ ਭਜਨ-ਬੰਦਗੀ ਕੀਤੀ, ਨਾ ਸੰਗਤ ਕੀਤੀ, ਨਾ ਪਾਠ ਕੀਤਾ, ਮੇਰਾ ਬਣੇਗਾ ਕੀ ? ਉਸ ਕਰੁਣਾਮਈ ਦੇ ਘਰ ਵਿਚ ਦੁੱਖ ਕੱਟਣ ਦੀ ਸਮਰੱਥਾ ਹੈ।

ਬਾਬਾ ਜੀ ਨੇ ਕਿਹਾ :-

ਦੁਖ ਹਰਤਾ ਹਰਿ ਨਾਮੁ ਪਛਾਨੈ॥

(ਅੰਗ ੮੩੦)

ਧੰਨ ਗੁਰੂ ਤੇਗ ਬਹਾਦਰ ਜੀ ਫ਼ਰਮਾਂਦੇ ਹਨ ਜੇ ਤੂੰ ਸੁੱਖ ਲੈਣਾ ਚਾਹੁੰਦਾ ਹੈਂ ਤਾਂ ਪ੍ਰਮਾਤਮਾ ਦੀ ਸ਼ਰਨ ਚਲਾ ਜਾ, ਪ੍ਰਮਾਤਮਾ ਦੀ ਸ਼ਰਨ ਵਿਚ ਪੈ ਜਾ। ਤੈਨੂੰ ਉਹ ਸੁੱਖ ਮਿਲੇਗਾ, ਜਿਸ ਸੁੱਖ ਵਿਚੋਂ ਬਾਹਰ ਦੇ ਆਏ ਹੋਏ ਦੁੱਖ ਵੀ ਤੂੰ ਹੰਢਾਅ ਸਕੇਂ। ਸਾਹਿਬ ਸਤਿਗੁਰੂ ਗੁਰੂ ਤੇਗ਼ ਬਹਾਦਰ ਸੱਚੀ ਸਰਕਾਰ, ਜਿਨ੍ਹਾਂ ਦਾ ਸ਼ਹਾਦਤ ਦਿਵਸ ਅਸੀਂ ਮਨਾ ਰਹੇ ਹਾਂ। ਪਿਆਰਿਉ ! ਚੇਤੇ ਰੱਖਿਉ, ਕਈ ਵਾਰ ਉਹ ਯਾਦ ਮਮਤਾ ਤੇ ਦੁੱਖ ਨੂੰ ਜਨਮ ਦੇਂਦੀ ਹੈ। ਜਿਥੇ ਗੁਰੂ ਦੀ ਯਾਦ ਆ ਜਾਵੇ, ਉਥੇ ਸੁੱਖ ਆ ਜਾਂਦਾ ਹੈ। ਇਥੇ ਬਾਣੀ ਵਿਚ ਤਿੰਨ ਬਚਨ ਹਨ। ਜਦੋਂ ਆਪਣੇ ਪਿਆਰੇ ਦੀ ਯਾਦ ਆਵੇ ਤਾਂ ਇਕ ਗੱਲ ਬੰਦਾ ਜ਼ਰੂਰ ਚੇਤੇ ਰੱਖੇ ਕਿ ਕਦੀ ਉਹ ਘਰ ਵਿਚ ਸਨ, ਅੱਜ ਚੱਲੇ ਗਏ ਅਤੇ ਕੱਲ ਨੂੰ ਮੈਂ ਵੀ ਘਰ ਛੱਡ ਜਾਣਾ ਹੈ। ਬਾਬਾ ਨਾਨਕ ਸਾਹਿਬ ਜੀ, ਬਾਬਾ ਰਵਿਦਾਸ ਜੀ ਅਤੇ ਬਾਬਾ ਫ਼ਰੀਦ ਸਾਹਿਬ ਜੀ ਤਿੰਨਾਂ ਮਹਾਂ ਪੁਰਸ਼ਾਂ ਦੇ ਬਚਨ ਹਨ :-

ਸਜਣ ਮੇਰੇ ਰੰਗੁਲੇ

ਰੰਗਲੇ ਦਾ ਅਰਥ ਹੈ ਪਿਆਰੇ।

ਜਾਇ ਸੁਤੇ ਜੀ ਰਾਣਿ॥

ਚੱਲੇ ਗਏ, ਸੌਂ ਗਏ ਸਦਾ ਲਈ। ਅੱਗੋਂ ਕੀ ਕਿਹਾ :-

ਹੰ ਭੀ ਵੰਞਾ

ਆਪਾਂ ਵੀ ਜਾਣਾ ਹੈ।

ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥

(ਅੰਗ ੨੩)

ਰਵਿਦਾਸ ਜੀ ਨੇ ਕਿਹਾ :-

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥ ੧॥

(ਅੰਗ ੭੯੩)

ਬਾਬਾ ਫ਼ਰੀਦ ਜੀ ਕਹਿੰਦੇ ਹਨ :-

ਫਰੀਦਾ ਕਿਥੈ ਤੈਡੇ ਮਾਪਿਆਂ ਜਿਨ੍ਹੀ ਤੂ ਜਣਿਓਹਿ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥

(ਅੰਗ ੧੩੮੧)

ਇਸ ਦਾ ਮਤਲਬ ਇਹ ਹੈ ਕਿ ਯਾਦ ਵੀ ਸਾਨੂੰ ਅੰਦਰ ਤੋੜਨ ਲਈ ਹੈ ਕਿ ਪ੍ਰਭੂ ਵਾਲੇ ਪਾਸੇ ਤੁਰ ਪਈਏ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ! ਕੀ ਆਰੇ ਨਾਲ ਚੀਰੇ ਜਾਣ ਲਈ ਸੁੱਖ ਸੀ ? ਕਰੁਣਾਮਈ ਪ੍ਰਮਾਤਮਾ ਦੁੱਖ ਕੱਟਦੇ ਹਨ। ਆਰੇ ਨਾਲ ਚੀਰੇ ਗਏ ਕੀ ਉਹਨਾਂ ਨੇ ਪ੍ਰਮਾਤਮਾ ਦਾ ਚਿੰਤਨ ਨਹੀਂ ਕੀਤਾ ? ਪਿੰਜਰੇ ਵਿਚ ਹਜ਼ੂਰ ਖਲੋਤੇ ਹਨ। ਸਾਹਮਣੇ ਭਾਈ ਮਤੀ ਦਾਸ ਜੀ ਦੇ ਦੋ ਟੁੱਕੜੇ ਹੋਣ ਲੱਗੇ ਹਨ। ਕਿੰਨਾ ਵੱਡਾ ਦੁੱਖ ਹੈ ਆਰੇ ਨਾਲ ਚੀਰੇ ਜਾਣਾ। ਕਹਿੰਦੇ ਹਨ, ਉਸ ਗੁਰਸਿੱਖ ਦੇ ਸੀਸ ਦੇ ਉੱਤੇ ਜਦੋਂ ਆਰਾ ਰੱਖਿਆ ਤਾਂ ਉਸ ਨੇ ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਕੀਤਾ। ਅੱਜ ਦਾ ਨੌਜਵਾਨ ਕਹਿ ਸਕਦਾ ਹੈ ਕਿ ਇਤਨੀ ਬਾਣੀ ਪੜ੍ਹਨ ਵਾਲੇ ਆਰਿਆਂ ਨਾਲ ਚੀਰੇ ਗਏ। ਉਹਨਾਂ ਦਾ ਦੁੱਖ ਕਿਉਂ ਨਾ ਕੱਟਿਆ ਗਿਆ ? ਯਾਦ ਰਖਿਉ, ਉਹਨਾਂ ਦਾ ਦੁੱਖ ਵੀ ਕੱਟਿਆ ਗਿਆ। ਉਹਨਾਂ ਦਾ ਸਭ ਤੋਂ ਵੱਡਾ ਦੁੱਖ ਇਹ ਸੀ ਕਿ ਹੇ ਮਾਲਕ ! ਅੰਦਰੋਂ ਕਿਤੇ ਡੋਲ ਨਾ ਜਾਈਏ। ਉਹਨਾਂ ਨੂੰ ਤਨ ਦੀ ਪ੍ਰਵਾਹ ਨਹੀਂ ਸੀ, ਉਹਨਾਂ ਨੂੰ ਸਰੀਰ ਦੇ ਦੁੱਖ ਦੀ ਕੋਈ ਪ੍ਰਵਾਹ ਨਹੀਂ ਸੀ। ਸਭ ਤੋਂ ਵੱਡਾ ਦੁੱਖ ਇਹ ਸੀ ਕਿ

ਕਿਤੇ ਅਸੀਂ ਅੰਦਰੋਂ ਖਿੜਕ ਨਾ ਜਾਈਏ। ਆਰੇ ਨਾਲ ਚੀਰੇ ਗਏ, ਪਰ ਮਾਲਕ ਨੇ ਉਹਨਾਂ ਨੂੰ ਅੰਦਰੋਂ ਡੋਲਣ ਤੋਂ ਬਚਾਅ ਲਿਆ। ਹਜ਼ੂਰ ਦੇ ਬਚਨ ਹਨ :-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ ਰਹਾਉ॥

(ਅੰਗ ੬੩੩)

ਪਿਆਰਿਉ ! ਦੁੱਖ ਵਿਚ ਦੁੱਖ ਆਇਆ, ਪਰ ਦੁੱਖ ਨੂੰ ਦੁੱਖ ਮੰਨਿਆ ਹੀ ਨਹੀਂ।

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥ ੨॥

ਦੁੱਖ ਤੋਂ ਉੱਪਰ ਉੱਠਣ ਦੀ ਗੱਲ ਹੈ। ਦੁੱਖ ਨੂੰ ਦੁੱਖ ਨਾ ਮੰਨਣ ਦੇ ਗੁਣ ਹਨ। ਹਜ਼ੂਰ ਨੇ ਫ਼ੁਰਮਾਇਆ :-

ਗੁਰ ਕਿਰਪਾ ਜਿਹ ਨਰ ਕਉ ਕੀਨੀ

ਜਿਸ ਦੇ ਉੱਤੇ ਗੁਰੂ ਦੀ ਕ੍ਰਿਪਾ ਹੋ ਜਾਏ :-

ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ ੩॥

(ਅੰਗ ੬੩੩)

ਸਾਹਿਬ ਸੱਚੀ ਸਰਕਾਰ ਦੇ ਸਾਹਮਣੇ ਭਾਈ ਮਤੀਦਾਸ ਜੀ ਸ਼ਹੀਦ ਹੋਏ। ਆਰੇ ਨਾਲ ਚੀਰ ਦਿੱਤੇ ਗਏ। ਦੋ ਟੁੱਕੜੇ ਧੜ ਦੇ ਹੋ ਗਏ। ਸਿੱਖਾਂ ਦਾ ਇਤਿਹਾਸ ਹੀ ਇਸ ਤਰ੍ਹਾਂ ਦਾ ਹੈ। ਅੱਜ ਵੀ ਸਿੰਘ ਸ਼ਹੀਦ ਕੀਤੇ ਗਏ ਹਨ ਗੋਲੀਆਂ ਨਾਲ। ਮੈਂ ਬੇਨਤੀ ਕਰਾਂ, ਜਿੰਨੀ ਦੇਰ ਤੱਕ ਇਹ ਧਰਤੀ ਰਹੇਗੀ, ਇਹ ਸ਼ਹੀਦੀਆਂ ਦਾ ਕਾਫ਼ਲਾ ਨਹੀਂ ਰੁਕਣਾ। ਸੱਚਾਈ ਇਹ ਹੈ ਕਿ ਬਾਬਾ ਤੇ ਬਾਬਰ ਐਮਨਾਬਾਦ ਮਿਲੇ। ਇਕ ਦੂਜੇ ਦੀ ਟੱਕਰ ਸੀ। ਇਕ ਪਾਸੇ ਬਾਬੇ ਕੇ ਤੁਰ ਪੈਂਦੇ ਹਨ ਅਤੇ ਇਕ ਪਾਸੇ ਬਾਬਰ ਕੇ ਤੁਰ ਪੈਂਦੇ ਹਨ। ਹਜ਼ੂਰ ਦੇ ਸਿੰਘ ਸ਼ਹੀਦ ਕੀਤੇ ਗਏ— ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ। ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਤੇ ਲਾਲਾ ਦੌਲਤ ਰਾਏ ਦੇ ਸ਼ਬਦ ਮੈਂ ਅੱਜ ਤੁਹਾਨੂੰ ਦੱਸ ਦੇਵਾਂ, ਜਿਸ ਨੇ ਕਦੀ ਆਪਣੀ ਕਲਮ ਨਾਲ ਲਿਖਿਆ ਸੀ ਕਿ :-

ਆਜ ਤਕ ਯੇਹ ਤੋ ਸੁਨਾ ਹੈ ਕਿ ਕਾਤਿਲ ਮਕਤੂਲ ਕੇ ਪਾਸ ਜਾਏ।
ਮਗਰ ਯੇਹ ਨਹੀ ਸੁਨਾ ਕਿ ਮਕਤੂਲ ਕਾਤਿਲ ਕੇ ਪਾਸ ਜਾਏ।
ਐਸਾ ਕਰਕੇ ਗੁਰੂ ਤੇਗ਼ ਬਹਾਦਰ ਜੀ ਨੇ ਉਲਟੀ ਗੰਗਾ ਬਹਾ ਦੀ।

ਇਹਦੇ ਭਾਵ ਅਰਥ ਹਨ — ਕਾਤਿਲ ਦਾ ਅਰਥ ਹੈ ਜਿਸ ਨੇ ਕਤਲ ਕਰਨਾ ਹੈ ਅਤੇ ਮਕਤੂਲ ਦਾ ਅਰਥ ਹੈ ਜਿਸ ਦਾ ਕਤਲ ਕੀਤਾ ਜਾਣਾ ਹੈ। ਅਤੇ ਗੁਰੂ ਤੇਗ਼ ਬਹਾਦਰ ਜੀ ਐਸੀ ਸੱਚੀ ਸਰਕਾਰ ਹਨ ਜਿਨ੍ਹਾਂ ਨੇ ਖ਼ੁੱਦ ਸ਼ਹੀਦ ਹੋਣਾ ਹੈ। ਕਾਤਿਲ ਨੂੰ ਲੱਭਣ ਦੀ ਲੋੜ ਨਹੀਂ ਪਈ, ਉਹ ਖ਼ੁੱਦ ਹੀ ਕਾਤਿਲ ਨੂੰ ਲੱਭ ਕੇ ਦਿੱਲੀ ਆ ਗਏ। ਸਾਹਿਬ ਗੁਰੂ ਤੇਗ਼ ਬਹਾਦਰ ਜੀ ਵਰਗਾ ਕੋਈ ਵੀ ਐਸਾ ਕਾਰਨਾਮਾ ਕਰ ਨਹੀਂ ਸਕਿਆ।

ਗੁਰੂ ਕਲਗੀਧਰ ਜੀ ਦੇ ਬਚਨ ਹਨ, ਤੁਸੀਂ ਸਾਰੇ ਪੜ੍ਹਦੇ ਹੋ :-

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥

ਬੜਾ ਵੱਡਾ ਸਾਕਾ ਕੀਤਾ। ਇਹਦੇ ਵਿਚ ਉਹਨਾਂ ਦਾ ਬਚਨ ਹੈ :-

ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨਾ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥

ਮਹਾਰਾਜ ਜੀ ਕਹਿੰਦੇ ਹਨ :-

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭਿ ਲੋਗਨ ਕਹ ਆਵਤ ਲਾਜਾ॥ ੧੪॥
ਠੀਕਰ ਫੋਰ ਦਿਲੀਸ ਸਿਰਿ,

ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਸਿਰ ਉਪਰ ਹਜ਼ੂਰ ਨੇ ਆਪਣਾ ਠੀਕਰਾ ਭੰਨ ਦਿੱਤਾ :-

ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥ ੧੫॥

(ਬਚਿੱਤ੍ਰ ਨਾਟਕ, ਪਾ: ੧੦)

ਜੋ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਕੀਤਾ, ਉਹ ਨਾ ਪਹਿਲਾਂ ਕੋਈ ਕਰ ਸਕਿਆ ਅਤੇ ਨਾ ਕੋਈ ਹੁਣ ਕਰ ਸਕੇਗਾ। ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਏਨੇ ਰਹਿਮਤਾਂ ਦੇ ਪੁੰਜ ਹਨ। ਜੋ ਕੁਝ ਉਹ ਕਰ ਰਹੇ ਹਨ ਅਤੇ ਜੋ ਕੁਝ ਉਹਨਾਂ ਨੇ ਕੀਤਾ, ਕੋਈ ਨਹੀਂ ਕਰ ਸਕਦਾ। ਗੁਰੂ ਤੇਗ਼ ਬਹਾਦਰ ਜੀ ਨੂੰ ਯਾਦ ਕਰੋ। ਇਕ ਤਾਂ ਘਰ ਵਿਚ ਕਿਸੇ ਚੀਜ਼ ਦੀ ਥੁੜ ਨਹੀਂ ਰਹਿੰਦੀ ਅਤੇ ਦੂਜੀ ਗੱਲ ਗੁਰੂ ਤੇਗ਼ ਬਹਾਦਰ ਜੀ ਨੂੰ ਯਾਦ ਕਰਿਉ, ਜਿਥੇ ਆਵਾਜ਼ ਦਿਉ, ਉਥੇ ਮਦਦ ਕਰਨ ਲਈ ਪਹੁੰਚ ਜਾਂਦੇ ਹਨ। ਅਸੀਂ ਸਾਰੇ ਪੜ੍ਹਦੇ ਹਾਂ :-

ਗੁਰੂ ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥

ਇਕ ਸ਼ਬਦ ਹੈ ਧਾਏ, ਦੂਜਾ ਹੈ ਸੁਹਾਏ। ਖ਼ਜ਼ਾਨੇ ਦੌੜ ਕੇ ਆਉਂਦੇ ਹਨ। ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਸਭ ਥਾਵਾਂ 'ਤੇ ਸਹਾਇਤਾ ਕਰਦੇ ਹਨ।

ਇਤਿਹਾਸ ਵਿਚ ਦੇਖਿਉ ਕਿ ਕਿਹੜੀਆਂ-ਕਿਹੜੀਆਂ ਥਾਵਾਂ ਹਨ। ਇਕ ਦਿਨ ਹਜ਼ੂਰ ਨੇ ਦੇਖਿਆ ਕਿ ਇਕ ਵਪਾਰੀ ਸਿੱਖ ਦਾ ਬੇੜਾ ਡੋਲਦਾ ਪਿਆ ਹੈ। ਉਹਨੇ ਯਾਦ ਕੀਤਾ। ਸਚਾਈ ਇਹ ਹੈ ਕਿ ਭਾਵੇਂ ਗੁਰਿਆਈ ਦਾ ਤਿਲਕ ਬਾਅਦ ਵਿਚ ਲੱਗਦਾ ਪਿਆ ਹੈ, ਪਰ ਗੁਰੂ ਤੇਗ਼ ਬਹਾਦਰ ਜੀ ਉਸ ਦੇ ਡੁੱਬਦੇ ਬੇੜੇ ਨੂੰ ਕਿਨਾਰੇ ਲਾਉਂਦੇ ਪਏ ਹਨ। ਉਹਦੀ ਸਹਾਇਤਾ ਪਏ ਕਰਦੇ ਹਨ। ਜਿਸ ਦਿਨ ਵੇਖਿਆ ਕਿ ਕਿਸੇ ਦਾ ਬੇੜਾ ਡੁੱਬਦਾ ਪਿਆ ਹੈ, ਉਸ ਨੂੰ ਮੋਢਾ ਲਾ ਕੇ ਕਿਨਾਰੇ ਲਾਇਆ। ਜਿਸ ਦਿਨ ਦੇਖਿਆ, ਤਿਲਕ ਜੰਞੂ ਦਾ ਬੇੜਾ ਡੁੱਬਦਾ ਪਿਆ ਹੈ ਤਾਂ ਉਸ ਦਿਨ ਆਪਣਾ ਮੋਢਾ ਲਾ ਕੇ ਕਿਨਾਰੇ ਲਾ ਦਿੱਤਾ। ਸਹਾਇਤਾ ਕੀਤੀ ਗੁਰੂ ਤੇਗ਼ ਬਹਾਦਰ ਜੀ ਨੇ। ਫਿਰ ਜਿਥੇ-ਜਿਥੇ ਕਿਸੇ ਨੇ ਯਾਦ ਕੀਤਾ, ਗੁਰੂ ਤੇਗ਼ ਬਹਾਦਰ ਸਾਹਿਬ ਉਥੇ ਗਏ। ਇਕੱਲੇ ਸਵਾਸ ਚੜ੍ਹਾ ਕੇ ਨਹੀਂ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਸਰੀਰਕ ਤੌਰ 'ਤੇ ਵੀ ਗਏ। ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਧੜ ਦਿੱਲੀ ਰਹਿ ਗਿਆ। ਤਾਂ ਸੀਸ ਫਿਰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਉਥੇ-ਉਥੇ ਗਿਆ, ਜਿਥੇ-ਜਿਥੇ ਯਾਦ ਪਏ ਕਰਦੇ ਸਨ। ਦੇਖੋ ਗੁਰੂ ਤੇਗ ਬਹਾਦਰ ਸਾਹਿਬ ਜੀ ਫਗੂ ਦੇ ਕੋਲ ਵੀ ਜਾਂਦੇ ਹਨ।

ਇਤਿਹਾਸ ਵਿਚ ਜ਼ਿਕਰ ਹੈ ਕਿ ਇਹ ਕਾਰ ਭੇਟਾ ਇਕੱਠੀ ਕਰਦਾ ਸੀ। ਘਰਾਂ ਵਿਚੋਂ ਜਾ ਕੇ ਦਸਵੰਧ ਦੀ ਮਾਇਆ ਇਕੱਠੀ ਕਰ ਕੇ ਗੁਰੂ ਜੀ ਦੇ ਘਰ ਪਹੁੰਚਾਣੀ। ਸੇਵਾ ਕਰਨੀ ਮਨੁੱਖਤਾ ਦੀ। ਸਾਹਿਬ ਗੁਰੂ ਤੇਗ਼ ਬਹਾਦਰ ਸਾਹਿਬ ਜੀ ਗਏ। ਉਹਨਾਂ ਦੇ ਚਰਨਾਂ ਵਿਚ ਇਸ ਨੇ ਅਨੇਕਾਂ ਭੇਟਾਵਾਂ ਰੱਖੀਆਂ। ਮਹਾਰਾਜ ਜੀ ਹੱਸ ਪਏ ਤਾਂ ਉਹ ਕਹਿਣ ਲੱਗਾ ਮਹਾਰਾਜ ! ਜੋ ਕੁਝ ਜਿਸ ਨੇ ਦਿੱਤਾ ਹੈ, ਮੈਂ ਸਭ ਕੁਝ ਆਪ ਜੀ ਦੇ ਸਨਮੁਖ ਰੱਖ ਦਿੱਤਾ ਹੈ। ਪਾਈ ਪਾਈ, ਕੌਡੀ ਕੌਡੀ। ਹਜ਼ੂਰ ਹੱਸ ਪਏ। ਕਹਿੰਦੇ ਹਨ, ਇਕ ਚੀਜ਼ ਰਹਿੰਦੀ ਹੈ। ਉਹਨੇ ਕਿਹਾ, ਮਹਾਰਾਜ ! ਕੀ ? ਕਹਿਣ ਲੱਗੇ, ਦੇਖ ਲੈ। ਸਤਿਗੁਰੂ ! ਮੈਂ ਇਹ ਨਹੀਂ ਕਹਿੰਦਾ ਕਿ ਨਹੀਂ ਰਹਿੰਦੀ। ਮੈਂ ਭੁੱਲ ਗਿਆ ਹਾਂ, ਸਿੱਖ ਹਾਂ, ਪਰ ਜਿੰਨੀ ਕੁ ਮੈਨੂੰ ਸਮਝ ਸੀ, ਮੈਂ ਸਭ ਕੁਝ ਦੇ ਦਿੱਤਾ ਹੈ। ਹਜ਼ੂਰ ਨੇ ਕਿਹਾ, ਉਹ ਦੇਖ, ਜਿਹੜੀ ਤੇਰੇ ਘਰ ਬੇਰੀ ਨੂੰ ਜਿਹੜੇ ਬੇਰ ਲੱਗੇ ਹਨ, ਉਹ ਬੇਰੀ ਵੀ ਸਾਡੀ ਹੈ। ਉਸ ਨੇ ਮਹਾਰਾਜ ਦੇ ਚਰਨ ਫੜ ਲਏ ਅਤੇ ਕਿਹਾ, ਹਾਂ ਸਤਿਗੁਰੂ ! ਇਹ ਵੀ ਆਪ ਦੀ ਹੀ ਹੈ।

ਇਹ ਇਤਿਹਾਸ ਮਨੋ ਕਲਪਿਤ ਨਹੀਂ। ਭਾਵੇਂ ਅੱਜ ਸਾਡਾ ਜਿਹੜਾ ਦੌਰ ਚੱਲ ਪਿਆ ਹੈ। ਤੁਸੀਂ ਸੂਝਵਾਨ ਬੈਠੇ ਹੋ। ਕਥਾ ਵਿਚਾਰ ਵਾਲਿਆਂ ਦੀ ਏਨੀ ਨੈਗੇਟਿਵ ਸੋਚ ਸਾਡੀ ਹੋ ਗਈ ਹੈ। ਮੁੱਦਤਾਂ ਤੋਂ ਬਣੇ ਹੋਏ ਸਾਡੇ ਵਿਸ਼ਵਾਸ. ਸਾਡਾ ਇਤਿਹਾਸ ਧੜਾ ਧੜ ਖ਼ਤਮ ਹੋ ਰਿਹਾ ਹੈ

ਕਿ ਇਹ ਵੀ ਨਹੀਂ ਹੋ ਸਕਦਾ, ਇਹ ਵੀ ਨਹੀਂ ਹੋ ਸਕਦਾ। ਇਥੋਂ ਤੱਕ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਦੀ ਸਾਖੀ ਵੀ ਖੰਡਨ ਹੋ ਗਈ। ਨਹੀਂ ਜੀ, ਇਹ ਨਹੀਂ ਹੋ ਸਕਦਾ। ਪਿੰਡ ਚੱਬੇ ਵਿਚ ਜਾ ਕੇ ਵੇਖਿਉ, ਮਾਤਾ ਸੁਲੱਖਣੀ ਜੀ ਦੀ ਔਲਾਦ ਅਜੇ ਵੀ ਜਿਊਂਦੀ ਹੈ। ਸੱਤ ਪਤੀਆਂ ਹਨ ਉਹਨਾਂ ਦੀਆਂ। ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਦੇ ਗੁਰਪੁਰਬ ਮਨਾਉਂਦੇ ਹਨ। ਉਹ ਗੱਲ ਕੀ ਸੀ ? ਬੱਸ ਇਤਨੀ ਗੱਲ ਸੀ ਕਿ ਗੁਰੂ ਸਾਹਿਬ ਜੀ ਦੇ ਘੋੜੇ ਦਾ ਪੈਰ ਹਿਲ ਗਿਆ। ਇਹ ਕਿਵੇਂ ਹੋ ਸਕਦਾ ਹੈ ਕਿ ਘੋੜਾ ਪੈਰ ਹਿਲਾਵੇ ਤੇ ਏਕੇ ਦਾ ਸਾਤਾ ਬਣ ਜਾਵੇ। ਮੈਂ ਕਿਹਾ, ਵਿਦਵਾਨ ਵੀਰਾ, ਤੈਨੂੰ ਨਮਸਕਾਰ ! ਤੈਨੂੰ ਘੋੜੇ ਦਾ ਪੈਰ ਦਿੱਸਦਾ ਹੈ ਪਰ ਤੈਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਹੱਥ ਨਹੀਂ ਦਿੱਸਦਾ। ਕਲਮ ਕਿਸ ਦੇ ਹੱਥ ਵਿਚ ਹੈ। ਕਲਮ ਉਸ ਸੱਚੀ ਸਰਕਾਰ ਦੇ ਹੱਥ ਵਿਚ ਹੈ :-

ਗੁਰ ਜੈਸਾ ਨਾਹੀ ਕੋ ਦੇਵ॥ (ਅੰਗ ੧੧੪੨)

ਕਲਮ ਉਸ ਦੇ ਹੱਥ ਵਿਚ ਹੈ :-

ਕਹੁ ਨਾਨਕ ਪ੍ਰਭਿ ਇਹੈ ਜਨਾਈ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ (ਅੰਗ ੮੬੪)

ਉਹਨਾਂ ਕਿਹਾ ਭਾਈ :-

ਗੁਰੁ ਕਰਤਾ ਗੁਰੁ ਕਰਣੈ ਜੋਗੁ॥
ਗੁਰੁ ਪਰਮੇਸਰੁ ਹੈ ਭੀ ਹੋਗੁ॥

(ਅੰਗ ੮੬੪)

ਗੁਰੂ ਰੱਬ ਰੂਪ ਹੈ। ਹਜ਼ੂਰ ਨੇ ਉਥੇ ਸ਼ਬਦ ਕਹੇ। ਕਹਿਣ ਲੱਗੇ ਕਿ ਦੇਰ ਕਾਹਦੀ ਹੈ ? ਭਾਈ ਸਾਹਿਬ ਨੇ ਚਰਨ ਪਕੜੇ ਅਤੇ ਕਹਿਣ ਲੱਗੇ, ਮਹਾਰਾਜ ! ਤੁਹਾਡੀ ਹੈ। ਕਹਿਣ ਲੱਗੇ, ਇਸ ਬਾਰੇ ਸੰਗਤ ਨੂੰ ਦੱਸ। ਮਨ ਭਰ ਆਇਆ ਤੇ ਕਹਿਣ ਲੱਗਾ, ਸਾਧ ਸੰਗਤ ਜੀ ! ਮੈਂ ਹਜ਼ੂਰ ਦੀ ਕਾਰ ਲੈਣ ਜਾਂਦਾ ਸਾਂ। ਇਕ ਦਿਨ ਇਕ ਸਿੱਖ ਦੇ ਘਰ ਗਿਆ। ਉਹ ਆਪ ਘਰ ਨਹੀਂ ਸੀ। ਉਹਦੀ ਸਿੱਖਣੀ ਸੀ, ਮੈਂ ਕਹਿ ਦਿੱਤਾ ਬੀਬਾ ਭੈਣਾ, ਮੈਂ ਆਇਆ ਹਾਂ, ਮੈਨੂੰ ਗੁਰੂ ਦੀ ਕਾਰ ਭੇਟਾ ਦੇ ਦਿਉ। ਉਹ ਗੁੱਸੇ ਵਿਚ ਸੀ ਤੇ ਕਹਿਣ ਲੱਗੀ, ਸਿੱਖ ਘਰ ਨਹੀਂ ਹੈ। ਜਦੋਂ ਆਵੇਗਾ ਉਦੋਂ ਆ ਜਾਉ। ਮੈਂ ਫਿਰ ਕਿਹਾ ਕਿ ਬੀਬਾ, ਮੈਂ ਬਹੁਤ ਦੂਰੋਂ ਆਇਆ ਹਾਂ, ਤੁਸੀਂ ਜੋ ਹੈ ਮੈਨੂੰ ਦੇ ਦਿਉ। ਉਹ ਕਹਿਣ ਲੱਗੀ, ਜੋ ਹੈ ਦੇ ਦਿਆਂ ? ਉਹ ਝਾੜੂ ਲਾਉਂਦੀ ਪਈ ਸੀ। ਜਿਹੜੀ ਮਿੱਟੀ ਇਕੱਠੀ ਹੋਈ ਸੀ, ਕਹਿਣ ਲੱਗੀ ਕਿ ਕਰ ਝੋਲੀ, ਇਹ ਲੈ ਜਾ ਮਿੱਟੀ ਦੇਂਦੀ ਹਾਂ ਤੈਨੂੰ। ਸਾਧ ਸੰਗਤ ! ਉਹ ਮਿੱਟੀ ਮੈਂ ਲੈ ਲਈ ਅਤੇ ਘਰ ਲੈ ਆਇਆ। ਮੈਨੂੰ ਪਤਾ ਸੀ ਕਿ ਗੁਰੂ ਨੂੰ ਜੇ ਮਿੱਟੀ ਦੀ ਮੁੱਠ ਵੀ ਇਸ ਨੇ ਦਿੱਤੀ ਹੈ ਤਾਂ ਇਹ ਵੀ ਅਜਾਈਂ ਨਹੀਂ ਜਾਂਦੀ। ਘਰ ਆ ਕੇ ਮੈਂ ਉਸ ਮਿੱਟੀ ਨੂੰ ਵੇਖਿਆ। ਉਸ ਵਿਚੋਂ ਬੇਰ ਦੀ ਇਕ ਗਿੱਟਕ ਦੇਖੀ ਤੇ ਮੈਂ ਇਥੇ

ਦੱਬ ਦਿੱਤੀ। ਹਜ਼ੂਰ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ! ਤੁਸੀਂ ਇਤਨੇ ਕ੍ਰਿਪਾਲੂ ਹੋ ਕਿ ਸਿੱਖ ਦੇ ਘਰ ਵਿਚੋਂ ਇਕ ਮਿੱਟੀ ਦੀ ਮੁੱਠ ਵੀ ਆਈ ਤਾਂ ਇਹ ਵੀ ਪ੍ਰੇਮ ਦੀ ਖੇਡ ਹੈ।

ਸਾਹਿਬ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਨੇ ਸ਼ਹਾਦਤ ਦਾ ਜਾਮ ਪੀਤਾ ਹੈ। ਆਪ ਸਭ ਨੂੰ ਪਤਾ ਹੈ। ਭਾਈ ਲੱਖੀ ਸ਼ਾਹ ਜੀ ਨੇ ਸਸਕਾਰ ਕੀਤਾ ਹੈ। ਸਸਕਾਰ ਨਵੰਬਰ 1675 ਦੀ ਸ਼ਾਮ ਨੂੰ ਹੋਇਆ ਹੈ। ਪਰ ਸੀਸ ਨੇ ਸਫਰ ਕੀਤਾ ਹੈ। ਬੇਨਤੀ ਸਮਝਿਉ। ਉਹ ਸੀਸ ਪੰਜ ਪੜਾਵ ਕਰਦਾ ਪਿਆ ਹੈ। ਪੰਜ ਪੜਾਵ ਕੀਤੇ ਭਾਈ ਸਾਹਿਬ ਭਾਈ ਜੈਤਾ ਜੀ ਨੇ, ਜਿਹੜੇ ਬਾਅਦ ਵਿਚ ਭਾਈ ਜੀਵਨ ਸਿੰਘ ਜੀ ਬਣੇ ਅਤੇ ਸ਼ਹਾਦਤ ਦਾ ਜਾਮ ਜਿਨ੍ਹਾਂ ਨੇ ਪੀਤਾ। ਉਹ ਪੰਜ ਪੜਾਵ ਦਿੱਲੀ ਸੀਸ ਗੰਜ ਤੋਂ ਪਹਿਲਾ ਪੜਾਵ ਉਹਨਾਂ 11 ਨਵੰਬਰ ਕੀਤਾ, ਬਾਗ ਭੱਟ ਵਿਚੋਂ। 12 ਨਵੰਬਰ ਨੂੰ ਉਥੇ ਪਹੁੰਚੇ ਜਿਥੇ ਇਕ ਫ਼ਕੀਰ ਦਾ ਟਿਕਾਣਾ ਸੀ। ਉਹਦੇ ਟਿਕਾਣੇ 'ਤੇ ਜਾ ਕੇ ਰੁੱਕੇ। ਉਹ ਹਜ਼ੂਰ ਦੇ ਲਈ ਅਦਬ ਰੱਖਦਾ ਸੀ। ਫ਼ਕੀਰ ਬੜਾ ਖੁੱਲ੍ਹੇ ਖ਼ਿਆਲਾਂ ਵਾਲਾ ਸੀ। ਉਸ ਨੇ ਕਿਹਾ ਕਿ ਸਤਿਗੁਰੂ ਗੁਰੂ ਤੇਗ਼ ਬਹਾਦਰ ਜੀ ਦਾ ਮੈਂ ਸਿੱਖ ਹਾਂ। ਹਜ਼ੂਰ ਸੱਚੇ ਪਾਤਿਸ਼ਾਹ ਜੀ ਬਾਰੇ ਉਸ ਨੇ ਸੁਣਿਆ ਤਾਂ ਉਸ ਨੇ ਬੜੀ ਬੇਸਬਰੀ ਨਾਲ ਸੀਸ ਦੇ ਦਰਸ਼ਨ ਕੀਤੇ। ਉਸ ਫ਼ਕੀਰ ਕੋਲ ਭਾਈ ਜੈਤਾ ਜੀ ਕੁਝ ਸਮਾਂ ਰੁੱਕੇ। ਉਥੇ ਇਕ ਹਿੰਦੂ ਪਰਿਵਾਰ ਸੀ ਭਾਈ ਕ੍ਰਿਸ਼ਨ ਪਾਲ ਦਾ, ਉਹਦੇ ਪਰਿਵਾਰ ਵਿਚੋਂ ਜਲ ਪਾਣੀ ਛਕਿਆ।

ਇਥੋਂ ਭਾਈ ਸਾਹਿਬ ਜੀ ਨੇ ਸੀਸ ਚੁੱਕ ਕੇ ਦੂਜਾ ਪੜਾਵ ਤਰਾਵੜੀ ਕੀਤਾ। ਸ਼ਾਮ ਵੇਲੇ ਸ਼ਾਹੀ ਮਾਰਗ ਤੋਂ ਨਹੀਂ ਤੁਰੇ। ਕੋਈ ਪੁੱਛ ਸਕਦਾ ਸੀ ਕਿ ਕੀ ਹੈ ਤੇਰੇ ਕੋਲ। ਬਚਦੇ ਬਚਾਉਂਦੇ ਤਰਾਵੜੀ ਪਹੁੰਚੇ। ਧੋਬੀ ਬਸਤਰ ਧੋ ਕੇ ਆਏ ਸਨ। ਭਾਈ ਜੈਤਾ ਆਪਣੇ ਲਈ ਕੋਈ ਮਹਿਫ਼ੂਜ਼ ਟਿਕਾਣਾ ਲੱਭ ਰਹੇ ਸਨ, ਕਿ ਕਿਸੇ ਜਗ੍ਹਾ 'ਤੇ ਪਿੱਠ ਲਾ ਲਵਾਂ। ਧੋਬੀ ਕਹਿਣ ਲੱਗਾ ਕਿ ਮੇਰੇ ਘਰ ਚੱਲੋ। ਤੁਸੀਂ ਕੌਣ ਹੋ ? ਕਹਿਣ ਲੱਗੇ, ਮੈਂ ਸਿੱਖ ਹਾਂ, ਭਾਈ ਦੇਵਾ ਰਾਮ ਕਹਿਣ ਲੱਗੇ ਸਿੱਖ ? ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਬਾਰੇ ਕੁਝ ਦੱਸੋ। ਬੜੀ ਭਾਵਨੀ ਸੀ ਉਹਨਾਂ ਦੇ ਦਰਸ਼ਨ ਕਰਨ ਦੀ ਦੋਵਾਂ ਜੀਆਂ ਦੀ। ਦੋਵੇਂ ਜੀਅ ਕਹਿਣ ਲੱਗੇ, ਗੁਰੂ ਤੇਗ਼ ਬਹਾਦਰ ਜੀ ਦੇ ਦਰਸ਼ਨਾਂ ਲਈ ਅਸੀਂ ਸ਼ਰਧਾ ਧਾਰ ਕੇ ਬੈਠੇ ਹਾਂ ਕਿ ਸਾਡੇ ਘਰ ਚਰਨ ਪਾਉਣਗੇ। ਭਾਈ ਜੈਤਾ ਜੀ ਦਾ ਮਨ ਭਰ ਆਇਆ। ਕਹਿੰਦੇ ਹਨ ਕਿ ਸੱਚੇ ਪਾਤਿਸ਼ਾਹ ਦਾ ਧੜ ਉਥੇ ਰਾਤ ਨੂੰ ਦੀਵਾ ਬਾਲ ਕੇ ਜਦੋਂ ਅੰਦਰ ਲੈ ਗਏ ਤਾਂ ਭਾਈ ਜੈਤਾ ਜੀ ਬੋਲੇ ਨਹੀਂ। ਉਹ ਕਹਿੰਦੇ ਹਨ ਕਿ ਤੂੰ ਬੋਲ ਕਿਉਂ ਨਹੀਂ ਰਿਹਾ ? ਕਹਿਣ ਲੱਗਾ ਕਿ ਬਸਤਰ ਵਿਛਾਉ ਮੰਜੇ 'ਤੇ। ਬਸਤਰ ਵਿਛਾਏ ਤੇ ਹਜ਼ੂਰ ਦਾ ਸੀਸ ਜੋ ਲਪੇਟਿਆ ਸੀ, ਉਹ ਬਾਹਰ ਕੱਢ ਕੇ ਕਹਿਣ ਲੱਗਾ ਕਿ ਸੱਚੀ ਸਰਕਾਰ ਸ਼ਹੀਦ ਹੋ ਗਏ ਹਨ। ਉਹਨਾਂ ਦਾ ਸੀਸ ਲੈ ਕੇ ਅਨੰਦਪੁਰ ਚੱਲਿਆ ਹਾਂ। ਦੋਵੇਂ ਜੀਅ ਸਾਰੀ ਰਾਤ ਉਸ ਸੀਸ 'ਤੇ ਚਵਰ ਕਰਦੇ ਰਹੇ। ਭਾਈ ਜੈਤਾ ਜੀ ਨੇ ਉਸ ਮੰਜੇ ਦੇ ਕੋਲ ਥੋੜਾ ਜਿਹਾ ਵਿਸ਼ਰਾਮ ਕੀਤਾ। ਇਹ ਦੂਸਰਾ ਪੜਾਵ ਸੀ ਸੀਸ ਦਾ।

ਭਾਈ ਜੈਤਾ ਜੀ ਨੇ ਉਥੋਂ ਹਜ਼ੂਰ ਦਾ ਸੀਸ ਅਦਬ ਨਾਲ ਚੁਕਿਆ। ਤਰਾਵੜੀ ਤੋਂ ਤੁਰੇ

ਤੇ ਅੰਬਾਲੇ ਪਹੁੰਚ ਗਏ। ਇਥੇ ਇਕ ਮਾਜਰੀ ਮਹੱਲਾ ਹੈ। ਇਥੋਂ ਚੱਲਦੇ ਹੋਏ ਇਥੇ ਇਕ ਅਸਥਾਨ ਵੀ ਹੈ ਗੁਰੂ ਤੇਗ਼ ਬਹਾਦਰ ਜੀ ਦਾ, ਉਥੇ ਸ਼ਾਮ ਨੂੰ ਪਹੁੰਚਦੇ ਹਨ। ਉਥੇ ਭਾਈ ਰਾਮਦੇਵ ਸੀ। ਉਹਨੇ ਉਥੇ ਹਜ਼ੂਰ ਸੱਚੇ ਪਾਤਿਸ਼ਾਹ ਜੀ ਦਾ ਸੀਸ ਆਪਣੇ ਘਰ ਰਖਵਾਇਆ ਤੇ ਸੇਵਾ ਕੀਤੀ। ਅੰਬਾਲੇ ਤੋਂ ਚੱਲ ਕੇ ਚੌਥਾ ਪੜਾਵ ਕੀਤਾ ਜਾ ਕੇ ਨਾਭਾ ਵਿਚ। ਸ਼ਾਮ ਨੂੰ ਪਹੁੰਚਦੇ ਹਨ ਉਥੇ। ਉਥੇ ਇਕ ਬਹੁਤ ਬਿਰਧ ਫ਼ਕੀਰ ਹੈ ਦਰਗਾਹੀ ਸ਼ਾਹ। ਭਾਈ ਜੈਤਾ ਜੀ ਉਥੇ ਪਹੁੰਚਦੇ ਹਨ ਅਤੇ ਉਹਨਾਂ ਨੂੰ ਕਹਿੰਦੇ ਹਨ ਕਿ ਰਾਤ ਰਹਿਣਾ ਹੈ। ਦਰਗਾਹੀ ਸ਼ਾਹ ਪੁੱਛਦਾ ਹੈ, ਤੁਸੀਂ ਕੌਣ ਹੋ ? ਕਹਿਣ ਲੱਗੇ ਗੁਰੂ ਤੇਗ਼ ਬਹਾਦਰ ਜੀ ਦਾ ਸਿੱਖ ਹਾਂ। ਉਹ ਕਹਿਣ ਲੱਗਾ ਕਿ ਜੀ ਆਇਆਂ ਨੂੰ। ਫਿਰ ਬਾਹਰ ਕਿਉਂ ਖੜਾ ਹੈਂ, ਅੰਦਰ ਆ ਜਾ। ਮੈਂ ਬਿਰਧ ਹੋ ਗਿਆ ਹਾਂ। ਗੁਰੂ ਤੇਗ਼ ਬਹਾਦਰ ਜੀ ਨੂੰ ਕਹੋ ਕਿ ਅੱਖਾਂ ਸਹਿਕ ਰਹੀਆਂ ਨੇ ਤੁਹਾਡੇ ਦਰਸ਼ਨਾਂ ਨੂੰ। ਰਾਤ ਨੂੰ ਜਦੋਂ ਬਿਰਧ ਬਾਬੇ ਨੇ ਕਿਹਾ ਤਾਂ ਭਾਈ ਸਾਹਿਬ ਜੀ ਨੇ ਸੀਸ ਖੋਲ੍ਹਿਆ ਤੇ ਨਾਲ ਮਨ ਭਰ ਆਇਆ। ਮੇਰੀ ਸੱਚੀ ਸਰਕਾਰ ! ਇਥੇ ਜਿਹੜੇ ਭਾਵਨਾਵਾਂ ਨਾਲ ਬੈਠੇ ਹਨ, ਦਰਸ਼ਨਾਂ ਦੀ ਤਾਂਘ ਵਿਚ, ਤੇਰਾ ਸੀਸ ਮੈਂ ਉਹਨਾਂ ਉਹਨਾਂ ਰਾਹਾਂ ਵੱਲ ਲੈ ਕੇ ਜਾ ਰਿਹਾ ਹਾਂ। ਦਰਗਾਹੀ ਸ਼ਾਹ ਨੇ ਸਾਰੀ ਰਾਤ ਉਸ ਸੀਸ ਦੀ ਸੇਵਾ ਕੀਤੀ। ਇਹ ਮਨੋਕਲਪਿਤ ਨਹੀਂ,

ਸਭ ਥਾਈਂ ਹੋਏ ਸਹਾਏ।

ਇਹ ਸੱਚੀ ਸਰਕਾਰ ਦਾ ਪਵਿੱਤਰ ਇਤਿਹਾਸ ਹੈ। ਸਾਰੀ ਰਾਤ ਸੇਵਾ ਕੀਤੀ ਤੇ ਨਾਲ ਕਿਹਾ, ਹਜ਼ੂਰ ਗੁਰੂ ਗੋਬਿੰਦ ਰਾਏ ਨੂੰ ਕਹੋ ਕਿ ਇਸ ਬਿਰਧ ਨੂੰ ਜ਼ਰੂਰ ਦੀਦਾਰ ਦਿਉ। ਹਜ਼ੂਰ ਭੰਗਾਣੀ ਤੋਂ ਬਾਅਦ ਉਹਦੇ ਕੋਲ ਆਏ ਸਨ। ਇਸ ਤੋਂ ਬਾਅਦ ਸੀਸ ਲੈ ਕੇ, ਭਾਈ ਸਾਹਿਬ ਕੀਰਤਪੁਰ ਸਾਹਿਬ ਪਹੁੰਚ ਗਏ। ਕੀਰਤਪੁਰ ਪਹੁੰਚ ਕੇ ਇਥੇ ਸੱਚੀ ਸਰਕਾਰ ਦਾ ਸੀਸ ਉਹਨਾਂ ਬਿਬਾਣ ਵਿਚ ਟਿਕਾਇਆ। ਇਸ ਕਰਕੇ ਸ਼ਾਇਦ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਏ ਸਾਹਿਬ ਦੀ ਪਵਿੱਤਰ ਦੇਹੀ ਦੇ ਸਸਕਾਰ ਉਥੇ ਹੋਏ ਹਨ। ਅਨੰਦਪੁਰ ਸਾਹਿਬ ਤੋਂ ਗੁਰੂ ਗੋਬਿੰਦ ਰਾਏ ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਆਏ। ਸੱਚੀ ਸਰਦਾਰ ਦਾ ਸੀਸ ਦੇਖਿਆ। ਇਹ ਮਨੋਕਲਪਿਤ ਨਹੀਂ, ਇਸ ਗੱਲ ਨੂੰ ਜੇ ਮੁਕਾਉਣਾ ਹੋਵੇ ਤਾਂ ਮੈਂ ਇਕ ਖਿਨ ਵਿਚ ਮੁਕਾ ਦੇਵਾਂਗਾ। ਪਰ ਮਹਿਸੂਸ ਕਰਨਾ ਅਤੇ ਕਥਾ ਕਰਨੀ ਦੋਵਾਂ ਵਿਚ ਬੜਾ ਫਰਕ ਹੈ। ਜਿਸ ਦਿਨ ਕੋਈ ਮਹਿਸੂਸ ਕਰਕੇ ਗੱਲ ਕਰੇਗਾ ਉਸ ਦਿਨ ਹਿਰਦੇ ਜ਼ਰੂਰ ਟੁੰਬੇ ਜਾਣਗੇ। ਜਿਸ ਦਿਨ ਗਲੇ ਵਿਚੋਂ ਆਵਾਜ਼ ਨਿਕਲੇਗੀ, ਉਸ ਦਿਨ ਸਿਰਫ ਕੰਨਾਂ ਵਿਚ ਹੀ ਰਹੇਗੀ ਤੇ ਦਿਮਾਗ਼ ਵਿਚ ਘੁੰਮੇਗੀ, ਤੇ ਸੀਨੇ ਵਿਚ ਨਹੀਂ ਜਾਏਗੀ।

ਮਾਤਾ ਨਾਨਕੀ ਜੀ ਆਏ। ਉਥੇ ਕਿਹਾ ਜਾਂਦਾ ਹੈ ਕਿ ਜਿਸ ਦਿਨ ਗੁਰੂ ਤੇਗ਼ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਚੱਲੇ ਸਨ ਅਤੇ ਮਾਤਾ ਨਾਨਕੀ ਜੀ ਨੇ ਜਦੋਂ ਪੁੱਤਰ ਨੂੰ ਅਨੰਦਪੁਰ ਤੋਂ ਤੋਰਿਆ ਸੀ ਤਾਂ ਇਕੋ ਗੱਲ ਕਹੀ ਸੀ— ਮਾਤਾ ਜੀ ਕੋਈ ਸੇਵਾ ? ਤਾਂ ਮਸਤਕ 'ਤੇ ਹੱਥ ਰੱਖ ਕੇ ਕਿਹਾ ਸੀ ਪੁੱਤਰ, ਜਿਸ ਤਰ੍ਹਾਂ ਦਾ ਖਿੜਿਆ ਚਿਹਰਾ ਭੇਜਦੀ ਪਈ ਹਾਂ, ਇਹੋ ਜਿਹਾ

ਫਿਰ ਦੁਬਾਰਾ ਦੇਖਣਾ ਚਾਹੁੰਦੀ ਹਾਂ। ਹਜ਼ੂਰ ਨੇ ਕਿਹਾ, ਭਾਈ ਜੈਤਿਆ, ਮਾਂ ਜੀ ਜੋ ਕਹਿੰਦੇ ਹਨ, ਧਿਆਨ ਵਿਚ ਰੱਖੀਂ। ਆਖ਼ਰ ਸੀਸ ਉਥੇ ਪਹੁੰਚ ਗਿਆ ਹੈ। ਮਾਤਾ ਨਾਨਕੀ ਜੀ ਨੇ ਆਪਣੇ ਪੁੱਤਰ ਦੇ ਸੀਸ ਦੇ ਉੱਪਰ ਦੋਨੋਂ ਹੱਥ ਰੱਖੇ। ਪਵਿੱਤਰ ਮੁਖ ਨੂੰ ਦੇਖਿਆ, ਮੱਥੇ 'ਤੇ ਹੱਥ ਫੇਰਿਆ, ਪੋਤਾ ਕੋਲ ਹੈ, ਕਦੀ ਮਹਿਸੂਸ ਕਰੀਏ। ਮਾਤਾ ਗੁਜਰੀ ਜੀ ਦੇ ਸਿਰ ਦਾ ਸਾਈਂ, ਆਪਣੇ ਪਤੀ ਤੋਂ ਕੁਰਬਾਨ ਜਾਂਦੇ ਹਨ। ਆਪ ਉਹਨਾਂ ਦੀ ਸੇਵਾ ਸੰਭਾਲ ਕਰਦੇ ਸਨ ਅਤੇ ਨਾਲ ਬੰਦਗੀ ਕਰਦੇ ਸਨ। ਉਹਨਾਂ ਨੇ ਸੀਸ ਦੇ ਦਰਸ਼ਨ ਕੀਤੇ। ਹੱਥ ਜੋੜ ਕੇ ਕਿਹਾ, ਮਾਲਕ ! ਤੁਹਾਡੀ ਨਿਭ ਗਈ, ਮੇਰੀ ਵੀ ਨਿਭ ਜਾਏ।

ਗੁਰੂ ਗੋਬਿੰਦ ਰਾਏ ਸੱਚੀ ਸਰਕਾਰ ਨੇ ਪਿਤਾ ਜੀ ਦੇ ਪਵਿੱਤਰ ਸੀਸ ਦੇ ਦੀਦਾਰ ਕੀਤੇ। ਭਾਈ ਜੈਤੇ ਨੂੰ ਉੱਠ ਕੇ ਆਪਣੇ ਸੀਨੇ ਨਾਲ ਲਾਇਆ ਤੇ ਨਾਲ ਸ਼ਬਦ ਕਹੇ ਸਨ :-

ਰੰਘਰੇਟੇ ਗੁਰੂ ਕੇ ਬੇਟੇ।

ਇਕ ਗੱਲ ਇਤਿਹਾਸਕਾਰਾਂ ਨੇ ਲਿਖੀ ਹੈ ਕਿ ਜਦੋਂ ਕਿਹਾ ਰੰਘਰੇਟੇ ਗੁਰੂ ਕੇ ਬੇਟੇ। ਤੂੰ ਗੁਰੂ ਦਾ ਪੁੱਤਰ ਹੈਂ। ਕੁਝ ਮੰਗ ਤਾਂ ਭਾਈ ਜੀਵਨ ਸਿੰਘ ਜੀ, ਭਾਈ ਜੈਤੇ ਜੀ ਨੇ ਕੀ ਮੰਗਿਆ ? ਕਿਹਾ ਜੀ, ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਬਖ਼ਸ਼ ਦਿਉ। ਭਾਈ ਜੈਤਾ ਜੀ ਇਹ ਮੰਗ ਰਹੇ ਹਨ। ਕਿੰਨੀ ਵੱਡੀ ਮਹਾਨਤਾ ਹੈ ਉਸ ਦਰਬਾਰ ਦੀ ? ਰੰਘਰੇਟਿਆਂ ਦਾ ਬੁੰਗਾ ਵੀ ਹੈ। ਹਜ਼ੂਰ ਸੱਚੇ ਪਾਤਿਸ਼ਾਹ ਪਿਤਾ ਜੀ ਦਾ ਸੀਸ ਅਨੰਦਪੁਰ ਦੀ ਧਰਤੀ 'ਤੇ ਲੈ ਗਏ। ਉਸ ਜਗ੍ਹਾ 'ਤੇ ਸਿਰਫ਼ ਹਜ਼ੂਰ ਨੇ ਪਿਤਾ ਦੇ ਸੀਸ ਦਾ ਸਸਕਾਰ ਕੀਤਾ। ਇਕ ਸੀਸ ਗੰਜ ਸਾਹਿਬ ਉਹ ਹੈ, ਜਿਥੇ ਸੀਸ ਉਤਰਿਆ ਹੈ ਅਤੇ ਇਕ ਸੀਸ ਗੰਜ ਸਾਹਿਬ ਉਹ ਹੈ, ਜਿਥੇ ਸੀਸ ਦਾ ਸਸਕਾਰ ਕੀਤਾ ਹੈ। ਉਹ ਹੈ ਅਨੰਦਪੁਰ ਸਾਹਿਬ।

ਆਪ ਉਸ ਗੁਰੂ ਤੇਗ਼ ਬਹਾਦਰ ਸੱਚੀ ਸਰਕਾਰ ਦਾ ਸ਼ਹਾਦਤ ਵਾਲਾ ਦਿਨ ਮਨਾ ਰਹੇ ਹੋ। ਸਿਰਫ਼ ਇਕੋ ਬੇਨਤੀ ਹੈ ਕਿ ਸ਼ੁਰੂਆਤ ਕੀਤੀ ਸੀ ਕਿ ਦੁੱਖ ਜ਼ਿੰਦਗੀ ਦਾ ਅੰਗ ਹੈ ਅਤੇ ਕੋਈ ਨਹੀਂ ਇਸ ਤੋਂ ਬਚਦਾ। ਜਿਵੇਂ ਰੁੱਤਾਂ ਬਦਲਦੀਆਂ ਹਨ, ਮੌਸਮ ਬਦਲਦੇ ਹਨ, ਜ਼ਿੰਦਗੀ ਵੀ ਇਸੇ ਤਰ੍ਹਾਂ ਬਤੀਤ ਕਰਨੀ ਪੈਂਦੀ ਹੈ। ਕਦੀ ਦੁੱਖ ਆਉਂਦੇ ਹਨ, ਕਦੇ ਸੁੱਖ ਆਉਂਦੇ ਹਨ, ਪਰ ਜੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਆਸਰਾ ਲੈ ਲਈਏ, ਤਾਂ ਗੁਰੂ ਤੇਗ਼ ਬਹਾਦਰ ਸਾਹਿਬ ਸਾਨੂੰ ਇਕ ਬਚਨ ਦੇ ਕੇ ਗਏ ਹਨ ਕਿ ਜਦੋਂ ਦੁੱਖ ਤੈਨੂੰ ਘੇਰ ਲਏ ਅਤੇ ਤੇਰੀ ਹਰ ਤਰ੍ਹਾਂ ਦੀ ਸ਼ਕਤੀ ਛੀਨ ਹੋ ਜਾਏ, ਤਾਂ ਘਬਰਾਈਂ ਨਾ, ਤੂੰ ਦਿਲੋਂ ਪੁਕਾਰ ਕਰੀਂ। ਜਿਨ੍ਹਾਂ ਨੂੰ ਦੁੱਖ ਪਕੜ ਲੈਣ, ਬਲ ਮੁੱਕ ਜਾਣ, ਪ੍ਰਮਾਤਮਾ ਉਹਨਾਂ ਬਲਹੀਨਾਂ ਨੂੰ ਵੀ ਬਲ ਦੇ ਦੇਂਦਾ ਹੈ। ਅਸੀਂ ਦੋਹਰਾ ਪੜ੍ਹਦੇ ਹਾਂ :-

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ ੫੩॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥ ੫੪॥

ਗੁਰੂ ਤੇਗ ਬਹਾਦਰ ਸੱਚੇ ਪਾਤਿਸ਼ਾਹ ! ਬੰਦਗੀ ਤੇ ਸਿਮਰਨ ਦੀ ਦਾਤ ਬਖ਼ਸ਼ੋ। ਇੰਨੀਆਂ ਕੁ ਬੇਨਤੀਆਂ ਸਾਧ ਸੰਗਤ ਜੀ, ਪ੍ਰਵਾਨ ਕਰਿਉ। ਬੇਅੰਤ ਭੁੱਲਾਂ ਹੋਈਆਂ ਹੋਣਗੀਆਂ, ਕ੍ਰਿਪਾ ਕਰਕੇ ਬਖ਼ਸ਼ ਦੇਣਾ। ਆਪ ਸਭ ਦਾ ਧੰਨਵਾਦ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

ਧੰਨੁ ਧਨੁ ਭਾਗ ਤਿਨਾ ਭਗਤ ਜਨਾ

ਪਰਮ ਸਨਮਾਨ ਯੋਗ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਪਵਿੱਤਰ ਆਤਮਾਵਾਂ ਨੇ ਪਵਿੱਤਰ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ 'ਭਗਤ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਵਰਤਿਆ ਗਿਆ ਹੈ। 'ਸੰਤ' ਸ਼ਬਦ ਦੀ ਵੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰੂ ਜੀ ਨੇ ਕੀਤੀ ਹੈ। 'ਗੁਰਸਿੱਖ' ਸ਼ਬਦ 'ਬ੍ਰਹਮ ਗਿਆਨੀ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਮਾਲਕ ਨੇ ਵਰਤੇ ਹਨ, ਉਥੇ 'ਸਿੱਖ' ਅਤੇ 'ਗੁਰਸਿੱਖ' ਸ਼ਬਦ ਇਹਨਾਂ ਨੂੰ ਵੀ ਬੜੀ ਵੱਡੀ ਥਾਂ ਦਿੱਤੀ ਗਈ ਹੈ। ਯਾਦ ਰੱਖਿਓ, ਜ਼ਿੰਦਗੀ ਦੇ ਅੰਦਰ ਦਾ ਸੁੱਖ ਵੀ ਕੇਵਲ ਬਾਣੀ ਵਿਚ ਹੀ ਹੈ। ਜਦੋਂ ਜੰਗਲ ਨੂੰ ਅੱਗ ਲੱਗੇ ਤਾਂ ਮਿਰਗ ਦੌੜ ਕੇ ਪਾਣੀ ਦੇ ਸਰੋਵਰ ਵਿਚ ਜਾਂ ਦਰਿਆ ਵਿਚ ਜਾ ਖਲੋਂਦਾ ਹੈ। ਉਸ ਨੂੰ ਪਤਾ ਹੈ ਕਿ ਜੰਗਲ ਸੜਦਾ ਪਿਆ ਹੈ। ਮੈਂ ਤਾਂ ਹੀ ਬਚਾਂਗਾ ਜੇ ਪਾਣੀ ਦੇ ਵਿਚ ਖਲੋ ਜਾਵਾਂ। ਜਦੋਂ ਦੁਨੀਆਂ ਵਿਚ ਵਿਸ਼ੇ ਵਾਸ਼ਨਾਵਾਂ ਅਤੇ ਵਿਕਾਰਾਂ ਦੀ ਅੱਗ ਪੈਦਾ ਹੁੰਦੀ ਹੈ ਤਾਂ ਲਾਟਾਂ ਨਿਕਲਦੀਆਂ ਹਨ ਤੇ ਕੇਵਲ ਉਹੀ ਬਚਣਗੇ ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਚਲੇ ਜਾਣਗੇ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਮਹਾਰਾਜ ਜੀ ਨੇ 'ਭਗਤ' ਨੂੰ ਬਹੁਤ ਉੱਚਾ ਰੁਤਬਾ ਦਿੱਤਾ ਹੈ। ਅਸੀਂ ਬਾਣੀ ਵਿਚੋਂ ਸ਼ਬਦ ਪੜ੍ਹਦੇ ਹਾਂ :-

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ॥

(ਅੰਗ ੬੪੯)

ਕਹਿੰਦੇ ਹਨ, ਉਹਨਾਂ ਭਗਤਾਂ ਦੇ ਭਾਗ ਧੰਨਤਾ ਜੋਗ ਹਨ। ਉਹ ਵੱਡਿਆਂ ਭਾਗਾਂ ਵਾਲੇ ਹਨ, ਜਿਹੜੇ ਆਪਣੀ ਜ਼ਬਾਨ ਤੋਂ ਪ੍ਰਮਾਤਮਾ ਦੀ ਅਰਾਧਨਾ ਕਰਦੇ ਹਨ ਅਤੇ ਜਿਨ੍ਹਾਂ ਨੇ ਹਰੀ ਦੇ ਨਾਮ ਨੂੰ ਮੁਖ ਵਿਚੋਂ ਕਿਹਾ ਹੈ :-

ਹਰਿ ਨਾਮਾ ਹਰਿ ਮੁਖਿ ਕਹਤਿਆ॥

ਆਮ ਤੌਰ 'ਤੇ ਹੋ ਸਕਦਾ ਹੈ ਕਿ ਕੋਈ ਇਨਸਾਨ ਆਪਣੇ ਬੁੱਲ੍ਹਾਂ ਨੂੰ, ਆਪਣੀ ਜੀਭ ਨੂੰ ਇਸ ਲਈ ਹਰਕਤ ਵਿਚ ਲਿਆਂਦਾ ਹੈ ਕਿ ਲੋਕਾਂ ਨੂੰ ਪਤਾ ਲੱਗ ਜਾਏ ਕਿ ਮੈਂ ਮੁਖ ਤੋਂ ਹਰੀ ਨਾਮ ਕਹਿ ਰਿਹਾ ਹਾਂ। ਮਹਾਰਾਜ ! ਸਾਡੀ ਮੱਤ ਖਲੋਤੀ ਹੋਈ ਹੈ। ਪਰ ਹੋ ਸਕਦਾ ਹੈ ਕਿ ਸਾਨੂੰ ਪਹਿਚਾਨ ਨਾ ਹੋਵੇ, ਤੁਸੀਂ ਕ੍ਰਿਪਾ ਕਰਕੇ ਬਾਣੀ ਵਿਚੋਂ ਹੋਰ ਲੱਛਣ ਦੱਸੋ ਕਿ ਜੀਵਨ ਵਿਚੋਂ ਗੁਣ ਵੇਖ ਕੇ ਪਤਾ ਲੱਗ ਜਾਵੇ ਕਿ ਇਹ ਪ੍ਰਮਾਤਮਾ ਦਾ 'ਭਗਤ' ਹੈ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਨੇ 'ਭਗਤ' ਦੇ ਤਿੰਨ ਲੱਛਣ ਬਾਹਰੀ ਰੂਪ ਵਿਚ ਦੱਸੇ ਹਨ— ਅੰਦਰ ਦਾ ਸਿਮਰਨ, ਅੰਦਰ ਦੀ ਸਾਧਨਾ, ਅੰਦਰ ਦਾ ਧਿਆਨ। ਅੰਦਰ ਦੀ ਬੰਦਗੀ ਕੇਵਲ ਉਹ ਹੀ ਜਾਣਦਾ ਹੈ, ਜਿਹੜਾ ਆਪ ਕਰਦਾ ਹੈ। ਹੋ ਸਕਦਾ ਹੈ ਕਿ ਕੋਲ ਬੈਠੇ ਨੂੰ ਕੋਈ ਪਤਾ ਨਾ ਲੱਗੇ, ਪਰ ਬਾਹਰ ਦੇ ਗੁਣ ਐਸੇ ਹਨ ਕਿ ਆਮ ਬੰਦੇ ਨੂੰ ਵੇਖਣ ਨਾਲ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਦਾ ਸੁਭਾਅ ਕੀ ਹੈ ? ਇਸ ਦੇ ਲੱਛਣ ਕੀ ਹਨ ? ਮਹਾਰਾਜ ! ਭਗਤ ਦੇ ਬਾਹਰੀ ਰੂਪ ਵਿਚ ਗੁਣ ਕੀ ਹਨ, ਜਿਹੜੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੱਸੇ ਹਨ ? ਵੈਸੇ 'ਭਗਤ' ਗੁਣਾਂ ਦਾ ਖ਼ਜ਼ਾਨਾ ਹੈ। ਆਪ ਨੇ ਤਿੰਨ ਬਚਨ ਕਹੇ ਸਨ। ਕਹਿਣ ਲੱਗੇ, 'ਭਗਤ' ਦਾ ਪਹਿਲਾ ਬਾਹਰਮੁੱਖੀ ਗੁਣ ਇਹ ਹੈ ਕਿ ਉਹਦੇ ਕੋਲ ਅਕਲ ਹੈ, ਉਹਦੇ ਕੋਲ ਮੱਤ ਹੈ, ਉਹਦੇ ਕੋਲ ਸਿਆਣਪ ਹੈ। ਉਹਦੇ ਕੋਲ ਲਿਆਕਤ ਬਹੁਤ ਜ਼ਿਆਦਾ ਹੈ, ਪਰੰਤੂ ਜਦੋਂ ਉਹ ਦੁਨੀਆਂ ਵਿਚ ਵਿਚਰਦਾ ਹੈ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਬਿਲਕੁਲ ਨਿਆਣਾ ਹੈ। ਇਹਨੂੰ ਬਿਲਕੁਲ ਸਮਝ ਨਹੀਂ। ਉਹ ਅਕਲ ਦਾ ਧਨੀ ਹੈ, ਪਰੰਤੂ ਦੁਨੀਆਂ ਵਿਚ ਵਰਤਦਿਆਂ ਹੋਇਆਂ ਬਿਲਕੁਲ ਆਪਣੇ ਆਪ ਨੂੰ ਨਿਆਣਾ ਬਣਾ ਕੇ ਰੱਖਦਾ ਹੈ, ਆਪਣੇ ਅੰਦਰ ਦੀ ਅਕਲ ਦਾ ਦਾਅਵਾ ਨਹੀਂ ਕਰਦਾ।

ਦੂਸਰਾ ਗੁਣ ਉਹ ਇਹ ਹੈ ਕਿ ਭਗਤ ਆਪਣੀ ਜ਼ਬਾਨ ਤੋਂ ਇਕ ਵੀ ਸ਼ਬਦ ਬੋਲੇ ਤਾਂ ਪ੍ਰਮਾਤਮਾ ਉਹਦੀ ਜ਼ਬਾਨ ਨੂੰ ਕਦੀ ਝੂਠਿਆਂ ਨਹੀਂ ਪੈਣ ਦੇਂਦਾ। ਇਹ ਇਕ ਸਚਾਈ ਹੈ, ਪਰ ਜਿਸ ਦੇ ਬੋਲਾਂ ਵਿਚ ਇਤਨੀ ਤਾਕਤ ਹੋਵੇ ਕਿ ਪ੍ਰਮਾਤਮਾ ਕਹੇ ਕਿ ਤੂੰ ਬੋਲੇਂ ਤਾਂ ਮੈਂ ਧਰਤੀ ਨੂੰ ਟੇਢਿਆਂ ਕਰ ਸਕਦਾ ਹਾਂ। ਤੂੰ ਬੋਲੇਂ ਤਾਂ ਮੈਂ ਧਰਤੀ ਨੂੰ ਅਸਮਾਨ 'ਤੇ ਟੰਗ ਸਕਦਾ ਹਾਂ। 'ਭਗਤ' ਸਭ ਕੁਝ ਆਪਣੇ ਪਿੰਡੇ 'ਤੇ ਹੰਢਾਅ ਜਾਂਦਾ ਹੈ, ਪਰ ਆਪਣੇ ਅੰਦਰ ਦੀ ਤਾਕਤ ਦਾ ਉਹ ਵਿਖਾਵਾ ਨਹੀਂ ਕਰਦਾ। 'ਭਗਤ' ਕੋਲ ਤਾਕਤ ਹੈ, ਪਰ ਉਹ ਸਦਾ ਨਿਤਾਣਾ ਬਣ ਕੇ ਹੀ ਰਹਿੰਦਾ ਹੈ।

'ਭਗਤ' ਦਾ ਤੀਸਰਾ ਬਾਹਰਮੁੱਖੀ ਗੁਣ ਇਹ ਹੈ ਕਿ ਉਸ ਦੇ ਕੋਲ ਕੇਵਲ ਇਕ ਤਿਲ ਹੋਵੇ, ਉਸ ਦੇ ਕੋਲ ਸੁੱਕੀ ਰੋਟੀ ਹੋਵੇ, ਉਸ ਦੇ ਕੋਲ ਭਾਵੇਂ ਖਾਣ ਨੂੰ ਬਹੁਤ ਥੋੜਾ ਹੋਵੇ, ਪਰ ਜਦੋਂ ਕੋਈ ਲੋੜਵੰਦ ਆ ਜਾਵੇ ਤਾਂ ਉਹ ਆਪਣੇ ਥੋੜੇ ਜਿਹੇ ਖਾਣੇ ਵਿਚੋਂ ਵੀ ਵੰਡ ਕੇ ਸ਼ੁਕਰ ਕਰਦਾ ਹੈ। ਜਿਸ ਦੇ ਜੀਵਨ ਵਿਚ ਇਹ ਤਿੰਨ ਗੁਣ ਹੋਣ, ਧੰਨ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਂਦੇ ਹਨ ਕਿ ਸੱਚਾਈ ਇਹ ਹੈ ਕਿ ਉਹ ਪ੍ਰਮਾਤਮਾ ਦਾ 'ਭਗਤ' ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਫ਼ੁਰਮਾਂਦੇ ਹਨ— ਹੇ ਪਰੀਪੂਰਨ ਪ੍ਰਮਾਤਮਾ ! ਜੇ ਕਿਸੇ ਆਦਮੀ ਦਾ ਜਨਮ ਉੱਚੇ ਘਰਾਣੇ ਵਿੱਚ ਹੋਇਆ ਹੋਵੇ, ਉੱਚੀ ਕੁੱਲ ਵਿਚ ਹੋਇਆ ਹੋਵੇ, ਜੇ ਕਿਸੇ ਆਦਮੀ ਦੇ ਘਰ ਵਿਚ ਧਨ ਦੀ, ਪਦਾਰਥਾਂ ਦੀ ਕੋਈ ਕਮੀ ਨਹੀਂ, ਇਤਨਾ ਧਨ ਪਦਾਰਥ ਅਤੇ ਉੱਚੀ ਕੁੱਲ ਲੈ ਕੇ ਉਹ ਭਗਤੀ ਕਰਦਾ ਹੋਵੇ ਤਾਂ ਉਹਦੇ ਤੋਂ ਅਸੀਂ ਕੁਰਬਾਨ ਜਾਂਦੇ ਹਾਂ। ਦੂਸਰਾ ਬਚਨ ਫ਼ੁਰਮਾਂਦੇ ਹਨ ਕਿ ਜਿਹੜਾ ਭਗਤ ਨੀਵੀਂ ਕੁਲ ਵਿਚ ਪੈਦਾ ਹੋਵੇ, ਅਖੌਤੀ ਬਣਾਈ ਹੋਈ ਜਾਤ-ਪਾਤ, ਉਹਦੀ ਕੁਲ ਨੂੰ ਵੀ ਲੋਕੀ ਨੀਵੀਂ ਕਹਿਣ, ਉਹ ਜੁੱਤੀਆਂ ਗੰਢਦਾ ਹੋਵੇ, ਉਹ ਕਪੜੇ ਸੀਉਂਦਾ ਹੋਵੇ, ਸਮਾਜ ਦੀਆਂ ਠੋਕਰਾਂ ਸਹਿ ਕੇ ਵੀ ਤੇਰਾ ਸ਼ੁਕਰ ਕਰੇ, ਤੇਰੀ ਭਗਤੀ ਕਰੇ ਤਾਂ ਇਹੋ ਜਿਹਾ ਭਗਤ ਜੇਕਰ ਮੈਨੂੰ ਮਿਲ ਜਾਵੇ ਤਾਂ ਬਾਬਾ ਨਾਨਕ ਜੀ ਕਹਿੰਦੇ ਹਨ ਕਿ ਮੈਂ ਆਪਣੇ ਤਨ ਦੇ ਚਮੜੇ ਨਾਲ ਅਜਿਹੇ ਭਗਤ ਦੇ ਚਰਨਾਂ ਦਾ ਜੋੜਾ ਬਣਾ ਦੇਵਾਂ। ਇਹ ਭਗਤੀ ਦਾ ਸਿਖਰ ਹੈ। ਇਕ ਤੁੱਕ ਹੈ :-

ਜਾਤਿ ਕੁਲੀਨੁ ਸੇਵਕੁ ਜੇ ਹੋਇ॥

ਜੇ ਉੱਚੀ ਜਾਤ ਦੇ ਵਿਚ ਕੋਈ ਭਗਤੀ ਕਰਨ ਵਾਲਾ ਹੋਵੇ ਤਾਂ ਸਮਝੋ ਉਸ ਦੇ ਕਿੰਨੇ ਚੰਗੇ ਭਾਗ ਹਨ ਕਿ ਉਸ ਨੇ ਹੰਕਾਰ ਦੀ ਟੀਸੀ ਨੂੰ ਠੋਕਰ ਮਾਰ ਦਿੱਤੀ ਹੈ।

ਤਾ ਕਾ ਕਹਣਾ ਕਹਹੁ ਨ ਕੋਇ॥

ਵਿਚਿ ਸਨਾਤੀ ਸੇਵਕੁ ਹੋਇ॥

ਸਨਾਤੀ ਦਾ ਅਰਥ ਹੈ ਜਿਸ ਦੀ ਜਾਤ ਉੱਚੀ ਨਹੀਂ।

ਨਾਨਕ ਪਣ੍ਹੀਆ ਪਹਿਰੈ ਸੋਇ॥

(ਅੰਗ ੧੨੫੬)

ਜਿਹੜਾ ਜੁੱਤੀਆਂ ਗੰਢ ਕੇ ਵੀ ਭਗਤੀ ਕਰਦਾ ਹੈ ਤਾਂ ਭਗਤਾ, ਤੇਰੇ ਚਰਨਾਂ ਵਿਚ ਪਾਉਣ ਵਾਸਤੇ ਜੋੜਾ ਮੇਰੀ ਚਮੜੀ ਦਾ ਬਣ ਜਾਵੇ। ਕਿੰਨਾ ਉੱਚਾ ਹੈ 'ਭਗਤ'।

ਗੁਰਮੁਖੋ ! ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਸੰਤ' ਵਿਚ ਤੇ 'ਅਨੰਤ' ਵਿਚ ਕੋਈ ਅੰਤਰ ਨਹੀਂ। ਇਹ ਗੱਲ ਵੱਖਰੀ ਹੈ ਕਿ ਕੋਈ 'ਸੰਤ' ਵਾਲਾ ਬਾਣਾ ਪਾ ਕੇ ਅਤੇ ਭੇਖ ਕਰਕੇ ਮਾੜੇ ਕਰਮ ਕਰੇ। ਇਹਦਾ ਮਤਲਬ ਇਹ ਨਹੀਂ ਕਿ ਪਵਿੱਤਰ ਜੀਵਨ ਵਾਲੇ ਖ਼ਤਮ ਹੀ ਹੋ ਗਏ ਹਨ। ਗੁਰੂ ਗ੍ਰੰਥ ਸਾਹਿਬ ਜੀ ਨੇ ਕਿਹਾ ਹੈ ਕਿ ਮੇਰਾ ਤਾਂ ਲੈਣਾ ਦੇਣਾ ਹੀ 'ਸੰਤਾਂ ਨਾਲ ਹੈ, 'ਗੁਰਮੁਖਾਂ' ਨਾਲ ਹੈ। ਅਸੀਂ ਇਕੋ ਅਰਦਾਸ ਕਰੀਏ ਕਿ ਧੰਨ ਗੁਰੂ ਰਾਮਦਾਸ ਜੀ ! ਮੈਨੂੰ ਲੇਵਾ ਕਰਨ ਦੀ ਜਾਚ ਆ ਜਾਵੇ। ਮੈਂ ਦੇਣ ਆਇਆ ਹਾਂ ਆਪਣੇ ਔਗੁਣ ਤੇ ਲੈਣ ਆਇਆ ਹਾਂ ਤੇਰੇ ਗੁਣ ਤੇ ਬੰਦਗੀ। ਮੇਰੀ ਲੇਵਾ ਦੇਵੀ ਬਣ ਜਾਏ ਤੇਰੇ ਨਾਲ, ਕਿਉਂਕਿ ਜਿਸ ਦੀ ਗੁਰੂ ਦੀ ਸੰਗਤ ਦੇ ਨਾਲ ਲੇਵਾ ਦੇਵੀ ਬਣ ਜਾਏ ਤਾਂ ਸੰਗਤ ਦੇ ਵਿਚੋਂ ਕਦੀ ਔਗੁਣ ਨਹੀਂ ਮਿਲਦੇ, ਸਗੋਂ ਸੰਗਤ ਔਗੁਣ ਖੋਹ ਲੈਂਦੀ ਹੈ ਅਤੇ ਹਿਰਦੇ ਵਿਚ ਨਾਮ ਤੇ ਬੰਦਗੀ ਦਾ ਗੁਣ

ਟਿਕਾਅ ਦੇਂਦੀ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਉਹ ਸੰਤ ਜਨ ਵਡਭਾਗੀ ਹਨ ਜਿਹੜੇ ਆਪਣੇ ਕੰਨਾਂ ਨਾਲ ਹਰੀ ਜੱਸ ਸੁਣਦੇ ਹਨ। ਤੀਸਰਾ ਬਚਨ ਕਿਹਾ :-

ਧਨੁ ਧਨੁ ਭਾਗ ਤਿਨਾ ਸਾਧ ਜਨਾ

ਤੀਜਾ ਸ਼ਬਦ ਸਾਧ ਆਇਆ ਹੈ। ਮਹਾਰਾਜ ! ਇਸ ਦਾ ਕੀ ਭਾਵ ਹੈ ? ਕਹਿਣ ਲੱਗੇ, ਉਹ ਸਾਧ ਜਨ ਜਿਹੜੇ ਕੀਰਤਨ ਕਰਦੇ ਪਏ ਹਨ, ਕੀਰਤਨ ਕਰ ਕਰ ਕੇ ਉਹ ਗੁਣਵਾਨ ਬਣ ਗਏ।

ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥

(ਅੰਗ ੬੪੯)

ਇਹਦਾ ਮਤਲਬ ਹੈ ਕਿ ਕੀਰਤਨ ਗਾਉਣ ਵਾਲਾ ਸਾਧ ਹੈ। ਅਸੀਂ ਕੀਤਰਨੀਆ ਸ਼ਬਦ ਵਰਤਦੇ ਹਾਂ, ਸਤਿਕਾਰ ਯੋਗ ਹੈ, ਪਰ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਕੀਰਤਨ ਉਹ ਕਰੇਗਾ ਜਿਸ ਨੇ ਸੁਰਤ ਨੂੰ ਸਾਧਿਆ ਹੈ। ਕੀਰਤਨ ਉਹ ਕਰੇਗਾ ਜਿਸ ਨੇ ਅਵਾਜ਼ ਨੂੰ ਸਾਧਿਆ ਹੈ। ਕੀਰਤਨ ਉਹ ਕਰੇਗਾ ਜਿਸ ਨੇ ਤਾਲ ਨੂੰ, ਤਬਲੇ ਨੂੰ, ਸਰ ਕੀਤਾ ਹੈ। ਜਿਸ ਨੂੰ ਸੁਰ ਲੱਭਣ ਦੀ ਜਾਚ ਆ ਜਾਏ, ਸੁਰ ਵਿਚ ਗਾਉਣ ਦੀ ਜਾਚ ਆ ਜਾਏ, ਤਬਲਾ ਸੁਰ ਕਰਨ ਦੀ ਜਾਚ ਆ ਜਾਏ, ਉਹ ਕੀਰਤਨੀਆ ਹੈ ਅਤੇ ਜਿਸ ਨੂੰ ਆਪਣੇ ਇੰਦਰੇ ਸੁਰ ਕਰਨ ਦੀ ਜਾਚ ਆ ਜਾਏ, ਉਹ 'ਸਾਧ' ਹੈ। ਉਸ ਨੇ ਆਪਣੇ ਇੰਦਰਿਆਂ ਨੂੰ ਸਾਧ ਲਿਆ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਉਸ ਸਾਧੂ ਨੇ ਕੀਰਤਨ ਕਰ-ਕਰ ਕੇ ਜ਼ਿੰਦਗੀ ਨੂੰ ਸਾਧ ਲਿਆ ਹੈ। ਭਾਈ ਗੁਰਦਾਸ ਜੀ ਨੇ ਸਾਧ ਦੀ ਪ੍ਰੀਭਾਸ਼ਾ ਇਸ ਤੁੱਕ ਵਿਚ ਦਿੱਤੀ ਹੈ। ਕਹਿੰਦੇ ਹਨ :-

ਨਉ ਦੁਆਰੇ ਸਾਧ

ਏਥੇ ਚੇਤੇ ਰੱਖਿਉ ਕਿ ਸਾਧ ਦਾ ਅਰਥ ਹੈ ਸਾਧਨਾ। ਜਿਸ ਨੇ ਜਿਊਂਦੇ ਜੀਅ ਨੌਂ ਇੰਦਰੀਆਂ ਨੂੰ ਸਾਧ ਲਿਆ ਹੈ, ਉਹਦੇ ਕੰਨ, ਉਹਦੀਆਂ ਅੱਖਾਂ, ਉਹਦੀ ਜੀਭ, ਉਹਦਾ ਸਰੀਰ ਨੌਂ ਦੇ ਨੌਂ ਇੰਦਰੇ ਵਾਸ਼ਨਾ ਵਿਚ ਪ੍ਰਵਿਰਤ ਨਹੀਂ ਹਨ।

ਚੌਥਾ ਸ਼ਬਦ ਆਉਂਦਾ ਹੈ ਬਾਦੀ ਦੇ ਵਿਚ 'ਗੁਰਮੁਖ' ਮਹਾਰਾਜ ਜੀ ਨੇ ਕਿਹਾ :-

ਧਨੁ ਧਨੁ ਭਾਗ ਤਿਨਾ ਗੁਰਮੁਖਾ

ਜਿਨ੍ਹਾਂ ਨੇ ਗੁਰੂ ਦੀ ਸਿੱਖਿਆ ਲੈ ਕੇ, ਗੁਰੂ ਦਾ ਉਪਦੇਸ਼ ਲੈ ਕੇ, ਗੁਰੂ ਦਾ ਬਚਨ ਸੁਣ ਕੇ :-

ਜੋ ਗੁਰਸਿਖ ਲੈ ਮਨੁ ਜਿਣਤਿਆ ॥

ਜਿਨ੍ਹਾਂ ਗੁਰਮੁੱਖਾਂ ਨੇ ਸਿੱਖਿਆ ਦੇ ਨਾਲ ਆਪਣੇ ਮਨ ਨੂੰ ਜਿੱਤ ਲਿਆ ਹੈ, ਉਹਨਾਂ ਗੁਰਮੁਖਾਂ ਦੇ ਭਾਗ ਬੜੇ ਵੱਡੇ ਹਨ। ਕਿਉਂਕਿ ਮਨ ਨੂੰ ਜਿੱਤਣਾ ਬੜਾ ਮੁਸ਼ਕਿਲ ਹੈ। ਕਈ ਵਾਰ ਭੁਲੇਖਾ ਪੈ ਜਾਂਦਾ ਹੈ ਕਿ ਕੀਰਤਨ ਕਰਦਿਆਂ, ਕਥਾ ਕਰਦਿਆਂ, ਬਾਣੀ ਪੜ੍ਹਦਿਆਂ ਮੇਰਾ

ਮਨ ਮਰ ਗਿਆ ਹੈ। ਬੇਨਤੀ ਇਹ ਹੈ ਕਿ ਗੁਰਮੁਖ ਉਹ ਹੈ ਜਿਸ ਨੇ ਗੁਰੂ ਦੀ ਸਿੱਖਿਆ ਨਾਲ ਮਨ ਨੂੰ ਜਿੱਤ ਲਿਆ ਹੈ। ਹੁਣ ਇਹ ਚਾਰ ਸ਼ਬਦ ਹੋ ਗਏ। 'ਭਗਤ' ਆ ਗਏ, 'ਸੰਤ' ਆ ਗਏ, 'ਸਾਧ' ਆ ਗਿਆ ਅਤੇ ਚੌਥਾ ਸ਼ਬਦ ਆ ਗਿਆ 'ਗੁਰਮੁਖ'।

ਧੰਨ ਗੁਰੂ ਗ੍ਰੰਥ ਸਾਹਿਬ ਜੀ ਨੇ ਪੰਜਵਾਂ ਬਚਨ ਕੀਤਾ ਹੈ। ਉਹਦੀ ਵਿਆਖਿਆ ਮੈਂ ਕਰਨੀ ਚਾਹੁੰਦਾ ਹਾਂ। ਕਹਿਣ ਲੱਗੇ, ਕਿ ਸਭ ਨੂੰ ਚੰਗਾ ਕਿਹਾ, ਮਾੜਾ ਨਹੀਂ ਕਿਹਾ। ਪ੍ਰਮਾਤਮਾ ਤਰਸ ਕਰੇ ਅਤੇ ਮੈਨੂੰ ਵੀ ਚੰਗਾ ਕਹਿਣ ਦੀ ਜਾਚ ਆ ਜਾਵੇ। ਬਾਬਾ ਜੀ ਨੇ ਇਕ ਸ਼ਬਦ ਕਿਹਾ ਕਿ ਐ ਸਿੱਖਾ ! ਕਿਤੇ ਵੀ ਜਾਏਂ ਤਾਂ ਬੁਰੇ ਦੇ ਮੂੰਹ 'ਤੇ ਬੁਰਾ ਕਹਿਣ ਦੀ ਥਾਂ ਪਹਿਲਾਂ ਆਪਣੇ ਅੰਦਰ ਝਾਤੀ ਮਾਰ ਲੈ ਕਿ ਜਿਸ ਨੂੰ ਮੈਂ ਬੁਰਾ ਕਹਿ ਕੇ ਭੰਡਣ ਲੱਗਾ ਹਾਂ, ਕਿਤੇ ਮੇਰੇ ਹੀ ਅੰਦਰ ਬੁਰਿਆਈ ਤਾਂ ਨਹੀਂ। ਫ਼ਰਕ ਇੰਨਾ ਹੈ ਕਿ ਇਸ ਦੀ ਬੁਰਿਆਈ ਦਾ ਲੋਕਾਂ ਨੂੰ ਪਤਾ ਲੱਗ ਗਿਆ ਹੈ ਅਤੇ ਮੇਰੀ ਬੁਰਿਆਈ ਦਾ ਕਿਸੇ ਨੂੰ ਵੀ ਪਤਾ ਨਹੀਂ। ਜਿਨ੍ਹਾਂ ਦਾ ਨਹੀਂ ਪਤਾ ਲੱਗਦਾ, ਉਹ ਸੰਤ ਬਣ ਕੇ ਬੁਰਿਆਈ ਨੂੰ ਭੰਡਣ ਲੱਗ ਪੈਂਦੇ ਹਨ, ਪਰ ਜਿਨ੍ਹਾਂ ਵਿਚਾਰਿਆਂ ਦਾ ਪਤਾ ਲੱਗ ਜਾਂਦਾ ਹੈ, ਉਹਨਾਂ ਦੇ ਸਿਰ ਝੁੱਕ ਜਾਂਦੇ ਹਨ। ਬਾਬਾ ਜੀ ਨੇ ਇਕ ਬਚਨ ਕਿਹਾ :-

ਜਿਥੈ ਜਾਇ ਬਹੀਐ ਭਲਾ ਕਹੀਐ

(ਅੰਗ ੭੬੬)

ਚੰਗਾ ਕਹਿ, ਮਾੜਾ ਨਾ ਕਹਿ। ਇਥੇ ਮੈਂ ਇਕ ਉਦਾਹਰਣ ਦੇ ਦਿਆਂ। ਜਿਨ੍ਹਾਂ ਦੇ ਅੰਦਰ ਨਾਮ ਨਾਲ ਭਿੱਜੇ ਹਨ, ਚੇਤੇ ਰਖਿਉ, ਉਹ ਨਕਾਰਾਤਮਕ ਕਦੇ ਨਹੀਂ ਸੋਚਣਗੇ, ਉਹ ਸਾਕਾਰਾਤਮਿਕ ਹੀ ਸੋਚਣਗੇ। ਅਤੇ ਜਿਨ੍ਹਾਂ ਬੰਦਿਆਂ ਦੇ ਅੰਦਰ ਖਿੰਡੇ ਨਹੀਂ ਹਨ ਤਾਂ ਸੱਚਾਈ ਇਹ ਹੈ ਕਿ ਉਹ ਗੁਰੂ ਦੀ ਬਾਣੀ ਪੜ੍ਹਦਿਆਂ-ਪੜ੍ਹਦਿਆਂ ਨੈਗੇਟਿਵ ਹੀ ਸੋਚਣਗੇ, ਕਿਉਂਕਿ ਜਿਹੋ ਜਿਹੀ ਕਿਸੇ ਨੇ ਐਨਕ ਅੱਖਾਂ ਨੂੰ ਲਾਈ ਹੈ, ਉਸ ਦੇ ਬਾਹਰ ਦਾ ਰੰਗ ਵੀ ਇਹੋ ਜਿਹਾ ਹੋ ਜਾਣਾ ਹੈ। ਜੇ ਕਿਸੇ ਦੀਆਂ ਅੱਖਾਂ ਦੀ ਐਨਕ ਕਾਲੀ ਹੈ ਤਾਂ ਬਾਹਰ ਧੁੱਪ ਵੀ ਕਾਲੀ ਹੀ ਦਿੱਸਣੀ ਹੈ। ਜੇ ਅੱਖਾਂ ਦੀ ਐਨਕ ਲਾਲ ਹੈ ਤਾਂ ਬਾਹਰ ਧੁੱਪ ਵੀ ਲਾਲ ਦਿੱਸਣੀ ਹੈ। ਜੇ ਅੱਖਾਂ ਦੀ ਐਨਕ ਸਾਫ਼ ਹੈ ਤੇ ਬਾਹਰ ਉਸ ਨੂੰ ਧੁੱਪ ਵੀ ਸਾਫ਼ ਤੇ ਚਿੱਟੀ ਨਜ਼ਰ ਆਏਗੀ। ਗੁਰੂ ਜੀ ਕਹਿੰਦੇ ਹਨ ਕਿ ਭਾਈ ! 'ਭਗਤ' ਵੀ ਧੰਨ ਹੈ, 'ਸੰਤ' ਵੀ ਧੰਨ ਹੈ, 'ਸਾਧ' ਵੀ ਧੰਨ ਹੈ, 'ਗੁਰਮੁਖ' ਵੀ ਧੰਨਤਾ ਯੋਗ ਹੈ। ਪਰ ਸਭ ਤੋਂ ਵੱਡੇ ਭਾਗ ਗੁਰੂ ਦੇ ਸਿੱਖ ਦੇ ਹਨ, ਜਿਹੜਾ ਗੁਰਸਿੱਖ ਸਾਰੀ ਜ਼ਿੰਦਗੀ ਗੁਰੂ ਦੇ ਚਰਨਾਂ ਵਿਚ ਗੁਜ਼ਾਰਦਾ ਹੈ।

ਆਉ ਥੋੜ੍ਹਾ ਜਿਹਾ ਵਿਚਾਰੀਏ ਕਿ ਸਿੱਖ ਦੀ ਪ੍ਰੀਭਾਸ਼ਾ ਕੀ ਹੈ। ਅੱਜ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਸਾਡੇ ਅੰਦਰ ਥੋਥੇ ਹਨ ਅਤੇ ਸਿਰਫ਼ ਬਾਹਰ ਦੀਆਂ ਹੀ ਗੱਲਾਂ ਹਨ। ਸੱਚਾਈ ਇਹ ਹੈ ਕਿ ਜੇ ਸਾਡੇ ਅੰਦਰ ਸ਼ਬਦ ਦੀ ਕ੍ਰਿਪਾ ਹੋਵੇਗੀ ਤਾਂ ਜੀਵਨ ਸੋਹਣਾ ਹੋਵੇਗਾ। ਜੇ ਕਿਸੇ ਚੰਗੇ ਬੰਦੇ ਦੇ ਕੋਲ ਦੋ ਘੜੀਆਂ ਬੈਠੋਗੇ ਅਤੇ ਉਹ ਇਕ ਸ਼ਬਦ ਬੋਲੇਗਾ ਤਾਂ ਤੁਹਾਡੀ

ਸਾਰੀ ਜ਼ਿੰਦਗੀ ਹੀ ਤਬਦੀਲ ਹੋ ਜਾਏਗੀ। ਜੇ ਆਪਣੇ ਅੰਦਰ ਜੀਵਨ ਨਹੀਂ ਤਾਂ ਬਾਹਰ ਆਪਾਂ ਦੁਨੀਆਂ ਨੂੰ ਜਜ਼ਬਾਤੀ ਕਿਵੇਂ ਕਹਿ ਸਕਾਂਗੇ ? ਹੋ ਸਕਦਾ ਹੈ ਕਿ ਅਸੀਂ ਕਿਸੇ ਦੀ ਜ਼ਿੰਦਗੀ ਨੂੰ ਪਲਟ ਨਾ ਸਕੀਏ, ਕਿਉਂਕਿ ਜਿਹਦੇ ਅੰਦਰ ਨਾਮ ਦਾ ਨਾਭਾ ਖੁੱਲ੍ਹਿਆ ਹੈ, ਸੁਗੰਧੀ ਹੈ, ਉਹਦੇ ਕੋਲ ਕੋਈ ਵੀ ਆਏਗਾ। ਜੇ ਗੁਲਾਬ ਦੇ ਫੁੱਲ ਨੂੰ ਉਪਰੋਂ ਲੀਰਾਂ ਦੇ ਨਾਲ ਢੱਕ ਵੀ ਦਿਉ ਤਾਂ ਕੀ ਉਹਦੀ ਸੁਗੰਧੀ ਨੂੰ ਕੱਪੜਾ ਰੋਕ ਲਏਗਾ ? ਕਦੇ ਵੀ ਨਹੀਂ। ਗੁਲਾਬ ਕਿਤੇ ਵੀ ਹੋਵੇ, ਉਹਦੀ ਮਹਿਕ ਲੰਘਣ ਵਾਲਿਆਂ ਨੂੰ ਆਪਣੇ ਵੱਲ ਖਿੱਚੇਗੀ। ਤੇ ਜਿਸ ਦੇ ਅੰਦਰ ਸਮਰੱਥ ਗੁਰੂ ਦੀ ਕ੍ਰਿਪਾ ਹੋਵੇ, ਉਹ ਕਿਤੇ ਵੀ ਹੋਵੇ, ਸੱਚਾਈ ਇਹ ਹੈ ਕਿ ਸਤਿਗੁਰੂ ਦੀ ਬਰਕਤ ਉਹਦੇ ਨੇੜੇ ਲੰਘਣ ਵਾਲਿਆਂ ਦਾ ਵੀ ਜੀਵਨ ਪਲਟ ਦੇਵੇਗੀ।

ਹੁਣ ਸਿੱਖ ਕੌਣ ਹੈ ? ਜਿਹੜਾ ਗੁਰੂ ਦੇ ਚਰਨਾਂ ਵਿਚ ਪੈ ਗਿਆ, ਉਹ ਹੀ ਸਿੱਖ ਹੈ। ਇਕ ਹੈ ਮੱਥਾ ਟੇਕਣਾ, ਚਰਨਾਂ ਵਿਚ ਡਿੱਗਣਾ। ਦੂਜਾ ਹੈ ਕਰਮ. ਉਹ ਗੁਰੂ ਰਾਮਦਾਸ ਜੀ ਦਾ ਸ਼ਬਦ ਹੈ। ਸਿੱਖੀ ਬੜੀ ਵੱਡੀ ਦਾਤ ਹੈ। ਗੁਰੂ ਰਾਮਦਾਸ ਜੀ ਦਾ ਬਚਨ ਹੈ। ਭਾਵੇਂ ਹਜ਼ੂਰ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਦੇਵ ਸਾਹਿਬ, ਧੰਨ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਬਹੁਤ ਸ਼ਬਦ ਵਰਤੇ ਹਨ, ਪਰ ਸਿੱਖ ਦੇ ਜੀਵਨ ਦੀ ਰੋਜ਼ਾਨਾ ਦੀ ਜਿਹੜੀ ਮਰਿਆਦਾ ਹੈ, ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ ਦਰਜ ਕੀਤੀ ਹੈ ਗੁਰੂ ਰਾਮਦਾਸ ਜੀ ਨੇ। ਗੁਰੂ ਰਾਮਦਾਸ ਜੀ ਨੇ ਕਿਹਾ ਹੈ ਕਿ ਸਿੱਖ ਉਹ ਹੈ ਜਿਹੜਾ ਅੰਮ੍ਰਿਤ ਵੇਲੇ ਉੱਠਦਾ ਹੈ। ਉਠਦਿਆਂ ਸਾਰ ਕਰਦਾ ਕੀ ਹੈ ? ਉਠਦਿਆਂ ਸਾਰ ਗੁਰੂ ਨਾਨਕ ਦਾ ਸਿੱਖ ਇਸ਼ਨਾਨ ਕਰਕੇ ਮੰਜੇ 'ਤੇ ਬੈਠ ਕੇ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਹੀ ਜੱਪੇਗਾ। ਉਠਦਿਆਂ ਸਾਰ ਨਾਮ ਜੱਪਦਾ ਹੈ। ਬੰਦਗੀ ਕਰਦਾ ਹੈ। ਹਰੀ ਦਾ ਨਾਮ ਜ਼ੱਪਦਾ ਹੈ। ਅਸੀਂ ਉਹ ਬਚਨ ਪੜ੍ਹਦੇ ਹਾਂ :-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ

ਪਹਿਲਾ ਕੰਮ ਕੀ ਕਰੇ :-

ਹਰਿ ਨਾਮੁ ਧਿਆਵੈ॥

(ਅੰਗ ੩੦੫)

ਅੰਮ੍ਰਿਤ ਵੇਲੇ ਉਠ ਕੇ ਉਹ ਨਾਮ ਜੱਪੇ।

ਉੱਦਮ ਕਰੇ। ਜੇਕਰ ਉਠਿਆ ਨਹੀਂ ਜਾਂਦਾ ਤਾਂ ਚੇਤੇ ਰੱਖਿਉ, ਇਕ ਅਰਦਾਸ ਕਰਿਉ। ਅੰਮ੍ਰਿਤ ਵੇਲੇ ਕੋਈ ਆਪਣੇ ਆਪ ਨਹੀਂ ਉੱਠਦਾ। ਹਜ਼ੂਰ ਬਚਨ ਕਰਦੇ ਹਨ :-

ਪਿਛਹੁ ਰਾਤੀ ਸਦੜਾ

ਪਿਛਲ ਰਾਤ ਦੇ ਸੱਦੇ :-

ਨਾਮੁ ਖਸਮ ਕਾ ਲੇਹਿ॥

ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥

ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥ ੧॥

(ਅੰਗ ੯੮੯)

G

ਮਹਾਰਾਜ ਕਹਿੰਦੇ ਹਨ, ਜਿਹੜੇ ਪਿਛਲ ਰਾਤ ਜਾਗ ਕੇ ਬੰਦਗੀ ਕਰਦੇ ਹਨ, ਮੇਰੇ ਮਾਲਕਾ !

ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ॥

ਭਾਂਵ ਕੀਮਤੀ ਤੰਬੂ ਕਨਾਤਾਂ, ਕੀਮਤੀ ਛੱਤਰ, ਕੀਮਤੀ ਘੋੜੇ, ਕੀਮਤੀ ਹਾਥੀ ਤੇ ਕੀਮਤੀ ਮਹੱਲ ਅੰਮ੍ਰਿਤ ਵੇਲੇ ਜਾਗਣ ਵਾਲਿਆਂ ਨੂੰ ਤੂੰ ਅਵਾਜ਼ ਮਾਰ ਕੇ ਦੇਂਦਾ ਹੈਂ।

ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥ ੧॥

(ਅੰਗ ੯੮੯)

ਇਸ ਤਰ੍ਹਾਂ ਜਿਹੜਾ ਵੀ ਚਰਨੀ ਪਿਆ ਹੈ :-

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ

ਫਿਰ ਜਪੇ ਵਾਹਿਗੁਰੂ ਵਾਹਿਗੁਰੂ ਪ੍ਰਭ ਦਾ ਨਾਮ :-

ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਫਿਰ ਸਿੱਖ ਨੇ ਅਗਲਾ ਕਰਮ ਕੀ ਕੀਤਾ ?

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ

ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ॥

(ਅੰਗ ੩੦੫)

ਇਹ ਹੈ ਗੁਰੂ ਦੇ ਚਰਨਾਂ ਵਿਚ ਪੈਣਾ। ਦਿਨ ਚੜ੍ਹਿਆ ਤਾਂ ਗੁਰਬਾਣੀ ਗਾਉਂਦਾ ਪਿਆ ਹੈ। ਜੇ ਕਿਤੇ ਬੈਠਦਾ ਹੈ ਤਾਂ ਗੁਰੂ ਗੁਰੂ ਜੱਪਦਾ ਹੈ। ਜੇ ਕਿਤੇ ਉਠਦਾ ਹੈ ਤਾਂ ਵੀ ਗੁਰੂ ਗੁਰੂ ਜੱਪਦਾ ਹੈ। ਗੁਰੂ ਅਮਰਦਾਸ ਜੀ ਫੁਰਮਾਂਦੇ ਹਨ ਕਿ ਜਦੋਂ ਸਿੱਖ ਕਿਤੇ ਬੈਠੇ ਹੋਣ ਤਾਂ ਗੁਰੂ ਦੀ ਬਾਣੀ ਪੜ੍ਹਨ ਅਤੇ ਗੁਰੂ ਦੀਆਂ ਹੀ ਗੱਲਾਂ ਕਰਨ। ਕਹਿਣ ਲੱਗੇ, ਸਿੱਖ ਉਹ ਹੈ ਜਿਥੇ ਸਿੱਖ ਇਕੱਠੇ ਹੋਣ, ਉਥੇ ਗੁਰੂ ਦੀ ਹੀ ਯਾਦ ਆਵੇ ਅਤੇ ਜਿਥੇ ਸਿੱਖ ਇਕੱਠੇ ਹੋਣ, ਉਥੇ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਪਿਆਰ ਵਰਤਦਾ ਹੋਵੇ। ਮਹਾਰਾਜ ਜੀ ਕਹਿੰਦੇ ਹਨ ਸਿੱਖ ਨੂੰ :-

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ

ਸੋ ਗੁਰਸਿਖੁ ਗੁਰੂ ਮਨਿ ਭਾਵੈ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ

ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥

ਅਖ਼ੀਰ 'ਤੇ ਕਹਿੰਦੇ ਹਨ ਸਿੱਖਾ !

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਅੰਗ ੩੦੫)

ਭਾਈ, ਇਸ ਤੋਂ ਅੱਗੇ ਚੱਲੀਏ। ਗੁਰਸਿੱਖ ਦਾ ਜੀਵਨ ਕੀ ਹੈ ? ਸਿੱਖੀ ਕਿੰਨੀ ਵੱਡੀ ਹੈ ?. ਪਰ ਇਥੇ ਇਕ ਬੇਨਤੀ ਹੈ ਕਿ ਗੁਰੂ ਕੋਲੋਂ ਸਿੱਖੀ ਮੰਗੀਏ ਅਤੇ ਉਹ ਸਿੱਖੀ ਮੰਗੀਏ, ਜਿਹੜੀ ਕਿਸੇ ਧੜੇ ਦੀ, ਕਿਸੇ ਵਿਦਵਾਨ ਦੀ ਪ੍ਰਭਾਵਿਤ ਕੀਤੀ ਨਾ ਹੋਵੇ। ਸਿੱਖੀ ਉਹ ਮੰਗੀਏ ਜਿਹੜੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਵਿਚੋਂ ਤੇ ਕਲਗੀ ਵਾਲੇ ਦੇ ਖੰਡੇ ਬਾਟੇ ਵਿਚੋਂ ਹੋਵੇ।

ਮੈਂ ਇਕ ਸਿੱਖ ਦਾ ਜ਼ਿਕਰ ਕਰਨਾ ਹੈ। ਅੰਮ੍ਰਿਤਸਰ ਦੀ ਧਰਤੀ ਦਾ ਉਹ ਮਹਾਨ ਮਹਾਂਪੁਰਖ ਹੈ। ਕਿਉਂਕਿ ਮਾਨਯੋਗ ਸਿੰਘ ਸਾਹਿਬ ਬੈਠੇ ਹਨ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਸਿਰਫ਼ ਉਹਨਾਂ ਦੇ ਜੀਵਨ ਦੀ ਇਕ ਘਟਨਾ ਮੈਂ ਸਾਂਝੀ ਕਰਨਾ ਚਾਹੁੰਦਾ ਹਾਂ। ਕਿਉਂਕਿ ਹਰਿ ਰਾਏ ਸਾਹਿਬ ਜੀ ਦੇ ਵੇਲੇ ਭਾਈ ਸਾਹਿਬ ਭਾਨੀ ਮਨੀ ਸਿੰਘ ਜੀ ਨੇ ਕੀਰਤਪੁਰ ਸਾਹਿਬ ਜਾ ਕੇ ਹਜ਼ੂਰ ਨੂੰ ਮੱਥਾ ਟੇਕਿਆ। ਜਦੋਂ ਨਮਸਕਾਰ ਕੀਤੀ ਤਾਂ ਇਹਨਾਂ ਦੇ ਪਿਤਾ ਭਾਈ ਮਾਈ ਦਾਸ ਜੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਚਰਨਾਂ ਵਿਚ ਝੁਕੇ ਤਾਂ ਸਤਿਗੁਰੂ ਜੀ ਨੇ ਪੁੱਛ ਲਿਆ, ਮਾਈ ਦਾਸ ! ਇਸ ਪੁੱਤਰ ਦਾ ਨਾਮ ਕੀ ਹੈ ? ਕਹਿਣ ਲੱਗੇ. ਮਹਾਰਾਜ ! ਮਨੀਆ ! ਤਾਂ ਹੱਸ ਕੇ ਕਹਿਣ ਲੱਗੇ ਕਿ ਇਹ ਮਨੀ ਦੀ ਤਰ੍ਹਾਂ ਚਮਕੇਗਾ। ਇਹ ਗੁਣਾਂ ਦੀ ਖਾਨ ਹੋਵੇਗਾ। ਵਕਤ ਆਇਆ, ਉਹ ਸਨਮਾਨ ਯੋਗ ਭਾਈ ਮਨੀਆ ਜੀ, ਅੰਮ੍ਰਿਤ ਦੀ ਦਾਤ ਲੈ ਕੇ ਮਨੀ ਸਿੰਘ ਜੀ ਬਣ ਗਏ।

ਭਾਈ ਸਾਹਿਬ ਭਾਈ ਮਨੀ ਸਿੰਘ ਜੀ ਬਣੇ। ਉਹਨਾਂ ਦੇ ਸੰਬੰਧ ਵਿਚ, ਉਹਨਾਂ ਦਾ ਜੀਵਨ ਸ਼ਹੀਦ ਬਿਲਾਸ ਵਿਚ ਹੈ। ਜਿਹੜਾ ਸਿੱਖ ਭਾਈ ਮਨੀ ਸਿੰਘ ਜੀ ਦੀ ਕਥਾ ਸੁਣ ਲੈਂਦਾ ਸੀ, ਉਹ ਸੱਚੀ ਮੁੱਚੀ ਸਿੱਖੀ ਸਿਦਕ ਦਾ ਪੁਤਲਾ ਬਣ ਜਾਂਦਾ ਸੀ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਸਾਰੇ ਅਸੀਂ ਜਾਣੂੰ ਹਾਂ। ਦਰਬਾਰ ਸਾਹਿਬ ਜਿਥੇ ਸਿੰਘ ਸਾਹਿਬ ਬੈਠਦੇ ਹਨ, ਉਸ ਗੱਦੀ 'ਤੇ ਉਸ ਮਹਾਂਪੁਰਖ ਨੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕੀਤੀ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਜਿਸ ਵੇਲੇ ਲਾਹੌਰ ਸ਼ਹੀਦ ਕਰਨ ਲੱਗੇ ਤਾਂ ਇਸ ਪਰਿਵਾਰ ਦੇ ਚਾਰ ਪੀੜੀਆਂ ਦੇ ਵਿਚ 29 ਸਿੱਖ ਸ਼ਹੀਦ ਹਨ। ਇਕ ਵਿਦਵਾਨ ਨੇ ਤਾਂ 65 ਸ਼ਹੀਦਾਂ ਦੀ ਗਿਣਤੀ ਕੀਤੀ ਹੈ। ਜੇ ਹੋਰ ਅੱਗੇ ਵਧੀਏ ਤਾਂ ਦਾਦਾ ਸ਼ਹੀਦ ਅੰਮ੍ਰਿਤਸਰ ਦੀ ਜੰਗ ਵਿਚ, ਭਾਈ ਬਲੂ ਜੀ ਸ਼ਹੀਦ, 12 ਭਰਾ ਹਨ ਭਾਈ ਮਨੀ ਸਿੰਘ ਜੀ ਦੇ, 12 ਵਿਚੋਂ ਭਾਈ ਅਮੀਰ ਚੰਦ ਜੀ ਨੂੰ ਛੱਡ ਕੇ 11 ਭਰਾ ਸ਼ਹੀਦ। ਉਸ ਤੋਂ ਅੱਗੇ ਪੁੱਤਰ ਤੇ ਪੋਤ੍ਰਿਆਂ ਦੀ ਗਿਣਤੀ 17 ਬਣਦੀ ਹੈ। 29 ਦੇ ਕਰੀਬ ਸ਼ਹੀਦ ਹਨ। ਇਹ ਚਾਰ ਪੀੜੀਆਂ ਹਨ ਜਿਨ੍ਹਾਂ ਨੇ ਸ਼ਹਾਦਤ ਦਾ ਜਾਮ ਪੀਤਾ ਹੈ। ਉਸ ਮਹਾਨ ਗੁਰਸਿੱਖ ਦੇ ਲਾਹੌਰ ਜਦੋਂ ਬੰਦ-ਬੰਦ ਕੱਟਣ ਲੱਗੇ ਤਾਂ ਉਸ

ਵੇਲੇ ਲਾਲਚ ਵੀ ਦਿੱਤੇ ਗਏ। ਉਸ ਵੇਲੇ ਡਰਾਇਆ ਧਮਕਾਇਆ ਵੀ ਗਿਆ। ਤੁਸੀਂ ਦੇਖੋ, ਉਸ ਵੇਲੇ ਚਵਰ ਕਰਨ ਵਾਲੇ ਗੁਰੂ ਦੇ ਸਿੱਖ ਵਿਚ ਤੇ ਕਲਮ ਚਲਾਉਣ ਵਾਲੇ ਗੁਰੂ ਦੇ ਸਿੱਖ ਵਿਚ ਕਿੰਨੀ ਵੱਡੀ ਤਾਕਤ ਹੈ। ਜਿਹੜੇ ਆਪਣੇ ਪੋਟਿਆਂ ਨਾਲ ਕਲਮ ਨੂੰ ਪਕੜ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਿਖਦਾ ਹੈ, ਜਿਸ ਦਿਨ ਅਣਖ ਦੀ ਗੱਲ ਆਵੇ ਤਾਂ ਆਪਣਾ ਪੋਟਾ-ਪੋਟਾ ਕਟਾਉਣ ਲਈ ਵੀ ਤਿਆਰ ਵੀ ਹੋ ਜਾਂਦਾ ਹੈ।

ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਣ ਲੱਗੇ ਤਾਂ ਰਤਨ ਸਿੰਘ ਭੰਗੂ ਨੇ, ਮਹਿਤਾਬ ਸਿੰਘ ਮੀਰਾ ਕੋਟੀਆ ਦੇ ਪੋਤੇ ਨੇ, ਇਹ ਗੱਲ ਲਿਖੀ ਹੈ ਕਿ ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਜ਼ਿੰਦਗੀ ਬੜੀ ਕੀਮਤੀ ਹੈ। ਜਾਨ ਬੜੀ ਕੀਮਤੀ ਹੈ, ਤੁਸੀਂ ਸਿੱਖੀ ਨੂੰ ਛੱਡ ਦਿਉ। ਭਾਈ ਸਾਹਿਬ ਜੀ ਨੇ ਕਿਹਾ ਕਿ ਜਾਨ ਕੋਈ ਕੀਮਤੀ ਨਹੀਂ, ਈਮਾਨ ਬੜਾ ਕੀਮਤੀ ਹੈ। ਉਹਨਾਂ ਨੇ ਕਿਹਾ ਕਿ ਜਾਨ ਹੈ ਤਾਂ ਜਹਾਨ ਹੈ। ਲੋਕ ਕਹਿੰਦੇ ਹਨ ਕਿ ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਸਾਡੇ ਘਰ ਵਿਚ ਆਵਾਜ਼ ਆਉਂਦੀ ਹੈ ਕਿ ਈਮਾਨ ਹੈ ਤੇ ਜਾਨ ਹੈ। ਜੇ ਧਰਮ ਹੀ ਨਹੀਂ ਤਾਂ ਫੇਰ ਜਾਨ ਦਾ ਕੀ ਕਰਨਾ ਹੈ। ਉਥੇ ਉਹਨਾਂ ਨੇ ਸ਼ਬਦ ਕਹੇ ਕਿ ਅਜੇ ਵੀ ਤੁਸੀਂ ਸਾਡੀ ਗੱਲ ਸਵੀਕਾਰ ਕਰ ਲਉ ਅਤੇ ਦੇਹੀ ਨੂੰ ਬਚਾਅ ਲਉ। ਇਹ ਦੇਹੀ ਬੜੇ ਭਾਗਾਂ ਨਾਲ ਮਿਲੀ ਹੈ। ਰਤਨ ਸਿੰਘ ਭੰਗੂ ਨੇ ਦੋ ਤੁੱਕਾਂ ਲਿਖੀਆਂ ਹਨ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਦੇਹੀ ਤਾਂ ਅਨੇਕਾਂ ਲੋਕਾਂ ਨੂੰ ਮਿਲਾ ਹੈ, ਕਈ ਕਈ ਜਨਮਾਂ ਤੋਂ ਮਿਲੀ ਹੈ, ਪਰ ਇਕ ਗੱਲ ਮੈਂ ਤੈਨੂੰ ਦੱਸ ਦੇਵਾਂ ਕਿ ਸਿੱਖੀ ਬੜੇ ਭਾਗਾਂ ਨਾਲ, ਖ਼ੁਸ਼ਕਿਸਮਤੀ ਨਾਲ ਮਿਲਦੀ ਹੈ। ਭਾਈ ਜੀ ਕਹਿਣ ਲੱਗੇ ਕਿ ਸਿੱਖੀ ਸਾਬਤ ਰਹਿ ਜਾਏ. ਮੈਂ ਆਪਣੀ ਦੇਹੀ ਨੂੰ ਕੁਰਬਾਨ ਕਰ ਦੇਵਾਂਗਾ। ਉਹਨਾਂ ਨੇ ਦੋ ਸੱਤਰਾਂ ਲਿਖੀਆਂ ਹਨ :-

ਦੇਹੀ ਕਿਸ ਕੀ ਬਾਪਰੀ ਜੇ ਸਿਖੀ ਸਾਬਤ ਹੋਇ॥
ਦੇਹੀ ਤੋ ਆਵਣ ਜਾਣ ਹੈ ਸਿਖੀ ਮਿਲੇ ਕਬ ਹੋਇ॥

ਬੰਦ-ਬੰਦ ਕੱਟਣ ਲੱਗੇ ਤਾਂ ਸਨਮਾਨ ਯੋਗ ਭਾਈ ਸਾਹਿਬ ਭਾਈ ਮਨੀ ਸਿੰਘ ਜੀ, ਮੈਂ ਕਹਿੰਦਾ ਹਾਂ ਕਿ ਉਹ ਉਸਤਾਦ ਸਨ, ਪੜ੍ਹਾਉਂਦੇ ਸਨ ਵਿਦਿਆਰਥੀਆਂ ਨੂੰ। ਉਹਨਾਂ ਗਿਆਨੀ ਪੈਦਾ ਕੀਤੇ, ਕਥਾ ਵਾਲੇ ਪੈਦਾ ਕੀਤੇ, ਬਾਣੀ ਪੜ੍ਹਨ ਵਾਲੇ ਪੈਦਾ ਕੀਤੇ। ਭਾਈ ਸਾਹਿਬ ਜੀ ਜੱਲਾਦ ਨੂੰ ਵੀ ਪੜ੍ਹਾਉਣ ਲੱਗ ਪਏ ਕਿ ਉਹ ਟੋਕਾ ਚਲਾਉਣ ਵਾਲਿਆ ! ਘੱਟੋ ਘੱਟ ਪਹਿਲਾਂ ਇਹ ਤਾਂ ਸਿਖ ਲੈ ਕਿ ਪੋਟਾ ਸ਼ੁਰੂ ਕਿਥੋਂ ਹੁੰਦਾ ਹੈ। ਪੋਟਾ ਇਥੋਂ ਨਹੀਂ, ਬੰਦ-ਬੰਦ ਇਥੋਂ ਸ਼ੁਰੂ ਹੁੰਦਾ ਹੈ। ਜੱਲਾਦ ਨੇ ਕਿਹਾ, ਕਿ ਤੁਹਾਨੂੰ ਟੋਕਾ ਦੇਖ ਕੇ ਖ਼ੁਸ਼ੀ ਕਿਉਂ ਹੈ ? ਅੱਜ ਅਸੀਂ ਦੋਵੇਂ ਚੌਕ ਵਿਚ ਬੈਠੇ ਹਾਂ। ਮੇਰਾ ਕੱਟਣ ਵਾਲੇ ਦਾ ਅੰਦਰ ਡੋਲਦਾ ਪਿਆ ਹੈ ਤੇ ਕਟਾਉਣ ਵਾਲਿਆ ! ਤੇਰੇ ਚਿਹਰੇ ਦੀ ਲਾਲੀ ਦੱਸਦੀ ਹੈ ਕਿ ਤੈਨੂੰ ਬਿਲਕੁਲ ਡਰ ਨਹੀਂ ਲੱਗ ਰਿਹਾ। ਉਹ ਜੱਲਾਦ ਨੂੰ ਸੰਬੋਧਨ ਕਰਕੇ ਕਹਿਣ ਲੱਗੇ :-

ਅੰਗ ਅੰਗ 'ਤੇ ਕਾਤਲ ਖੰਜਰ ਜਦੋਂ ਚਲਾਏਗਾ।

ਕੱਟ ਕੱਟ ਕੇ ਬੰਦ ਧਰਤੀ 'ਤੇ ਜਦੋਂ ਲਹੂ ਵਗਾਏਗਾ।
ਦਰਦ ਭਰ ਭਰ ਪਿਆਲੇ ਜਾਮ ਵਾਂਗ ਅਸੀਂ ਪੀ ਜਾਵਾਂਗੇ।

ਤੂੰ ਚਲਾ ਤਾਂ ਸਹੀ, ਤੂੰ ਦਰਦ ਦੀ ਗੱਲ ਕਿਉਂ ਕਰਦਾ ਹੈਂ ? ਸਾਡੇ ਲਈ ਦਰਦ ਕਿਹੜੇ ਹਨ ? ਸਾਡੇ ਲਈ ਪੀੜਾ ਕਿਹੜੀ ਹੈ ? ਉਹ ਅੰਦਰ ਦਾ ਸਕੂਨ ਹੈ। ਫਿਰ ਜੱਲਾਦ ਨੇ ਇਕੋ ਗੱਲ ਕਹੀ। ਕਹਿੰਦਾ ਹੈ, ਹੱਦ ਹੋ ਗਈ, ਤੁਹਾਡੇ ਲਈ ਟੋਕਾ ਵੀ ਸੁੱਖ ਹੈ। ਤੁਹਾਡੇ ਲਈ ਬੰਦ ਬੰਦ ਕਟਾਉਣਾ ਵੀ ਸੁੱਖ ਹੈ। ਇਹ ਤੁਸੀਂ ਕਿਥੋਂ ਸਿੱਖਿਆ ਹੈ ? ਤਾਂ ਅੱਗੋਂ ਉਹਨਾਂ ਨੇ ਕਿਹਾ :-

ਸੂਲ ਸੁਰਾਹੀ ਖੰਜਰ ਪਿਆਲਾ ਜਿਸ ਨੇ ਆਖ ਸੁਣਾਇਆ ਹੈ।

ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ :-

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ਹੈ।
ਸੂਲ ਸੁਰਾਹੀ ਖੰਜਰ ਪਿਆਲਾ ਜਿਸ ਨੇ ਆਖ ਸੁਣਾਇਆ ਹੈ।

ਅੱਗੇ ਉਹਨਾਂ ਬਚਨ ਕਹੇ ਕਿ ਉਸ ਗੁਰੂ ਦੇ ਅਸੀਂ ਸ਼ਾਗਿਰਦ ਹਾਂ, ਉਸ ਦੇ ਚੇਲੇ ਹਾਂ ਅਤੇ ਅੱਜ ਅਸੀਂ ਸਾਬਤ ਕਰਕੇ ਦੱਸਾਂਗੇ ਕਿ ਦਰਦਾਂ ਵਿਚ ਵੀ ਕਿੰਨਾ ਸਕੂਨ ਹੈ।

ਸੂਲ ਸੁਰਾਹੀ ਖੰਜਰ ਪਿਆਲਾ ਜਿਸ ਨੇ ਆਖ ਸੁਣਾਇਆ ਹੈ।
ਬਿੰਗ ਕਸਾਈਆਂ ਦਾ ਸਹਿਣਾ ਜਿਸ ਨੇ ਸਦ ਇਸ਼ਕ ਦਾ ਲਾਇਆ ਹੈ।
ਉਸ ਮੁਰਸ਼ਦ ਦੇ ਚੇਲੇ ਹਾਂ, ਇਹ ਸਾਬਤ ਕਰ ਦਿਖਲਾਵਾਂਗੇ।
ਹੁਣ ਕਾਤਲ ਦੋਵੇਂ ਰਲ ਮਿਲ ਅਜਬ ਤਮਾਸ਼ਾ ਲਾਵਾਂਗੇ।

ਉਹਨੇ ਫਿਰ ਅਗਲੀ ਗੱਲ ਕਹੀ। ਕਹਿਣ ਲੱਗਾ, ਮਹਾਂਪੁਰਖਾ ! ਗੁਰੂ ਦੇ ਸਿੱਖਾ ! ਸੱਚਾਈ ਇਹ ਹੈ ਕਿ ਇਹ ਹੈ ਸਿੱਖੀ। ਉਹ ਕਹਿਣ ਲੱਗਾ, ਬਾਬਾ ! ਤੇਰਾ ਚਿਹਰਾ ਮੇਰੇ ਅੰਦਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਭਾਈ ਸਾਹਿਬ ਮੁਸਕਰਾ ਪਏ ਤੇ ਕਹਿਣ ਲੱਗੇ ਕਿ ਇਕ ਗੱਲ ਤੂੰ ਵੀ ਮੈਨੂੰ ਦੱਸ ਕਿ ਤੂੰ ਮੇਰੇ ਕੋਲੋਂ ਤਾਂ ਪੁੱਛੀ ਗਿਐਂ। ਹੁਣ ਮੈਂ ਤੇਰੇ ਕੋਲੋਂ ਵੀ ਇਕ ਗੱਲ ਪੁੱਛਣਾ ਚਾਹੁੰਦਾ ਹਾਂ। ਜਲਾਦ ਕਹਿੰਦਾ ਹੈ, ਦੱਸੋ। ਕਹਿਣ ਲੱਗੇ, ਪਿਆਰਿਆ ! ਬੰਦ-ਬੰਦ ਕਟਾਉਣ ਬਾਰੇ ਤੂੰ ਕਹਿ ਰਿਹਾ ਹੈਂ ਕਿ ਔਖਾ ਹੈ। ਪਰ ਬੰਦ-ਬੰਦ ਕੱਟਣ ਵਾਸਤੇ ਪੱਥਰ ਦਾ ਦਿਲ ਚਾਹੀਦਾ ਹੈ, ਤੂੰ ਕੱਟਣ ਲੱਗਾ ਹੈਂ, ਤੈਨੂੰ ਕੀ ਮਿਲਣਾ ਹੈ। ਤੂੰ ਟੋਕਾ ਕਿਉਂ ਤਿੱਖਾ ਕਰ ਰਿਹਾ ਹੈਂ ? ਉਸ ਨੇ ਰੋ ਕੇ ਆਖਿਆ, ਬਾਬਾ ! ਤੇਰੇ ਸਰੀਰ ਦੇ ਟੁੱਕੜੇ ਹੋਣਗੇ, ਇਹ ਮਾਸ ਟੋਕਰਿਆਂ ਵਿਚ ਪਾਇਆ ਜਾਏਗਾ। ਜਦੋਂ ਤੇਰੇ ਤਨ ਦੇ ਟੁੱਕੜੇ ਹੋ ਗਏ ਤਾਂ ਮੇਰੇ ਬੱਚਿਆਂ ਵਾਸਤੇ ਆਟੇ ਦੀ ਇਕ ਨਿੱਕੀ ਜਿਹੜੀ ਟੋਕਰੀ ਮਿਲੇਗੀ। ਹੱਸ ਕੇ ਕਹਿਣ ਲੱਗੇ ਕਿ ਨਹੀਂ, ਇਥੇ ਤੇਰੇ ਤੇ ਮੇਰੇ ਵਿਚ ਫਰਕ ਪੈ ਜਾਣਾ ਹੈ। ਤੂੰ ਟੋਟਿਆਂ ਦੇ ਟੋਕਰੇ ਭਰ ਕੇ ਆਟੇ ਦੀ ਟੋਕਰੀ ਲੈ ਜਾਵੇਂਗਾ।

ਮੇਰੇ ਟੁਕੜੇ ਮਾਸ ਦੇ ਇਥੇ ਪਏ ਹੋਣਗੇ। ਮੇਰਾ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜਾ ਪਹੁੰਚੇਗਾ। ਮੈਂ ਉਥੇ ਜੁੜਿਆ ਹੋਵਾਂਗਾ। ਫਿਰ ਉਹਨਾਂ ਨੇ ਜੱਲਾਦ ਨੂੰ ਕਿਹਾ ਸੀ :-

ਤੂੰ ਆਖੇਂ ਟੁਕੜੇ ਦਾ ਨੌਕਰ, ਮਾਲਕ ਹੁਕਮ ਵਜਾਉਂਦਾ ਹਾਂ।
ਮੈਂ ਜੀਵਨ ਦਾ ਮਾਂਗਤ ਜਿਸ ਦਾ, ਤਿਸ ਨੂੰ ਪਿਆ ਰਜਾਉਂਦਾ ਹਾਂ।
ਉਏ, ਤੇਰੀ ਤਲਬ ਹੈ ਰੁਪਈਏ, ਆਪਾਂ ਜੀਵਨ ਪੱਦਵੀ ਪਾਵਾਂਗੇ।
ਸੁਣ ਕਾਤਲ ਰਲ ਮਿਲ ਦੋਵੇਂ, ਅਜਬ ਤਮਾਸ਼ਾ ਲਾਵਾਂਗੇ।

ਗੁਰਮੁਖੋ ! ਸਿੱਖੀ ਮੰਗੀਏ ਗੁਰੂ ਦੇ ਕੋਲੋਂ। ਜੇ ਸਿੱਖੀ ਮਿਲ ਗਈ ਤਾਂ ਮੇਰੇ ਸਤਿਗੁਰੂ ਤੋਂ ਕੁਰਬਾਨ ਹੋ ਜਾਈਏ। ਆਉ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦਾ ਪੱਲੂ ਪਕੜੀਏ। ਕਲਗੀ ਵਾਲੇ ਦੇ ਅੰਮ੍ਰਿਤ ਬਚਨਾਂ 'ਤੇ ਭਰੋਸਾ ਕਰੀਏ। ਜੋ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਦਿੱਤੀ ਹੈ, ਉਹਦੇ 'ਤੇ ਭਰੋਸਾ ਕਰੀਏ। ਸਤਿਗੁਰੂ ਬਖ਼ਸ਼ਿਸ਼ ਕਰਨ। ਏਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ ਜੀ। ਹੋਈਆਂ ਭੁੱਲਾਂ ਦੀ ਖਿਮਾ ਕਰਨਾ ਜੀ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਮਨ ਇਛਤ ਦਾਨ ਕਰਣੰ

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ
੧ੴ ਸਤਿਗੁਰ ਪ੍ਰਸਾਦਿ॥

ਸਲੋਕ॥ ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ॥
ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ॥੧॥
ਹਭਿ ਰੰਗ ਮਾਣਹਿ ਜਿਸੁ ਸੰਗਿ ਤੈ ਸਿਉ ਲਾਈਐ ਨੇਹੁ॥
ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ ਦੇਹੁ॥੨॥
ਪਉੜੀ॥ ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ॥
ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ॥
ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ॥
ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ॥
ਸਾਧਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ॥ ੩॥

(ਅੰਗ ੭੦੬)

ਪਰਮ ਸਨਮਾਨ ਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਅੱਜ ਧੰਨ ਗੁਰੂ ਅਰਜਨ ਦੇਵ ਜੀ ਕ੍ਰਿਪਾ ਪਏ ਕਰਦੇ ਹਨ। ਪਹਿਲੀ ਗੱਲ ਇਹ ਹੈ ਕਿ ਜਿਹੜੀਆਂ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਮੇਰਾ ਮਾਲਕ ਹੈ, ਉਸ ਨੂੰ ਆਪਣੇ ਹਿਰਦੇ ਤੋਂ ਕਦੀ ਭੁਲਾਈਂ ਨਾ। ਦੂਜਾ ਬਚਨ ਇਹ ਕੀਤਾ ਕਿ ਜਿਸ ਮਾਲਕ ਨੇ ਤੇਰੇ ਸਰੀਰ ਵਿਚ ਜਿੰਦ ਟਿਕਾਅ ਦਿੱਤੀ, ਜਿਸ ਨੇ ਸੁੰਦਰ ਤਨ ਬਖ਼ਸ਼ ਦਿੱਤਾ, ਪੁੱਤਰ, ਧੀਆਂ, ਮਾਂ ਬਾਪ ਅਤੇ ਦੁਨੀਆਂ ਦਾ ਹਰ ਸੁੱਖ ਤੇਰੀ ਝੋਲੀ ਵਿਚ ਪਾਇਆ ਹੈ। ਗੁਰਮੁਖਾ ! ਉਸ ਦੇਣ ਵਾਲੇ ਦਾਤੇ ਨੂੰ ਕਦੀ ਆਪਣੇ ਹਿਰਦੇ ਵਿਚੋਂ ਵਿਸਾਰੀਂ ਨਾ। ਜੇ ਸਿਮਰਦਾ ਰਹੇਂਗਾ ਤਾਂ ਤੇਰਾ ਤਨ ਅਤੇ ਮਨ ਪੂਰਾ ਖੇੜੇ ਵਿਚ ਰਹੇਗਾ। ਦਾਤ ਲੈ ਕੇ ਭੁੱਲ ਜਾਣਾ ਇਸ ਨਾਲ ਤੂੰ ਕਦੀ ਵੀ ਆਪਣੇ ਮਨ ਦੀ ਸ਼ਾਂਤੀ ਕਿਤੋਂ ਲੱਭ ਨਹੀਂ ਸਕੇਂਗਾ। ਹਰ ਇਕ ਦੀ ਇੱਛਾ ਮੇਰਾ ਮਾਲਕ ਪੂਰੀ ਕਰਦਾ ਹੈ।

ਗੁਰੂ ਅਮਰਦਾਸ ਜੀ ਦੇ ਬਚਨ ਅਸੀਂ ਰੋਜ਼ ਪੜ੍ਹਦੇ ਹਾਂ ਕਿ ਮਨ ਦੀਆਂ ਇੱਛਾਵਾਂ ਕੇਵਲ ਮਾਲਕ ਪੂਰੀਆਂ ਕਰ ਸਕਦਾ ਹੈ। ਮੇਰੇ ਮਾਲਕ ਦੁਨੀਆਂ ਦੀ ਕਿਹੜੀ ਦਾਤ ਹੈ ਜਿਹੜੀ ਤੇਰੇ ਘਰ ਵਿਚ ਨਹੀਂ। ਪਰ ਫ਼ਰਕ ਇੰਨਾ ਕੁ ਹੈ ਕਿ ਜਿਸ ਉੱਪਰ ਦਾਤਾ ਤਰੁੱਠ ਪਵੇ, ਉਸ ਦੀ ਝੋਲੀ ਤੂੰ ਦਾਤਾਂ ਨਾਲ ਭਰ ਦਿੰਦਾ ਹੈਂ।

ਸਾਚੇ ਸਾਹਿਬਾ ਕਿਆ ਨਾਹੀ ਘਰ ਤੇਰੈ॥

ਹੇ ਮੇਰੇ ਸੱਚੇ ਨਿਰੰਕਾਰ ਵਾਹਿਗੁਰੂ ਜੀ ! ਕਿਹੜੀ ਦਾਤ ਹੈ ਜਿਹੜੀ ਤੇਰੇ ਘਰ ਨਹੀਂ।

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥

(ਅਨੰਦੁ ਸਾਹਿਬ)

ਜਿਸ ਨੂੰ ਤੂੰ ਇਹ ਦਾਤ ਦੇ ਦੇਵੇਂ ਮੇਰੇ ਮਾਲਕ ! ਉਸ ਦੀ ਝੋਲੀ ਤੂੰ ਭਰ ਦਿੰਦਾ ਹੈਂ। ਸਤਿਗੁਰੂ ਕਹਿੰਦੇ ਹਨ ਕਿ ਕਿਸੇ ਮਨੁੱਖ ਦੇ ਹੱਥ ਦੀ ਆਸ ਨਾ ਰੱਖੀਂ। ਜੇਕਰ ਤੇਰੀ ਆਸ ਕਿਸੇ ਨੇ ਪੂਰੀ ਕਰਨੀ ਹੈ ਤਾਂ ਕੇਵਲ ਇਕ ਵਾਹਿਗੁਰੂ ਜੀ ਨੇ ਹੀ ਕਰਨੀ ਹੈ। ਭਾਈ ਗੁਰਦਾਸ ਜੀ ਨੇ ਕੁਝ ਉਦਾਹਰਨਾਂ ਦਿੱਤੀਆਂ ਹਨ ਇਹ ਸਮਝਾਉਣ ਲਈ ਕਿ ਹੇ ਮਨਾਂ ! ਜਿਸ ਦਰ 'ਤੇ ਤੂੰ ਸਿਰ ਝੁਕਾਉਂਦਾ ਹੈਂ, ਉਸ ਦਰ 'ਤੇ ਦਾਤਾਂ ਦੇ ਭੰਡਾਰ ਪਏ ਹਨ।

ਕਹਿੰਦੇ ਹਨ, ਸੰਸਾਰ ਦੇ ਅੰਦਰ ਕੋਈ ਸ਼ਾਹੂਕਾਰ ਹੈ, ਕੋਈ ਵਪਾਰੀ ਹੈ ਜਾਂ ਕੋਈ ਦੁਕਾਨਦਾਰ ਆਪਣੀ ਦੁਕਾਨ ਵਿਚ ਬੈਠਾ ਹੈ, ਉਸ ਵਪਾਰੀ ਕੋਲ, ਉਸ ਦੁਕਾਨਦਾਰ ਕੋਲ ਸੌਦੇ ਦੀ ਲਿਮਿਟ ਹੈ ਕਿ ਕੁਝ ਕੁ ਲੋਕਾਂ ਤੱਕ ਉਹ ਆਪਣੇ ਸੌਦੇ ਨੂੰ ਦੇ ਕੇ ਤ੍ਰਿਪਤ ਕਰ ਸਕਦਾ ਹੈ। ਪਰ ਸੱਚ ਜਾਣੀਂ, ਉਸ ਦੁਕਾਨਦਾਰ ਦੇ ਕੋਲੋਂ ਕੁਝ ਕੁ ਲੋਕਾਂ ਨੂੰ ਸੁੱਖ ਮਿਲਦਾ ਹੋਵੇ ਪਰ ਹਰ ਇਕ ਦੀ ਇੱਛਾ ਉਹ ਪੂਰੀ ਨਹੀਂ ਕਰ ਸਕਦਾ ਤੇ ਦੂਜੀ ਗੱਲ ਇਹ ਹੈ ਕਿ ਉਹ ਸੌਦਾ ਦਿੰਦਾ ਸਿਰਫ਼ ਉਹਨਾਂ ਨੂੰ ਹੈ, ਜਿਹੜੇ ਉਸ ਦੁਕਾਨ 'ਤੇ ਆ ਕੇ ਆਪਣੇ ਵੱਲੋਂ ਰੁਪਈਏ ਦੇਣ। ਦੌਲਤ ਦੇ ਬਦਲੇ ਕੇਵਲ ਸੌਦਾ ਮਿਲਦਾ ਹੈ। ਕਦੀ ਕੋਈ ਇਹੋ ਜਿਹਾ ਦੁਕਾਨਦਾਰ ਦੇਖਿਆ ਹੈ, ਜਿਸ ਦੀ ਹੱਟੀ 'ਤੇ ਜਾ ਕੇ ਕਹੀਏ ਕਿ ਮੇਰੇ ਕੋਲ ਨਕਲੀ ਪੈਸੇ ਹਨ, ਖੋਟੇ ਪੈਸੇ ਹਨ, ਜੇ ਤੂੰ ਇਹਨਾਂ ਦੇ ਬਦਲੇ ਮੈਨੂੰ ਸੌਦਾ ਦੇ ਦੇਵੇਂ ਤਾਂ ਕਿੰਨਾ ਕੁ ਚੰਗਾ ਹੋਵੇਗਾ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਖੋਟਾ ਸ਼ਬਦ ਸੁਣਨ ਦੀ ਦੇਰ ਹੈ ਕਿ ਦੁਕਾਨਦਾਰ ਉਸ ਨੂੰ ਧੱਕੇ ਮਾਰ ਕੇ ਆਪਣੀ ਦੁਕਾਨ ਤੋਂ ਬਾਹਰ ਕੱਢ ਦੇਵੇਗਾ ਤੇ ਨਾਲ ਕਹੇਗਾ, ਸੱਜਣਾ ! ਮੇਰੀ ਦੁਕਾਨ 'ਤੇ ਕੇਵਲ ਅਸਲੀ ਰੁਪਈਆਂ ਬਦਲੇ ਸੌਦਾ ਮਿਲਦਾ ਹੈ। ਨਾ ਤਾਂ ਮੈਂ ਕਿਸੇ ਨੂੰ ਫਰੀ ਦਿੰਦਾ ਹਾਂ, ਨਾ ਮੇਰੀ ਗੋਲਕ ਵਿਚ ਨਕਲੀ ਰੁਪਈਏ ਚੱਲਦੇ ਹਨ। ਜੇ ਤੇਰੇ ਕੋਲ ਅਸਲੀ ਰੁਪਏ ਹਨ ਤਾਂ ਜੀ ਆਇਆਂ ਨੂੰ, ਨਹੀਂ ਤਾਂ ਭਾਈ ਜਿੱਧਰ ਮਰਜ਼ੀ ਤੂੰ ਚਲਾ ਜਾ। ਭਾਈ ਸਾਹਿਬ ਕਹਿੰਦੇ ਹਨ, ਦੁਨੀਆਂ ਦੇ ਸ਼ਾਹ ਕੇਵਲ ਰੁਪਈਆਂ ਬਦਲੇ ਤੈਨੂੰ ਦੁਕਾਨ 'ਤੇ ਚੜ੍ਹਨ ਦੇਣਗੇ, ਪਰ ਮੇਰੇ ਗੁਰੂ ਨਾਨਕ ਸਾਹਿਬ ਉਹ ਸ਼ਾਹ ਹਨ ਜਿਹੜੇ ਔਗੁਣਾਂ ਨਾਲ ਬੰਦਾ ਭਰਿਆ ਹੋਵੇ ਤੇ ਆ ਕੇ ਕਹੇ ਕਿ ਮੇਰੇ ਦਾਤਿਆ ! ਮੇਰੇ ਕੋਲ ਕੁਝ ਵੀ ਨਹੀਂ, ਕੇਵਲ ਔਗੁਣਾਂ ਨਾਲ

ਭਰਿਆ ਪਿਆ ਹਾਂ। ਕਹਿਣ ਲੱਗੇ, ਇਹ ਉਹ ਸ਼ਾਹੂਕਾਰ ਹਨ ਜਿਹੜੇ ਔਗੁਣਾਂ ਦੇ ਬਦਲੇ ਵੀ ਤੇਰੇ ਵਿਚ ਗੁਣ ਪਾ ਦਿੰਦੇ ਹਨ। ਭਾਈ ਸਾਹਿਬ ਕਹਿਣ ਲੱਗੇ :-

ਪਤਿਤ ਉਧਾਰਣੁ ਦੁਖ ਹਰਣੁ ਅਸਰਣੁ ਸਰਣਿ ਵਚਨ ਦਾ ਪੂਰ।
ਅਉਗੁਣ ਲੈ ਗੁਣ ਵਿਕਣੈ ਸੁਖ ਸਾਗਰੁ ਵਿਸਰਾਏ ਵਿਸੂਰ।

(ਵਾਰ ੪੦, ਪਉੜੀ ੧)

ਅੱਜ ਦੀ ਆਰੰਭ ਵਿਚਾਰ ਦਾ ਕੇਂਦਰ ਬਿੰਦੂ ਹੈ ਕਿ ਅੰਦਰ ਦੀਆਂ ਇੱਛਾਵਾਂ ਸਾਈਂ ਪੂਰਾ ਕਰ ਸਕਦਾ ਹੈ। ਇੱਛਾ ਉਹ ਪੂਰੀ ਕਰ ਸਕਦਾ ਹੈ ਜਿਸ ਦਾ ਖ਼ੁੱਦ ਦਾ ਘਰ ਭਰਿਆ ਹੋਵੇ। ਜਿਹੜਾ ਆਪ ਖ਼ਾਲੀ ਹੈ, ਉਹ ਕਿਸੇ ਨੂੰ ਕੀ ਦੇ ਸਕਦਾ ਹੈ। ਦੂਜਾ ਬਚਨ ਕੀਤਾ ਕਿ ਸਤਿਗੁਰੂ ! ਦੂਸਰੇ ਬਾਦਸ਼ਾਹਾਂ ਦੇ ਦਰਬਾਰ ਵਿਚ ਰਤਨ ਪਦਾਰਥ ਮਿਲਦੇ ਹਨ, ਕੀਮਤੀ, ਹੀਰੇ ਮੋਤੀ ਮਿਲਦੇ ਹਨ ਪਰ ਮੇਰੇ ਗੁਰੂ ਨਾਨਕ ਸਾਹਿਬ ਜੀ ਜਿਸ ਦੇ ਘਰ ਵਿਚ ਕੀਮਤੀ ਸਿਮਰਨ ਦੇ ਭੰਡਾਰੇ ਪਏ ਹਨ ਤੇ ਜਿਹੜਾ ਸੁੱਕਾ ਹਿਰਦਾ ਵੀ ਆਵੇ, ਉਸ ਦੇ ਹਿਰਦੇ ਵਿਚ ਸਿਮਰਨ ਦੀ ਦਾਤ ਪਾ ਦਿੰਦਾ ਹੈ।

ਸਤਿਗੁਰੁ ਪੂਰਾ ਸਾਹੁ ਹੈ ਤ੍ਰਿਭਵਣ ਜਗ ਤਿਸ ਦਾ ਵਣਜਾਰਾ।
ਰਤਨ ਪਦਾਰਥ ਬੇਸੁਮਾਰ ਭਾਉ ਭਗਤ ਲਖ ਭਰੇ ਭੰਡਾਰਾ।
ਪਾਰਜਾਤਿ ਲਖਿ ਬਾਗ ਵਿਚਿ ਕਾਮਧੇਣੁ ਦੇ ਵਗ ਹਜਾਰਾ।
ਲਖਮੀਆਂ ਲਖ ਗੋਲੀਆਂ ਪਾਰਸ ਦੇ ਪਰਬਤੁ ਅਪਾਰਾ।
ਲਖ ਅੰਮ੍ਰਿਤ ਲਖ ਇੰਦ੍ਰ ਲੈ ਹੁਇ ਸਕੈ ਛਿੜਕਨਿ ਦਰਬਾਰਾ।
ਸੂਰਜ ਚੰਦ ਚਰਾਗ ਲਖ ਰਿਧਿ ਸਿਧਿ ਨਿਧਿ ਬੋਹਲ ਅੰਬਾਰਾ।

ਭਾਈ ਜੀ ! ਇੰਨਾ ਕੁਝ ਤਾਂ ਤੁਸੀਂ ਗੁਰੂ ਦੇ ਦਰ 'ਤੇ ਦੱਸ ਦਿੱਤਾ ਹੈ, ਪਰ ਕ੍ਰਿਪਾ ਕਰੋ, ਇਹ ਦਿੰਦੇ ਕਿਸ ਨੂੰ ਹਨ ? ਭਾਈ ਗੁਰਦਾਸ ਜੀ ਨੇ ਕਮਾਲ ਦੇ ਬਚਨ ਕਹੇ। ਕਹਿਣ ਲੱਗੇ, ਆਮ ਵਪਾਰੀ, ਆਮ ਬਾਦਸ਼ਾਹ ਘੁੱਟ ਕੇ ਆਪਣੇ ਘਰ ਵਿਚ ਰੱਖਦੇ ਹਨ ਕਿ ਕੇਵਲ ਮੇਰੇ ਬੱਚੇ ਇਸ ਦੌਲਤ ਨੂੰ ਵਰਤਣਗੇ, ਪਰ ਮੇਰੇ ਗੁਰੂ ਨਾਨਕ ਸਾਹਿਬ ਜੀਉ ! ਤੁਹਾਡੇ ਭੰਡਾਰਿਆਂ ਦੇ ਬੂਹੇ ਖੁੱਲ੍ਹੇ ਪਏ ਹਨ ਤੇ ਜਿਹੜਾ ਵੀ ਪ੍ਰੇਮਾ ਭਗਤੀ ਨਾਲ ਆਉਂਦਾ ਹੈ, ਉਸ ਦੀ ਝੋਲੀ ਭਰ ਦਿੰਦਾ ਹੈ। ਤੇਰੀ ਦਿੱਤੀ ਹੋਈ ਦਾਤ ਵਿਚ ਕਦੀ ਤੋਟਾ ਵੀ ਨਹੀਂ ਆਉਂਦਾ। ਭਾਈ ਸਾਹਿਬ ਕਹਿਣ ਲੱਗੇ :-

ਸਭੇ ਵੰਡਿ ਵੰਡਿ ਦਿਤਿਓਨੁ ਭਾਉ ਭਗਤਿ ਕਰਿ ਸਚੁ ਪਿਆਰਾ।
ਭਗਤ ਵਛਲੁ ਸਤਿਗੁਰੁ ਨਿਰੰਕਾਰਾ॥ ੨੨ ॥

(ਵਾਰ ੨੬, ਪਉੜੀ ੨੨)

ਮਨ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਵਾਲਾ ਮੇਰਾ ਸਤਿਗੁਰੂ ਕਰਤਾ ਪੁਰਖ ਹੈ, ਪਰ

ਤੂੰ ਇਕ ਕੰਮ ਕਰ ਲੈ। ਜੇ ਥੋੜਾ ਜਿਹਾ ਇਕਾਗਰ ਹੋ ਜਾਵੇਂ ਤਾਂ :-

ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥

(ਅੰਗ ੬੬੯)

ਸਾਰੇ ਸੁੱਖ ਮਿਲ ਸਕਦੇ ਹਨ ਮੇਰੀਏ ਜਿੰਦੇ ! ਜੇਕਰ ਤੂੰ ਨਾਮ ਦੇ ਨਾਲ ਜੁੜ ਜਾਏਂ। ਕਹਿਣ ਲੱਗੇ :-

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥

(ਅੰਗ ੬੭੦)

ਸਤਿਨਾਮ ਨਾਲ ਜੁੜਦਿਆਂ ਹੀ ਲੋਕ ਤੇ ਪਰਲੋਕ ਵਿਚ ਤੇਰਾ ਮੁਖ ਉਜਲਾ ਹੋ ਜਾਵੇਗਾ।

ਕਈ ਵਾਰੀ ਅਰਦਾਸ ਕਰਦਿਆਂ ਅਸੀਂ ਇਹ ਵੀ ਕਹਿੰਦੇ ਹਾਂ ਕਿ ਦੁਨੀਆਂ ਦੇ ਪਦਾਰਥ ਨਹੀਂ ਮੰਗਣੇ ਚਾਹੀਦੇ। ਭਗਤੀ ਸਭ ਤੋਂ ਉੱਤਮ ਦਾਤ ਹੈ ਜਿਹੜੀ ਮਾਲਕ ਦੇ ਦਰ ਤੋਂ ਮੰਗਣੀ ਹੈ। ਗੁਰੂ ਸਿੱਖ ਦੇ ਲੋਕ ਤੇ ਪਰਲੋਕ ਦੇ ਦੋਨੋਂ ਕਾਰਜ ਸਵਾਰਦੇ ਹਨ। ਚੇਤੇ ਰੱਖ, ਜੋ ਸਤਿਗੁਰੂ ਤੈਨੂੰ ਭਗਤੀ ਦਾ ਅਮੋਲਕ ਖ਼ਜ਼ਾਨਾ ਬਖ਼ਸ਼ ਸਕਦੇ ਹਨ, ਤਾਂ ਕੀ ਉਹ ਤੈਨੂੰ ਦੁਨੀਆਂ ਵਿਚ ਵਰਤਣ ਲਈ ਦੁਨੀਆਂ ਦੇ ਪਦਾਰਥ ਨਹੀਂ ਦੇਵੇਗਾ ? ਹਜ਼ੂਰ ਕਹਿੰਦੇ ਹਨ ਕਿ ਜਿੰਨੀ ਦੇਰ ਤੱਕ ਕਿਸੇ ਨੂੰ ਮਿੱਤਰ ਨਾ ਬਣਾਈਏ ਅਤੇ ਦਿਲ ਦੀ ਸਾਂਝ ਨਾ ਪਵੇ, ਓਨੀ ਦੇਰ ਤੱਕ ਪਤਾ ਨਹੀਂ ਲੱਗਦਾ ਕਿ ਇਸ ਦੇ ਘਰ ਵਿਚ ਕੀ ਕੁਝ ਵਾਪਰਦਾ ਹੈ।

ਅਸੀਂ ਆਮ ਤੌਰ 'ਤੇ ਜਦੋਂ ਬਾਹਰੀ ਤੌਰ 'ਤੇ ਕਿਸੇ ਨੂੰ ਮਿਲੀਏ ਤਾਂ ਬਸ ਫਤਹਿ ਦੀ ਸਾਂਝ ਹੋਵੇਗੀ, ਇਕ ਦੂਸਰੇ ਨੂੰ ਨਮਸਕਾਰ ਕਰਾਂਗੇ, ਪਰ ਇਹ ਨਹੀਂ ਪਤਾ ਚੱਲੇਗਾ ਕਿ ਇਸ ਦੇ ਅੰਦਰ ਕੀ ਹੈ ? ਇਸ ਦੇ ਅੰਦਰ ਦੁੱਖ ਕਿੰਨਾ ਹੈ ? ਇਸ ਦੇ ਅੰਦਰ ਸੁੱਖ ਕਿਹੜਾ ਹੈ ? ਉਸ ਦੇ ਘਰ ਦੀ ਜਾਣਕਾਰੀ ਉਸ ਦਿਨ ਮਿਲੇਗੀ ਜਿਸ ਦਿਨ ਵਾਕਿਆ ਸੱਜਣ ਬਣਾ ਕੇ ਉਹ ਦਿਲ ਦੀ ਸਾਂਝ ਪੈਦਾ ਕਰੇਗਾ। ਗੁਰੂ ਅਰਜਨ ਦੇਵ ਜੀ ਕਹਿਣ ਲੱਗੇ ਕਿ ਸਤਿਗੁਰੂ ਜੀ ! ਪਹਿਲਾਂ ਤੇਰੇ ਨਾਮ ਨੂੰ ਜੱਪਿਆ ਓਪਰਾ ਜਿਹਾ, ਪਰੰਤੂ ਜਿਸ ਦਿਨ ਦਾ ਤੈਨੂੰ ਸੱਜਣ ਬਣਾਇਆ ਹੈ ਮੇਰੇ ਸੱਜਣਾ ! ਤੂੰ ਆਪਣੇ ਘਰ ਦਾ ਬੂਹਾ ਮੇਰੇ ਅੱਗੇ ਛੁਪਾ ਕੇ ਨਹੀਂ ਰੱਖਿਆ।

ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਅਸਲ ਵਿਚ ਸੱਜਣ ਉਹ ਹੈ ਜਿਹੜਾ ਆਪਣਾ ਅੰਦਰ ਤੇਰੇ ਅੱਗੇ ਖੋਲ੍ਹ ਕੇ ਰੱਖ ਦੇਵੇ। ਉਸ ਨੂੰ ਮਿੱਤਰ ਕਦੀ ਨਾ ਸਮਝੀਂ, ਜਿਹੜਾ ਅੰਦਰ ਦੀਆਂ ਘੁੰਡੀਆਂ ਤੇਰੇ ਅੱਗੇ ਛੁਪਾਉਂਦਾ ਹੈ। ਬਾਬਾ ਫ਼ਰੀਦ ਜੀ ਕਹਿੰਦੇ ਹਨ, ਮੇਰੇ ਮਾਲਕਾ ! ਤੈਨੂੰ ਮੈਂ ਆਪਣਾ ਮਿੱਤਰ ਬਣਾਇਆ ਹੈ ਤੇ ਜੇ ਮੈਂ ਤੇਰੇ ਦਰ ਤੋਂ ਕੋਈ ਵੀ ਅੰਦਰ ਦੀ ਗੱਲ ਲੁਕਾ ਕੇ ਰੱਖਾਂ ਤਾਂ ਮੇਰਾ ਤਨ ਇਸ ਤਰ੍ਹਾਂ ਸੜੇ, ਜਿਵੇਂ ਅੱਗ ਦੇ ਅੰਗਾਰਿਆਂ 'ਤੇ ਮਜੀਠ ਸੜਦਾ ਹੈ। ਸਾਹਿਬ ਕਹਿੰਦੇ ਹਨ :-

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥

ਹੇ ਮੇਰੇ ਮਿੱਤਰ ਵਾਹਿਗੁਰੂ ! ਜੇ ਮੈਂ ਤੁਹਾਡੇ ਅੱਗੇ ਆਪਣੇ ਆਪ ਨੂੰ ਲੁਕਾ ਕੇ ਰੱਖਾਂ :-

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥

(ਅੰਗ ੧੩੭੯)

ਮੇਰਾ ਸਰੀਰ ਇਸ ਤਰ੍ਹਾਂ ਸੜ ਜਾਵੇ ਜੇ ਤੇਰੇ ਤੋਂ ਲੁਕਾ ਕੇ ਰੱਖਾਂ। ਸਾਹਿਬ ਕਹਿੰਦੇ ਹਨ ਕਿ ਤੁਸੀਂ ਮਨ ਦੀਆਂ ਇੱਛਾਵਾਂ ਪੂਰੀਆ ਕਰਨ ਵਾਲੇ ਹੋ। ਕਹਿੰਦੇ ਹਨ, ਜਿਸ ਦਿਨ ਦਾ ਤੈਨੂੰ ਮਿੱਤਰ ਬਣਾਇਆ ਹੈ ਮੇਰੇ ਮਾਲਕ ! ਤੁਸੀਂ ਆਪਣੇ ਘਰ ਦੇ ਬੂਹੇ ਖੋਲ੍ਹ ਦਿੱਤੇ ਤੇ ਨਾਲ ਕਿਹਾ, ਮੇਰੇ ਮਾਲਕਾ ! ਇਹ ਕੁਝ ਮੇਰੇ ਘਰ ਪਿਆ ਹੈ, ਸੰਗੀਂ ਨਾ। ਜਦੋਂ ਵੀ ਆਏਂਗਾ ਤਾਂ ਤੇਰੇ ਲਈ ਘਰ ਦੇ ਦਰਵਾਜ਼ੇ ਬੰਦ ਨਹੀਂ ਹੋਣਗੇ। ਇਸ ਦੇ ਵਰਗਾ ਸੱਜਣ ਮਿਲੇਗਾ ਵੀ ਕਿਥੋਂ ? ਦੇਖੋ ਭਾਵੇਂ ਸੱਕਾ ਭਰਾ ਹੀ ਕਿਉਂ ਨਾ ਹੋਵੇ, ਆਪਾਂ ਨੂੰ ਕਿੰਨੇ ਕੁ ਦਿਨ ਉਹ ਛੁੜਾ ਸਕਦਾ ਹੈ। ਜਨਮ ਦੇਣ ਵਾਲੇ ਮਾਂ ਬਾਪ ਵੀ ਇਕ ਦਿਨ ਕਹਿ ਦਿੰਦੇ ਹਨ, ਬੇਟਾ ! ਅਸੀਂ ਤੈਨੂੰ ਪਾਲਿਆ, ਜਨਮ ਦਿੱਤਾ ਤੈਨੂੰ, ਰੋਜ਼ੀ ਦਾ ਪ੍ਰਬੰਧ ਕਰਕੇ ਦਿੱਤਾ, ਹੁਣ ਸਾਡਾ ਖਹਿੜਾ ਛੱਡ। ਤੇਰਾ ਕੰਮ ਰੋਜ਼ ਦਾ ਮੰਗਣਾ ਹੈ। ਅਸੀਂ ਰੋਜ਼ ਆਪਣੇ ਕੋਲੋਂ ਤੈਨੂੰ ਦੇ ਨਹੀਂ ਸਕਦੇ। ਕਿੰਨਾ ਕੁ ਤੈਨੂੰ ਦੇਵਾਂਗੇ, ਸਾਡੇ ਪੱਲੇ ਆਪ ਕੁਝ ਨਹੀਂ। ਜਨਮ ਦੇਣ ਵਾਲੇ ਵੀ ਕਹਿ ਸਕਦੇ ਹਨ ਕਿ ਸਾਡੇ ਪੱਲੇ ਹੁਣ ਰੋਜ਼ ਦੇਣ ਲਈ ਕੁਝ ਵੀ ਨਹੀਂ, ਪਰ ਮੇਰੇ ਗੁਰੂ ਨਾਨਕ ਸਾਹਿਬ ਜੀ ! ਤੁਸੀਂ ਉਹ ਸੱਜਣ ਹੋ, ਪਤਾ ਨਹੀਂ ਸਦੀਆਂ ਹੋ ਗਈਆਂ, ਲੋਕ ਅਰਬਾਂ ਖਰਬਾਂ ਵਿਚ ਮੰਗਦੇ ਹਨ। ਰਾਤ ਨੂੰ ਵੀ ਝੋਲੀਆਂ ਅੱਡ ਕੇ ਮੰਗਦੇ ਹਨ, ਪਰ ਦਾਤਾ ! ਤੇਰੇ ਘਰ ਦੇ ਬੂਹੇ ਮੰਗਣ ਵਾਲਿਆਂ ਲਈ ਨਾ ਸਵੇਰੇ ਬੰਦ ਹੁੰਦੇ ਹਨ ਅਤੇ ਨਾ ਸ਼ਾਮ ਨੂੰ ਬੰਦ ਹੁੰਦੇ ਹਨ। ਹੁਣ ਮੰਗਣਾ ਕੀ ਕੁਝ ਹੈ ? ਸਾਹਿਬ ਕਹਿੰਦੇ ਹਨ :-

ਜਨ ਕੋ ਪ੍ਰਭੁ ਸੰਗੇ ਅਸਨੇਹੁ॥

(ਅੰਗ ੧੩੦੭)

ਹੇ ਮੇਰੇ ਮਾਲਕ ! ਸੇਵਕ ਨੂੰ ਤੇਰੇ ਚਰਨਾਂ ਨਾਲ ਪਿਆਰ ਹੈ।

ਸਾਜਨੋ ਤੂ ਮੀਤੁ ਮੇਰਾ

ਮਿੱਤਰ ਸੱਜਣ ਬਣਨ ਤੋਂ ਬਿਨਾਂ ਸਮਝ ਨਹੀਂ ਪੈਣੀ ਕਿ ਮਾਲਕ ਦੇ ਘਰ ਕੀ ਕੁਝ ਹੈ।

ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥

(ਅੰਗ ੭੦੬)

ਤੇਰੇ ਘਰ ਵਿਚ ਸਭ ਕੁਝ ਹੈ ਤੇ ਵਾਕਈ ਹੈ :-

ਮਾਨੁ ਮਾਂਗਉ ਤਾਨੁ ਮਾਂਗਉ

ਜੇ ਮੈਨੂੰ ਦੁਨੀਆਂ ਵਿਚ ਜੀਉਣ ਲਈ ਇੱਜ਼ਤ ਦੀ ਲੋੜ ਪਈ ਤਾਂ ਮੇਰੇ ਮਾਲਕਾ !

ਇੱਜ਼ਤ ਵੀ ਤੇਰੇ ਕੋਲੋਂ ਮੰਗਣੀ ਹੈ। ਜੇ ਤਾਕਤ ਦੀ ਲੋੜ ਪਈ ਤਾਂ ਤਾਕਤ ਵੀ ਤੇਰੇ ਦਰ ਤੋਂ ਹੀ ਮੰਗਣੀ ਹੈ।

ਧਨੁ ਲਖਮੀ ਸੁਤ ਦੇਹ॥

(ਅੰਗ ੧੩੦੭)

ਕੇਵਲ ਇੱਜ਼ਤ, ਪੈਸਾ, ਦੌਲਤ ਨਹੀਂ ਚਾਹੀਦੀ, ਜਿਸ ਦਿਨ ਮੇਰੇ ਤਨ ਨੂੰ ਰੋਗ ਲੱਗ ਗਿਆ, ਉਸ ਦਿਨ ਮੇਰੇ ਮਾਲਕਾ ! ਅਰੋਗਤਾ ਦੀ ਦਾਤ ਵੀ ਤੇਰੇ ਦਰ ਤੋਂ ਲੈਣੀ ਹੈ। ਪੁੱਛਿਆ ਦਾਤਾ ! ਫਿਰ ਇਹ ਦਾਤਾਂ ਦਿੰਦੇ ਕਿਵੇਂ ਹੋ ? ਕਹਿਣ ਲੱਗੇ :-

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥

(ਅੰਗ ੨੬੬)

ਪਿਆਰੇ ! ਜੇਕਰ ਤੈਨੂੰ ਚਾਰ ਪਦਾਰਥ ਚਾਹੀਦੇ ਹਨ :-

ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥

(ਅੰਗ ੮੧੬)

ਤਾਂ ਰੱਬ ਦੇ ਪਿਆਰੇ ਸੰਤ ਜਨਾਂ ਦੀ ਸੇਵਾ ਕਰੀਂ। ਚੇਤੇ ਰੱਖੀਂ, ਉਸ ਦੇ ਵਿਚੋਂ ਸਭ ਕੁਝ ਮਿਲੇਗਾ।

ਗੁਰੂ ਨਾਨਕ ਦੇਵ ਜੀ ਦੀ ਇਕ ਸਾਖੀ ਹੈ। ਹਜ਼ੂਰ ਜਗਤ ਜਲੰਦੇ ਨੂੰ ਠਾਰਦੇ ਹੋਏ ਜਦੋਂ ਪ੍ਰਦੇਸਾਂ ਵਿਚ ਗਏ ਤਾਂ ਇਕ ਨਗਰ ਵਿਚ ਪਹੁੰਚੇ। ਪਿੰਡ ਦੇ ਲੋਕਾਂ ਨੇ ਕਦਰ ਨਹੀਂ ਜਾਣੀ। ਮੇਰੇ ਸਤਿਗੁਰੂ ਨੂੰ ਕਿਸੇ ਨੇ ਜੀਅ ਆਇਆਂ ਨਾ ਕਿਹਾ। ਸ਼ਾਮ ਦੇ ਵੇਲੇ ਜਦੋਂ ਬਾਹਰ ਬੈਠੇ ਤਾਂ ਅਚਾਨਕ ਇਕ ਮਨੁੱਖ ਲੰਘਿਆ। ਹੱਥ ਜੋੜ ਕੇ ਕਹਿੰਦਾ ਹੈ, ਦਾਤਾ ਜੀ ! ਆਪ ਕ੍ਰਿਪਾ ਕਰੋ, ਮੇਰੇ ਘਰ ਦੇ ਅੰਦਰ ਆਪ ਚਰਨ ਪਾਉ। ਹੈ ਤਾਂ ਇਕ ਕੱਚਾ ਜਿਹਾ ਕੋਠਾ ਅਤੇ ਅਸੀਂ ਸਾਰੇ ਜੀਅ ਇਸ ਕੋਠੇ ਵਿਚ ਰਹਿੰਦੇ ਹਾਂ। ਜੋ ਕੁਝ ਰੁੱਖਾ ਮਿੱਸਾ ਹੈ, ਉਸ ਨੂੰ ਸਵੀਕਾਰ ਕਰਿਉ। ਸਾਹਿਬ ਕਹਿਣ ਲੱਗੇ, ਸੱਜਣਾ ! ਤੂੰ ਸਾਨੂੰ ਇਥੇ ਹੀ ਟਿੱਕਿਆ ਰਹਿਣ ਦੇ। ਕਹਿੰਦਾ ਹੈ, ਨਹੀਂ ਦਾਤਾ ! ਮੇਰੇ ਹਿਰਦੇ ਦੀ ਇਹ ਭਾਵਨਾ ਹੈ। ਕੀ ਹੋਇਆ ਜੇ ਮੈਂ ਗ਼ਰੀਬ ਹਾਂ, ਪਰ ਤੁਸੀਂ ਰੱਬ ਨਾਲ ਜੁੜੇ ਸਾਈਂ ਦਾ ਰੂਪ ਹੋ। ਕ੍ਰਿਪਾ ਕਰੋ, ਮੇਰੀ ਛੌਂਪੜੀ ਵਿਚ ਚਰਨ ਪਾਉ। ਮਹਾਰਾਜ ਕਹਿਣ ਲੱਗੇ ਕਿ ਤੈਨੂੰ ਕਿਵੇਂ ਪਤਾ ਲੱਗ ਗਿਆ ਕਿ ਅਸੀਂ ਸਾਈਂ ਨਾਲ ਜੁੜੇ ਹੋਏ ਹਾਂ। ਕਹਿੰਦਾ ਹੈ ਕਿ ਦਾਤਾ ! ਬਸ ਤੇਰੇ ਦਰਸ਼ਨ ਕਰਦਿਆਂ ਹੀ ਅੰਦਰ ਨੂੰ ਠੰਡ ਪੈ ਗਈ ਹੈ।

ਹਕੀਕਤ ਹੈ ਕਿ ਪ੍ਰਮੇਸ਼ਰ ਤਾਂ ਸਾਰੀਆਂ ਥਾਵਾਂ 'ਤੇ ਵਿਆਪਕ ਹੈ। ਜਦੋਂ ਅਸੀਂ ਅਰਦਾਸ ਕਰਦੇ ਹਾਂ ਤਾਂ ਸੰਪੂਰਨ ਇਥੇ ਕਰਦੇ ਹਾਂ ਕਿ :-

ਦਾਤਾ ! ਸੇਈ ਗੁਰਮੁਖ ਪਿਆਰੇ ਮੇਲ
ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।

ਇਸ ਦਾ ਮਤਲਬ ਇਹ ਹੈ ਕਿ ਉਹਨਾਂ ਨੂੰ ਮਿਲ ਕੇ ਸਾਈਂ ਦੀ ਯਾਦ ਆਉਂਦੀ ਹੈ। ਭਾਈ ਵੀਰ ਸਿੰਘ ਬੜੇ ਪਿਆਰੇ ਅਰਥ ਕਰਦੇ ਹਨ। ਉਹ ਕਹਿੰਦੇ ਹਨ, ਸੂਰਜ ਦੀਆਂ ਕਿਰਨਾਂ ਸਾਰੀ ਧਰਤੀ 'ਤੇ ਪੈਂਦੀਆਂ ਹਨ, ਪਰ ਪ੍ਰਤੀਬਿੰਬ ਸਾਰੀ ਧਰਤੀ 'ਤੇ ਨਹੀਂ ਪੈਂਦਾ।

ਜਦੋਂ ਕਿਤੇ ਨਿਰਮਲ ਸ਼ੀਸ਼ੇ ਵਿਚੋਂ ਦੇਖਾਂਗੇ ਤਾਂ ਸੂਰਜ ਦਾ ਪ੍ਰਤੀਬਿੰਬ, ਭਾਵੇਂ ਉਹ ਆਸਮਾਨ 'ਤੇ ਚਮਕਦਾ ਹੈ ਪਰ ਸ਼ੀਸ਼ੇ ਦੇ ਅੰਦਰੋਂ ਵੀ ਤੇਰੀਆਂ ਅੱਖਾਂ ਨੂੰ ਚੁੰਧਿਆ ਦੇਵੇਗਾ। ਕਦੀ ਪਾਣੀ ਨੂੰ ਦੇਖੀਂ। ਸੂਰਜ ਦਾ ਪ੍ਰਤੀਬਿੰਬ ਉਸ ਪਾਣੀ ਵਿਚੋਂ ਵੀ ਤੈਨੂੰ ਚਾਨਣ ਦੇਵੇਗਾ। ਭਾਈ ਸਾਹਿਬ ਕਹਿਣ ਲੱਗੇ, ਮੇਰੇ ਮਾਲਕ ! ਤੂੰ ਸਾਰੀਆਂ ਥਾਵਾਂ 'ਤੇ ਹੈਂ, ਪਰ ਜਿਹੜੇ ਹਿਰਦੇ ਤੇਰੇ ਨਾਮ ਵਿਚ ਜੁੜ ਕੇ ਨਿਰਮਲ ਹੋ ਗਏ ਹਨ, ਉਹਨਾਂ ਵਿਚ ਇੰਝ ਪ੍ਰਗਟ ਹੁੰਦਾ ਹੈਂ ਜਿਵੇਂ ਸ਼ੀਸ਼ੇ ਅਤੇ ਨਿਰਮਲ ਪਾਣੀ ਵਿਚੋਂ ਪ੍ਰਗਟ ਹੁੰਦਾ ਹੈਂ। ਹਜ਼ੂਰ ਦੇ ਬਚਨ ਪੜ੍ਹਦੇ ਹਾਂ :-

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥

(ਅੰਗ ੧੩੬੭)

ਉਹ ਮਨੁੱਖ ਮੇਰੇ ਹਜ਼ੂਰ ਨੂੰ ਘਰ ਲੈ ਗਿਆ। ਜਿਹੜੇ ਇਕ ਦੋ ਮੰਜੇ ਸਨ, ਉਹ ਸਤਿਗੁਰੂ ਤੇ ਭਾਈ ਮਰਦਾਨੇ ਨੂੰ ਦੇ ਦਿੱਤੇ। ਪ੍ਰਸ਼ਾਦ ਪਾਣੀ ਜੋ ਰੁੱਖਾ ਮਿੱਸਾ ਸੀ, ਉਹ ਸਤਿਗੁਰੂ ਨੂੰ ਛਕਾਇਆ। ਕਹਿੰਦਾ ਹੈ, ਦਾਤਾ ! ਮੈਂ ਗ਼ਰੀਬ ਹਾਂ, ਕ੍ਰਿਪਾ ਕਰਕੇ ਸਵੀਕਾਰ ਕਰ ਲਈਂ। ਜਦੋਂ ਹਜ਼ੂਰ ਬਿਸਰਾਮ ਕਰਨ ਲੱਗੇ ਤਾਂ ਸਾਰੇ ਪਰਿਵਾਰ ਨੂੰ ਲੈ ਕੇ ਸਤਿਗੁਰੂ ਦੇ ਚਰਨਾਂ ਵਿਚ ਬੈਠ ਕੇ ਸਤਿਗੁਰੂ ਦੀ ਸੇਵਾ ਕਰਨ ਲੱਗਾ। ਜਦੋਂ ਉਸ ਨੇ ਗੁਰੂ ਜੀ ਦੇ ਚਰਨਾਂ ਦੀ ਘੁੱਟ ਕੇ ਸੇਵਾ ਕੀਤੀ ਤਾਂ ਸਤਿਗੁਰੂ ਬਚਨ ਬਿਲਾਸ ਕਰਦੇ ਰਹੇ। ਚਰਨਾਂ ਨੂੰ ਛੂਹ ਕੇ ਉਸ ਨੂੰ ਇੰਝ ਪ੍ਰਤੀਤ ਹੋਇਆ, ਜਿਵੇਂ ਬਿਜਲੀ ਦਾ ਕਰੰਟ ਇਸ ਨੂੰ ਕਿਸੇ ਨੇ ਲਗਾ ਦਿੱਤਾ ਹੋਵੇ। ਅੰਦਰ ਖੇੜਾ ਜਿਹਾ ਲੱਗਣ ਲੱਗਾ, ਪਰ ਇੰਨੀ ਸਮਝ ਨਾ ਪਵੇ ਕਿ ਇਹ ਖੇੜਾ ਹੈ ਕੀ। ਸੁਆਦ-ਸੁਆਦ ਜਿਹਾ ਆਉਣ ਲੱਗ ਪਿਆ। ਸਾਰੀ ਰਾਤ ਸੁੱਤਾ ਨਹੀਂ। ਸਾਹਿਬ ਬਿਸਰਾਮ ਕਰਦੇ ਰਹੇ।

ਦਿਨ ਚੜ੍ਹਿਆ ਤਾਂ ਨੇਮ ਪੂਰਾ ਕੀਤਾ। ਅਵਾਜ਼ ਮਾਰੀ ਮਰਦਾਨਿਆ ! ਜਿਸ ਦੇ ਘਰ ਅਸੀਂ ਟਿਕੇ ਹਾਂ, ਇਸ ਨੂੰ ਕਹਿ ਕਿ ਆਪਣੇ ਬੱਚੇ ਲੈ ਕੇ ਘਰ ਤੋਂ ਬਾਹਰ ਨਿਕਲ ਜਾ। ਮਰਦਾਨੇ ਨੇ ਇਸੇ ਤਰ੍ਹਾਂ ਕਿਹਾ ਤਾਂ ਉਸ ਨੇ ਸਤਿ ਬਚਨ ਕਹਿ ਕੇ ਬੱਚਿਆਂ ਸਮੇਤ ਘਰ ਤੋਂ ਬਾਹਰ ਨਿਕਲ ਗਿਆ। ਸਾਹਿਬ ਕਹਿਣ ਲੱਗੇ ਕਿ ਜਿੰਨੇ ਵੀ ਇਸ ਦੇ ਘਰ ਦੇ ਭਾਂਡੇ ਹਨ, ਇਹ ਭਾਂਡੇ ਬਾਹਰ ਸੁੱਟ ਕੇ ਤੋੜ ਦੇ। ਪਰਿਵਾਰ ਬਾਹਰ ਕੱਢਿਆ, ਭਾਂਡੇ ਤੋੜ ਦਿੱਤੇ ਤੇ ਕਹਿਣ ਲੱਗੇ, ਰਾਤ ਦੀ ਅੱਗ ਦੱਬੀ ਪਈ ਹੋਣੀ ਹੈ, ਹੁਣ ਇਸ ਦੇ ਘਰ ਨੂੰ ਅੱਗ ਲਾ ਕੇ ਫੂਕ ਦੇ। ਮਰਦਾਨੇ ਨੇ ਕਿਹਾ, ਦਾਤਾ ! ਇਸ ਨੇ ਤਾਂ ਸੇਵਾ ਕੀਤੀ ਹੈ। ਕਹਿੰਦੇ ਹਨ, ਜੋ ਕਹੀ ਜਾਂਦੇ ਹਾਂ, ਸਤਿ

ਬਚਨ ਕਹਿ ਕੇ ਮੰਨੀ ਜਾ। ਕੱਢ ਕੇ ਸੁਆਹ ਵਿਚੋਂ ਅੰਗਿਆਰੀ ਮਾਰ ਕੇ ਫੂਕ ਲਾ ਦਿੱਤੀ ਉਸ ਦੀ ਕੱਖਾਂ ਦੀ ਕੁੱਲੀ ਨੂੰ ਅੱਗ। ਜਦੋਂ ਅੱਗ ਲੱਗੀ ਤਾਂ ਉਹ ਸੱਜਣ ਖਿੜਖਿੜਾ ਕੇ ਹੱਸਣ ਲੱਗਿਆ। ਹੱਸਣ ਤੋਂ ਬਾਅਦ ਇੱਕੋ ਦੱਮ ਰੋ ਪਿਆ। ਕਹਿਣ ਲੱਗਾ, ਦਾਤਾ ! ਮੈਨੂੰ ਭਾਂਡੇ ਟੁੱਟਣ ਦਾ ਡਰ ਨਹੀਂ, ਪਰਿਵਾਰ ਨੂੰ ਤੁਸੀਂ ਬਾਹਰ ਕੱਢਿਆ, ਇਹ ਭੈ ਨਹੀਂ, ਮੇਰੀ ਕੁੱਲੀ ਨੂੰ ਅੱਗ ਲਾ ਕੇ ਸਾੜ ਦਿੱਤਾ, ਮੈਨੂੰ ਖ਼ੁਸ਼ੀ ਹੈ, ਪਰੰਤੂ ਰੋਣਾ ਇਸ ਕਰਕੇ ਆਇਆ ਹੈ ਕਿ ਜੇ ਮੇਰੇ ਕੋਲੋਂ ਕੋਈ ਭੁੱਲ ਹੋ ਗਈ ਹੈ ਤਾਂ ਕ੍ਰਿਪਾ ਕਰਕੇ ਬਖ਼ਸ਼ ਦੇਵੀਂ। ਜੇ ਅੱਜ ਤੂੰ ਬਖ਼ਸ਼ ਕੇ ਨਾ ਗਿਆ ਤਾਂ ਕਈ ਜਨਮ ਲੱਗ ਸਕਦੇ ਹਨ, ਮੈਨੂੰ ਕਿਸੇ ਨੇ ਬਖ਼ਸ਼ਣਾ ਨਹੀਂ। G

ਸਤਿਗੁਰੂ ਨੇ ਘੁੱਟ ਕੇ ਸੀਨੇ ਨਾਲ ਲਾਇਆ ਅਤੇ ਕਹਿਣ ਲੱਗੇ, ਸਿਦਕ ਵਾਲਿਆ ! ਕੱਲ ਦਾ ਦੇਖਦਾ ਪਿਆ ਸੀ ਕਿ ਜੋ ਕੁਝ ਤੇਰੇ ਘਰ ਸੀ, ਤੂੰ ਸਾਨੂੰ ਦੋਹਾਂ ਨੂੰ ਛਕਾਇਆ ਹੈ। ਤੇਰੇ ਬੱਚੇ ਰਾਤ ਭੁੱਖੇ ਰਹੇ, ਤੂੰ ਬੋਲਿਆ ਕੁਝ ਨਹੀਂ। ਰੱਬ ਨੇ ਇੰਨਾ ਖੁੱਲ੍ਹਾ ਦਿਲ ਤੈਨੂੰ ਦਿੱਤਾ ਹੈ, ਪਰ ਤੇਰਾ ਹੱਥ ਤੰਗ ਹੈ। ਤੇਰੀ ਕੁੱਲੀ ਨੂੰ ਸਾੜ ਕੇ ਮੈਂ ਤੇਰਾ ਹੱਥ ਵੀ ਖੁੱਲ੍ਹਾ ਕਰਕੇ ਚਲਿਆ ਹਾਂ। ਕੋਲੋਂ ਮਾਇਆ ਦੇ ਕੇ ਕਹਿਣ ਲੱਗੇ, ਸਾਈਂ ਬਰਕਤ ਪਾਵੇਗਾ। ਇਕ ਕ੍ਰਿਪਾ ਕਰੀਂ, ਆਉਣ ਵਾਲੇ ਸੱਜਣਾਂ ਨੂੰ ਘਰ ਟਿਕਾਅ ਕੇ ਜਲ ਪਾਣੀ ਦੀ ਸੇਵਾ ਜ਼ਰੂਰ ਕਰਦਾ ਰਹੀਂ। ਇਸ ਤਰ੍ਹਾਂ ਮਨ ਦੀਆਂ ਇੱਛਾਵਾਂ ਪੂਰੇ ਗੁਰੂ ਤੋਂ ਹੀ ਪੂਰੀਆਂ ਹੁੰਦੀਆਂ ਹਨ।

ਗੁਰੂ ਅਰਜਨ ਦੇਵ ਪਾਤਿਸ਼ਾਹ ਕ੍ਰਿਪਾ ਕਰਦੇ ਹਨ :-

ਮਨ ਇਛਾ ਦਾਨ ਕਰਣੰ

ਮਨ ਭਾਉਂਦੀਆਂ ਦਾਤਾਂ ਦੇਣ ਵਾਲਾ ਮੇਰਾ ਕਰਤਾ ਵਾਹਿਗੁਰੂ ਹੈ।

ਸਰਬਤ੍ਰ ਆਸਾ ਪੂਰਨਹ॥

ਤੇਰੀਆਂ ਸਾਰੀਆਂ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ ਮੇਰਾ ਕਰਤਾ ਵਾਹਿਗੁਰੂ ਹੈ। ਸੱਚੇ ਪਾਤਿਸ਼ਾਹ ਕਹਿਣ ਲੱਗੇ ਕਿ ਕੇਵਲ ਇੱਛਾਵਾਂ ਨਹੀਂ :-

ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ॥ ੧॥

(ਅੰਗ ੭੦੬)

ਖੰਡਣੰ ਦਾ ਅਰਥ ਹੈ ਖ਼ਤਮ ਕਰਨਾ। ਜਿੰਨੇ ਵੀ ਦੁੱਖ ਹਨ, ਇਸ ਕਲੇਸ਼ ਨੂੰ ਮੇਰਾ ਮਾਲਕ ਖ਼ਤਮ ਕਰ ਦਿੰਦਾ ਹੈ। ਤੂੰ ਸਾਈਂ ਨੂੰ ਜੱਪ। ਇਸ ਤਰ੍ਹਾਂ ਜੱਪੀਂ ਕਿ ਮੇਰਾ ਸਾਈਂ ਦੂਰ ਨਹੀਂ। ਬਸ, ਇੰਨੀ ਕੁ ਗੱਲ ਸਮਝ ਲੈ ਕਿ ਮੇਰਾ ਸਾਈਂ ਮੇਰੇ ਨਾਲ ਹੈ। ਪਹਿਲੀ ਗੱਲ ਕਿ ਜਦੋਂ ਜੱਪਦਾ ਹਾਂ ਤਾਂ ਮੇਰਾ ਸਾਈਂ ਮੇਰੇ ਜੱਪੇ ਹੋਏ ਨੂੰ ਸੁਣਦਾ ਪਿਆ ਹੈ ਤੇ ਜੋ ਕੁਝ ਕਰਦਾ ਪਿਆ ਹਾਂ, ਮੇਰਾ ਸਾਈਂ ਮੇਰੇ ਨਾਲ ਹੈ।

ਹਭਿ ਰੰਗ ਮਾਣਹਿ ਜਿਸੁ ਸੰਗਿ

ਜਿਹੜੇ ਮੌਜ ਮੇਲੇ ਨੂੰ ਮਾਣਦਾ ਹੈਂ :-

ਤੈ ਸਿਉ ਲਾਈਐ ਨੇਹੁ॥

ਉਸ ਦੇ ਨਾਲ ਤੂੰ ਆਪਣਾ ਪਿਆਰ ਪਾ, ਜਿਸ ਦੀ ਕ੍ਰਿਪਾ ਨਾਲ ਤੂੰ ਸਭ ਕੁਝ ਮਾਣਦਾ ਪਿਆ ਹੈਂ।

ਸੋ ਸਹੁ ਬਿੰਦ ਨ ਵਿਸਰਉ

ਉਸ ਸਾਈਂ ਨੂੰ ਇਕ ਅੱਖ ਝਮਕਣ ਜਿੰਨਾ ਸਮਾਂ ਵੀ ਭੁਲਾਈਂ ਨਾ।

ਨਾਨਕ ਜਿਨਿ ਸੁੰਦਰੁ ਰਚਿਆ ਦੇਹੁ॥ ੨॥

ਜਿਸ ਨੇ ਤੇਰਾ ਸੋਹਣਾ ਸਰੀਰ ਰੱਚ ਦਿੱਤਾ ਹੈ, ਸੁਆਦ ਤਾਂ ਹੈ ਜੇ ਉਸ ਸਾਈਂ ਨੂੰ ਕਦੀ ਭੁਲਾਈਂ ਨਾ।

ਪਉੜੀ॥ ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ॥

ਜੀਉ ਦਾ ਅਰਥ ਹੈ ਜਿੰਦ। ਤਨ ਅਤੇ ਦੌਲਤ ਮੇਰੇ ਮਾਲਕ ਨੇ ਦਿੱਤੀ। ਜਿਹੜੇ ਤੂੰ ਪਦਾਰਥ ਆਪਣੀ ਜੀਭ ਨਾਲ ਚੱਖਦਾ ਹੈਂ, ਇਹ ਮੇਰੇ ਕਰਤਾ ਪੁਰਖ ਵਾਹਿਗੁਰੂ ਨੇ ਬਖ਼ਸ਼ਿਸ਼ ਕਰਕੇ ਦਿੱਤੇ ਹਨ।

ਗ੍ਰਿਹ ਮੰਦਰ ਰਥ

ਘਰ ਦਿੱਤਾ, ਤੈਨੂੰ ਸਫ਼ਰ ਕਰਨ ਲਈ ਸੋਹਣੇ ਹੱਥ ਦਿੱਤੇ।

ਅਸੁ ਦੀਏ ਰਚਿ ਭਲੇ ਸੰਜੋਗ॥

ਕਿੰਨਾ ਵਧੀਆ ਸੰਜੋਗ ਬਣਾਇਆ ਕਿ ਮਨੁੱਖੀ ਸਰੀਰ ਨਾਲ ਤੈਨੂੰ ਇਹ ਸੁੱਖ ਵੀ ਬਖ਼ਸ਼ ਦਿੱਤੇ ਹਨ।

ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ॥

ਅੰਦਰ ਦਾ ਦੁੱਖ ਵੰਡਾਉਣ ਲਈ ਇਸਤਰੀ ਦਿੱਤੀ, ਸੱਜਣ ਦਿੱਤੇ ਤੇ ਤੇਰੀ ਸੇਵਾ ਕਰਨ ਲਈ ਕਈ ਨੌਕਰ ਤੈਨੂੰ ਬਖ਼ਸ਼ ਦਿੱਤੇ।

ਹਰਿ ਸਿਮਰਤ ਤਨੁ ਮਨੁ ਹਰਿਆ

ਜੇ ਤੂੰ ਇੰਨਾ ਕੁਝ ਲੈ ਕੇ ਹਰੀ ਨੂੰ ਚੇਤੇ ਰੱਖੇਂ ਤਾਂ :-

ਲਹਿ ਜਾਹਿ ਵਿਜੋਗ॥

ਜਿਹੜਾ ਤੇਰੇ ਤੇ ਪ੍ਰਭੂ ਦੇ ਦਰਮਿਆਨ ਵਿਛੋੜਾ ਹੈ, ਉਹ ਖ਼ਤਮ ਹੋ ਸਕਦਾ ਹੈ ਪਰ ਜੇ ਤੂੰ ਸਿਮਰੇਂ। ਜੇ ਨਾ ਸਿਮਰੇਂ ਤਾਂ :-

ਸਾਧਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ॥ ੩॥

ਸਾਧ ਸੰਗਤ ਵਿਚ ਬੈਠ ਕੇ ਹਰੀ ਦੇ ਗੁਣ ਗਾਏਂਗਾ ਤਾਂ ਤੇਰੇ ਸਾਰੇ ਰੋਗ ਬਿਨਸ ਜਾਣਗੇ। ਸਾਈਂ ਦੀ ਬਖ਼ਸ਼ਿਸ਼ ਨਾਲ ਇਹ ਬਿਨਸ ਜਾਣਗੇ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਅਕਿਰਤਘਣਾ ਹਰਿ ਵਿਸਰਿਆ

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

ੴ ਸਤਿਗੁਰ ਪ੍ਰਸਾਦਿ॥

ਸਲੋਕ॥ ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥
ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ॥ ੧॥
ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ॥
ਨਾਨਕ ਸਚੀ ਰੀਤਿ ਸਾਈ ਸੇਤੀ ਰਤਿਆ॥ ੨॥
ਪਉੜੀ॥ ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ॥
ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ॥
ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ॥
ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥
ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥ ੪॥

(ਅੰਗ ੭੦੬)

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਅੱਜ ਧੰਨ ਗੁਰੂ ਅਰਜਨ ਦੇਵ ਜੀ ਨੇ ਆਰੰਭ ਵਿਚ ਇਹ ਬਖ਼ਸ਼ਿਸ਼ ਕੀਤੀ ਹੈ ਕਿ :-

ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥

ਸਾਹਿਬ ਕਹਿਣ ਲੱਗੇ ਕਿ ਤੂੰ ਪਰਿਵਾਰ ਦੀ ਖ਼ਾਤਿਰ ਬੜਾ ਯਤਨ ਕਰਦਾ ਹੈਂ ਕਿ ਕਿਸੇ ਢੰਗ ਤਰੀਕੇ ਨਾਲ ਉੱਦਮ ਕਰਕੇ ਮੈਂ ਦੌਲਤ ਇਕੱਠੀ ਕਰ ਲਵਾਂ, ਪਰੰਤੂ ਕਦੀ ਇਹ ਵੀ ਸੋਚਿਐ :-

ਹਰਿ ਭਗਤ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ॥ ੧॥

ਸੱਜਣਾ ! ਜਿਹੜਾ ਹਿਰਦਾ ਵਾਹਿਗੁਰੂ ਜੀ ਦੀ ਭਗਤੀ ਤੋਂ ਹੀਣਾ ਹੈ, ਜਦੋਂ ਅੰਦਰੋਂ ਮੇਰਾ ਸਾਈਂ ਭੁੱਲਿਆ ਤਾਂ ਸੱਚ ਜਾਣੀਂ, ਵਾਹਿਗੁਰੂ ਨੂੰ ਭੁੱਲਣ ਵਾਲਾ ਸਰੀਰ ਤਾਂ ਇੰਝ ਲੱਗਦਾ ਹੈ ਜਿਵੇਂ ਉਹ ਪ੍ਰੇਤ ਬਣਿਆ ਹੋਵੇ। ਜਦੋਂ ਸਾਈਂ ਭੁੱਲ ਜਾਏ, ਉਹ ਤਾਂ ਵਾਕਿਆ ਹੀ ਪ੍ਰੇਤ ਦੀ ਤਰ੍ਹਾਂ ਹੈ। ਕੀ ਖ਼ਾਲੀ ਹਿਰਦਾ ਕਦੀ ਸਾਈਂ ਨੂੰ ਪ੍ਰਵਾਨ ਹੈ ?

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨ ਅਸੀਂ ਪੜ੍ਹਦੇ ਹਾਂ ਤਾਂ ਸਤਿਗੁਰੂ ਨੇ ਆਮ ਉਦਾਹਰਨਾਂ ਸਾਡੇ ਜ਼ਿਮੀਂਦਾਰੇ ਨਾਲ ਸੰਬੰਧਿਤ ਬੜੀਆਂ ਦਿੱਤੀਆਂ ਹਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ। ਹਜ਼ੂਰ ਕਹਿੰਦੇ ਹਨ ਕਿ ਜਦੋਂ ਫ਼ਸਲ ਪੱਕ ਜਾਂਦੀ ਹੈ ਤਾਂ ਚਿੜੀਆਂ ਅਤੇ ਕਾਂ ਪੈਂਦੇ ਹਨ, ਪੰਛੀ ਪੈਂਦੇ ਹਨ ਦਾਣੇ ਨੂੰ ਤਾਂ ਜ਼ਿਮੀਂਦਾਰ ਕੱਪੜੇ ਜਾਂ ਪਰਾਲੀ ਦਾ ਬੁੱਤ ਬਣਾ ਕੇ ਆਪਣੇ ਖੇਤ ਵਿਚ ਰੱਖ ਦਿੰਦੇ ਹਨ। ਜਿੰਨੇ ਵੀ ਪੰਛੀ ਹਨ, ਉਹ ਦੇਖ ਕੇ ਡਰਦੇ ਹਨ। ਸਤਿਗੁਰੂ ਕਹਿੰਦੇ ਹਨ ਕਿ ਐ ਪੰਛੀ ਡਰਨ ਵਾਲਿਓ ! ਅਸਲ ਵਿਚ ਤੁਹਾਨੂੰ ਕੇਵਲ ਇਸ ਬੁੱਤ ਰਾਹੀਂ ਪਾਇਆ ਗਿਆ ਹੈ। ਜਿਹੜਾ ਇਹ ਬੁੱਤ ਖਲੋਤਾ ਹੈ, ਇਸ ਦੇ ਅੰਦਰ ਸੁਆਸ, ਹੱਡੀ, ਮਾਸ ਕੁਝ ਵੀ ਨਹੀਂ। ਸਾਹਿਬ ਕਹਿੰਦੇ ਹਨ, ਜੇ ਤੇਰੇ ਅੰਦਰ ਨਾਮ ਨਹੀਂ ਤਾਂ ਬਸ ਮਨਾਂ ! ਇੰਝ ਜਾਣੀਂ ਕਿ ਤੇਰਾ ਸਰੀਰ ਇਸ ਤਰ੍ਹਾਂ ਹੈ ਦੁਨੀਆਂ ਵਿਚ ਜਿਵੇਂ ਪੱਕੀ ਹੋਈ ਫ਼ਸਲ ਵਿਚ ਕਿਸੇ ਨੇ ਬੁੱਤ ਖੜਾ ਕੀਤਾ ਹੋਵੇ। ਸਾਹਿਬ ਦਾ ਬਚਨ ਪੜ੍ਹਦੇ ਹਾਂ :-

ਜਿਉ ਡਰਨਾ ਖੇਤ ਮਾਹਿ ਡਰਾਇਆ॥

(ਅੰਗ ੧੯੦)

ਜਿਵੇਂ ਡਰਾਉਣ ਲਈ ਡਰਨਾ ਕੋਈ ਬਣਾ ਦਿੰਦਾ ਹੈ। ਸਾਹਿਬ ਨੇ ਆਰੰਭ ਵਿਚ ਕਿਹਾ ਹੈ ਕਿ ਮਨੁੱਖ ਪਰਿਵਾਰ ਦੀ ਖ਼ਾਤਿਰ ਯਤਨ ਬੜੇ ਕਰਦਾ ਹੈ, ਪਰ ਭਗਤੀ ਤੋਂ ਹੀਣਾ ਹਿਰਦਾ ਰੱਬ ਵਿਸਰਦਿਆਂ ਸਾਰ ਪ੍ਰੇਤ ਬਣ ਜਾਂਦਾ ਹੈ।

ਇਕ ਸਾਖੀ ਵਿਚ ਬੜਾ ਪਿਆਰਾ ਸ਼ਬਦ ਲਿਖਿਆ ਹੈ। ਕਹਿੰਦੇ ਹਨ, ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਇਕ ਮਾਈ ਆਈ। ਕਿਸੇ ਨੇ ਉਸ ਨੂੰ ਭੁਲੇਖਾ ਪਾ ਕੇ ਕਹਿ ਦਿੱਤਾ ਕਿ ਤੇਰਾ ਪੁੱਤਰ ਕੋਈ ਕੰਮ ਨਹੀਂ ਕਰਦਾ, ਦਿਨ ਰਾਤ ਕੇਵਲ ਭੈੜੇ ਲੋਕਾਂ ਦੀ ਸੰਗਤ ਵਿਚ ਹੀ ਰਹਿੰਦਾ ਹੈ। ਇੰਝ ਲੱਗਦਾ ਹੈ ਕਿ ਤੇਰੇ ਬੱਚੇ 'ਤੇ ਕਿਸੇ ਓਪਰੀ ਚੀਜ਼ ਦਾ ਅਸਰ ਹੈ। ਜਿਵੇਂ ਕਿਸੇ ਭੂਤ ਪ੍ਰੇਤ ਨੇ ਇਸ ਨੂੰ ਕੀਲਿਆ ਹੋਇਆ ਹੈ। ਉਹ ਮਾਈ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਚਲੀ ਗਈ। ਜਾ ਕੇ ਕਹਿੰਦੀ ਹੈ, ਦਾਤਾ ! ਇੰਝ ਲੱਗਦਾ ਹੈ ਜਿਵੇਂ ਮੇਰੇ ਬੱਚੇ ਨੂੰ ਭੂਤ ਚੰਬੜਿਆ ਹੋਵੇ। ਉਥੇ ਸਾਰੀ ਸੰਗਤ ਬੈਠੀ ਸੀ। ਗੁਰੂ ਜੀ ਨੇ ਮਾਈ ਦੇ ਲੜਕੇ ਨੂੰ ਖੜਾ ਕਰਕੇ ਕਿਹਾ, ਬੇਟਾ ! ਕਦੀ ਜਪੁ ਜੀ ਸਾਹਿਬ ਦਾ ਪਾਠ ਕੀਤਾ ਹੈ ? ਕਹਿਣ ਲੱਗਾ, ਸਾਹਿਬ, ਨਾਮ ਹੀ ਅੱਜ ਸੁਣਿਆ ਹੈ ਤੇ ਪਾਠ ਕੀ ਕਰਨਾ ਸੀ। ਸਾਹਿਬ ਕਹਿਣ ਲੱਗੇ, ਮਾਈ ! ਤੇਰਾ ਪੁੱਤ ਤਾਂ ਖ਼ੁੱਦ ਭੂਤ ਹੈ, ਭੂਤ ਨੂੰ ਭੂਤ ਕਿਥੋਂ ਚਿੰਬੜ ਜਾਣਗੇ ? ਜਿਸ ਦੇ ਹਿਰਦੇ

ਵਿਚ ਹੀ ਬਾਣੀ ਨਹੀਂ, ਨਾਮ ਨਹੀਂ ਤਾਂ ਭੂਤ ਨੂੰ ਭੂਤ ਕਿਥੋਂ ਚਿੰਬੜਦੇ ਹਨ ? ਪਰ ਚੇਤੇ ਰੱਖੀਂ, ਜਿਸ ਦੇ ਹਿਰਦੇ ਵਿਚ ਨਾਮ ਹੋਵੇ :-

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥

ਕਹਿੰਦੇ ਹਨ, ਮਨ ਤਨ ਕਰਕੇ ਸਾਈਂ ਨੂੰ ਅਰਾਧ।

ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ॥ ੧॥

(ਅੰਗ ੮੧੭)

ਤੂੰ ਆਪਣੀ ਰਸਨਾ ਨਾਲ ਨਾਮ ਜੱਪ। ਜਿਹੜੇ ਜਮਦੂਤਾਂ ਤੋਂ ਸਾਰੀ ਦੁਨੀਆਂ ਭੈਅ ਖਾਂਦੀ ਹੈ, ਸੱਚ ਜਾਣੀਂ, ਤੇਰੇ ਕੋਲ ਨਾਮ ਨੂੰ ਦੇਖ ਕੇ ਉਹ ਕੋਹਾਂ ਦੂਰ ਦੌੜਨਗੇ। ਅਗਲਾ ਬਚਨ ਕੀਤਾ :-

ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ॥ ੧॥ ਰਹਾਉ॥

(ਅੰਗ ੮੧੮)

ਕਹਿਣ ਲੱਗੇ, ਤੰਤਰ, ਮੰਤਰ, ਜੰਤਰ ਅਤੇ ਨਜ਼ਰ ਲੱਗਣੀ ਸਭ ਫਜ਼ੂਲ ਹਨ। ਤੂੰ ਕੇਵਲ ਨਾਮ ਨਾਲ ਹੀ ਜੁੜ ਜਾ। ਵਾਕਿਆ ਹੀ ਮੰਤਰ ਵਿਚ ਬੜੀ ਵੱਡੀ ਤਾਕਤ ਹੈ। ਜਦੋਂ ਮੂਲ ਮੰਤਰ ਦਾ ਜਾਪ ਕਰਨ ਦੀ ਗੱਲ ਚੱਲਦੀ ਹੈ ਅਤੇ ਅਸੀਂ ਆਮ ਤੌਰ 'ਤੇ ਸ਼ਬਦ ਦੇ ਅਭਿਆਸ ਦੀ ਗੱਲ ਕਰੀਏ ਤਾਂ ਜਿਹੜੇ ਪੜ੍ਹੇ ਲਿਖੇ ਸੱਜਣ ਹਨ, ਉਹਨਾਂ ਦੇ ਸੋਚਣ ਦਾ ਢੰਗ ਕੁਝ ਹੋਰ ਹੈ। ਕੀ ਵਾਹਿਗੁਰੂ ਗੁਰਮੰਤਰ ਅਸੀਂ ਜਿਹੜਾ ਕਹਿੰਦੇ ਹਾਂ, ਇਹ ਸਾਡੇ ਅੰਦਰ ਅਸਰ ਕਰੇਗਾ ?

ਇਕ ਬੰਦਾ ਤੁਰਿਆ ਜਾ ਰਿਹਾ ਹੈ ਅਤੇ ਅਸੀਂ ਉਸ ਤੋਂ ਕਿੰਨੇ ਕੋਹ ਦੂਰ ਹੋਈਏ। ਸਾਡੇ ਵਿਚ ਦੂਰੀ ਵੀ ਬਹੁਤ ਹੋਵੇ ਅਤੇ ਦੂਰੋਂ ਖਲੋ ਕੇ ਉਸ ਨੂੰ ਸ਼ਬਦ ਫਿੱਕੇ ਬੋਲ ਦੇਈਏ ਤਾਂ ਦੂਰੋਂ ਖਲੋਤਾ ਉਸ ਦੇ ਅੰਦਰ ਖ਼ੂਨ ਦਾ ਦੌਰਾ ਤੇਜ਼ ਹੋ ਜਾਂਦਾ ਹੈ। ਜੇ ਉਸ ਨੂੰ ਪੁੱਛਿਆ ਜਾਏ ਕਿ ਤੂੰ ਇੰਨੀ ਦੂਰ ਖਲੋਤਾ ਹੈਂ, ਤੈਨੂੰ ਉਸ ਨੇ ਕੀ ਕਿਹਾ ਹੈ ਕਿ ਤੂੰ ਇੰਨੀ ਗੱਲ ਸੁਣਦਿਆਂ ਸਾਰ ਗ਼ੁੱਸੇ ਨਾਲ ਭੱਖ ਗਿਆ ਹੈਂ ? ਉਹ ਕਹਿੰਦਾ ਹੈ ਕਿ ਜਿਹੜਾ ਸ਼ਬਦ ਇਸ ਨੇ ਕਿਹਾ ਹੈ, ਉਸ ਨੇ ਮੇਰੇ ਅੰਦਰ ਨੂੰ ਚੀਰ ਕੇ ਰੱਖ ਦਿੱਤਾ ਹੈ। ਜੇਕਰ ਆਮ ਸ਼ਬਦ ਕੰਨਾਂ ਵਿਚ ਪਵੇ ਤਾਂ ਉਸ ਦੀ ਤਸੀਰ ਹੀ ਐਸੀ ਹੈ ਕਿ ਉਹ ਅੰਦਰ ਖ਼ੂਨ ਨੂੰ ਉਬਾਲਾ ਦੇ ਜਾਂਦਾ ਹੈ ਤਾਂ ਜਿਥੇ ਮੇਰੇ ਗੁਰੂ ਨਾਨਕ ਦਾ ਸ਼ਬਦ ਟਿੱਕੇਗਾ, ਸੱਚ ਜਾਣੀਂ, ਉਸ ਦੇ ਅੰਦਰ ਵੀ ਟਿਕਾਅ ਜ਼ਰੂਰ ਆਏਗਾ।

ਹਜ਼ੂਰ ਕਹਿੰਦੇ ਹਨ ਕਿ ਗੁਰੂ ਦਾ ਬਖ਼ਸ਼ਿਆ ਹੋਇਆ ਜਿਥੇ ਗੁਰਮੰਤਰ ਹੈ ਮੂਲਮੰਤਰ ਹੈ, ਜਿਥੇ ਮੇਰੇ ਗੁਰੂ ਦਾ ਸ਼ਬਦ ਹੈ, ਜਿੰਨੇ ਮਰਜ਼ੀ ਜੰਤਰ-ਤੰਤਰ-ਮੰਤਰ ਕਰੀ ਜਾਣ, ਉਹ ਤੇਰੇ ਚਰਨਾਂ ਵਿਚ ਆ ਕੇ ਡਿੱਗਣਗੇ, ਕਿਉਂਕਿ ਗੁਰੂ ਨਾਨਕ ਦੇ ਦਰ ਦੇ ਮੰਤਰ ਉੱਪਰ ਦੁਨੀਆਂ ਦਾ ਕੋਈ ਵੀ ਮੰਤਰ ਅਸਰ ਨਹੀਂ ਕਰ ਸਕਦਾ। ਅਸੀਂ ਇਕ ਸ਼ਬਦ ਪੜ੍ਹਦੇ ਹਾਂ :-

ਪਹਿਲਾ ਬਾਬੇ ਪਾਯਾ ਬਖਸ ਦਰਿ ਪਿਛੋ ਦੇ ਫਿਰਿ ਘਾਲ ਕਮਾਈ।
ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।

ਪਿਆਰਿਆ ! ਜਿਸ ਰਿੱਧੀਆਂ ਸਿੱਧੀਆਂ ਪਿੱਛੇ ਲੋਕ ਭਟਕਦੇ ਹਨ, ਇਹ ਤਾਂ ਬਾਬੇ ਦੇ ਚਰਨਾਂ ਨੂੰ ਚੁੰਮਦੀਆਂ ਪਈਆਂ ਹਨ। ਫਿਰ ਨਾਲ ਲਿਆਂਦਾ ਨਾਮ ਤੇ ਇਕੱਲਾ ਨਾਮ ਹੀ ਨਹੀਂ। ਨਾਮ ਤਾਂ ਸਾਰੀ ਦੁਨੀਆਂ ਅੱਗੇ ਜੱਪਦੀ ਸੀ ਤੇ ਨਾਲ ਲੈ ਕੇ ਆਏ ਗ਼ਰੀਬੀ, ਕਿਉਂਕਿ ਨਾਮ ਇਕ ਬੜੀ ਕੀਮਤੀ ਵਸਤੂ ਹੈ ਤੇ ਨਿਮਰਤਾ ਦੇ ਭਾਂਡੇ ਤੋਂ ਬਿਨਾਂ ਨਾਮ ਅੰਦਰ ਟਿੱਕ ਨਹੀਂ ਸਕਦਾ। ਨਾਮ ਕਮਾਇਆ ਹੋਇਆ ਹੈ। ਸਤਿਗੁਰੂ ਨੇ ਜਿਹੜਾ ਸਾਨੂੰ ਸ਼ਬਦ ਦਿੱਤਾ ਹੈ, ਇਹ ਹਰ ਇਕ ਉੱਤੇ ਅਸਰ ਕਰੇਗਾ।

ਕਈ ਵਾਰੀ ਅਸੀਂ ਦੇਖਦੇ ਸਾਂ ਕਿ ਖੂਹ ਵਿਚ ਪਿੱਪਲ ਪੈਦਾ ਹੋ ਗਿਆ ਹੈ। ਕਈ ਵਾਰੀ ਦੇਖਣਾ ਕਿ ਪੁਰਾਣੀਆਂ ਇਮਾਰਤਾਂ ਦੇ ਉੱਪਰ ਬੋਹੜ ਦਾ ਦਰਖ਼ਤ ਨਿਕਲ ਰਿਹਾ ਹੈ। ਕਈ ਵਾਰੀ ਦੇਖਣਾ ਕਿ ਕਿੱਕਰ ਦੇ ਨਾਲ ਹੀ ਉਸ ਦੇ ਉੱਪਰ ਬੋਹੜ ਪੁੰਗਰਦਾ ਪਿਆ ਹੈ। ਹੁਣ ਮਨ ਦੇ ਅੰਦਰ ਸੋਚਣਾ ਕਿ ਖੂਹ ਤਾਂ 200 ਸਾਲ ਪੁਰਾਣਾ ਹੈ ਤੇ ਬੀਜ ਤਾਂ ਉਸ ਦਿਨ ਦਾ ਪਿਆ ਹੁੰਦਾ ਹੈ ਪਰ ਅੱਜ ਕਿਉਂ ਪੁੰਗਰਿਆ ਹੈ ? ਪੁੰਗਰਣਾ ਤਾਂ ਪਹਿਲਾਂ ਚਾਹੀਦਾ ਸੀ।

ਇਕ ਵਾਰੀ ਕਿਸੇ ਅਭਿਆਸੀ ਨੇ ਗੱਲ ਸਮਝਾਈ। ਕਹਿਣ ਲੱਗਾ ਕਿ ਅਸਲ ਵਿਚ ਜਿਹੜਾ ਪਿੱਪਲ ਤੇ ਬੋਹੜ ਦਾ ਰੁੱਖ ਹੈ, ਇਹਨਾਂ ਦਾ ਬੀਜ ਬਿਲਕੁਲ ਬਾਰੀਕ ਹੁੰਦਾ ਹੈ। ਇਹ ਸਾਰੇ ਬੀਜ ਕਦੀ ਨਹੀਂ ਜੰਮਦੇ। ਕਹਿਣ ਲੱਗੇ, ਬੋਹੜ ਤੇ ਪਿੱਪਲ ਦੇ ਬੀਜ ਨੂੰ ਪੰਛੀ ਖਾਂਦਾ ਹੈ। ਖਾ ਕੇ ਆਪਣੇ ਅੰਦਰ ਦੀ ਗਰਮਾਇਸ਼ ਨਾਲ ਉਸ ਬੀਜ ਨੂੰ ਕਮਾਉਂਦਾ ਹੈ ਤੇ ਪਰਤ ਕੇ ਜਿਥੇ ਵੀ ਉਹ ਬੀਜ ਸੁੱਟਦਾ ਹੈ, ਭਾਵੇਂ ਉਹ ਪੱਥਰ ਉੱਤੇ ਵੀ ਸੁੱਟੇ ਤਾਂ ਉਹ ਉਥੇ ਵੀ ਜੰਮ ਪੈਂਦਾ ਹੈ। ਜੋ ਮੇਰੇ ਦਾਤੇ ਨੇ ਬਖ਼ਸ਼ਿਸ਼ ਕੀਤੀ ਹੈ, ਇਹ ਨਾਮ ਕਮਾਇਆ ਹੋਇਆ ਹੈ। ਜੇ ਪੱਥਰ ਹਿਰਦਿਆਂ 'ਤੇ ਵੀ ਪਿਆ ਹੈ ਤਾਂ ਨਾਮ ਦਾ ਰੁੱਖ ਉਥੇ ਵੀ ਪੁੰਗਰ ਪਿਆ ਹੈ। ਜੇ ਕਿਤੇ ਬੰਜਰ ਧਰਤੀ ਸੀ ਤਾਂ ਨਾਮ ਦਾ ਰੁੱਖ ਉਥੇ ਵੀ ਪੁੰਗਰਿਆ ਹੈ। ਜੇਕਰ ਨਾਮ ਵੀ ਜੱਪਿਆ ਤਾਂ ਪ੍ਰੇਮਾ-ਭਗਤੀ ਨਾਲ। ਪ੍ਰੇਮ ਇਕ ਪ੍ਰਮਾਤਮਾ ਦੀ ਬਖ਼ਸ਼ੀ ਹੋਈ ਉਹ ਸ਼ਕਤੀ ਹੈ ਜਿਹੜੀ ਹਰ ਇਕ ਜੀਵ ਅੰਦਰ ਪ੍ਰਮਾਤਮਾ ਨੇ ਟਿਕਾਈ ਹੋਈ ਹੈ।

ਪ੍ਰੇਮ ਹੈ ਕੀ ? ਅਸੀਂ ਆਮ ਤੌਰ 'ਤੇ ਇਹ ਵੀ ਸ਼ਬਦ ਵਰਤਦੇ ਹਾਂ ਕਿ ਪਿਆਰ ਹੀ ਪ੍ਰਮਾਤਮਾ ਹੈ। ਕੋਈ ਇਨਸਾਨ ਅਜਿਹਾ ਨਹੀਂ ਜਿਸ ਦੇ ਅੰਦਰ ਪ੍ਰਮਾਤਮਾ ਨੇ ਪ੍ਰੇਮ ਵਾਲੀ ਤਾਕਤ ਨਹੀਂ ਟਿਕਾਈ। ਕੇਵਲ ਮਨੁੱਖ ਹੀ ਨਹੀਂ, ਹਰ ਜੀਵ ਦੇ ਅੰਦਰ ਪ੍ਰਮਾਤਮਾ ਨੇ ਇਹ ਊਰਜਾ ਟਿਕਾਅ ਦਿੱਤੀ ਹੈ। ਕੇਵਲ ਜੀਵ ਹੀ ਨਹੀਂ, ਇਥੋਂ ਤੱਕ ਕਿ ਜ਼ਮੀਨ ਦੇ ਅੰਦਰ ਪੈਦਾ

ਹੋਈ ਫ਼ਸਲ, ਜ਼ਮੀਨ ਦੇ ਵਿਚ ਪੈਦਾ ਹੋਏ ਪੌਦੇ, ਜ਼ਮੀਨ ਦੇ ਉੱਤੇ ਪੈਦਾ ਹੋਏ ਰੁੱਖ ਪ੍ਰਮਾਤਮਾ ਨੇ ਉਹਨਾਂ ਦੇ ਅੰਦਰ ਵੀ ਇਸ ਸ਼ਕਤੀ ਨੂੰ ਟਿਕਾਅ ਦਿੱਤਾ ਹੈ। ਪ੍ਰੇਮ ਇਕ ਅੰਦਰ ਦੀ ਖਿੱਚ ਹੈ। ਪ੍ਰੇਮ ਇਕ ਪ੍ਰਮਾਤਮਾ ਦੀ ਦਿੱਤੀ ਹੋਈ ਉਹ ਦਾਤ ਹੈ ਜਿਹੜੀ ਵੱਖ-ਵੱਖ ਜੀਵਾਂ ਵਿਚ ਪ੍ਰਮਾਤਮਾ ਨੇ ਵੱਖ-ਵੱਖ ਤਰੀਕਿਆਂ ਨਾਲ ਟਿਕਾਅ ਦਿੱਤੀ ਹੈ। ਹਜ਼ੂਰ ਨੇ ਬਾਣੀ ਵਿਚ ਵੀ ਬਚਨ ਕੀਤਾ ਹੈ :-

ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ॥

(ਅੰਗ ੧੨੭੩)

ਹੁਣ ਕਮਲ ਦਾ ਫੁੱਲ ਸਰੋਵਰ ਵਿਚ ਹੈ ਤੇ ਸੂਰਜ ਆਸਮਾਨ ਵਿਚ ਹੈ। ਦੋਨਾਂ ਦਾ ਕਰੋੜਾਂ ਕੋਹ ਦਾ ਫ਼ਾਸਲਾ ਹੈ। ਇਹਨਾਂ ਕਰੋੜਾਂ ਮੀਲਾਂ ਦੀ ਦੂਰੀ ਹੋਣ ਦੇ ਬਾਵਜੂਦ ਕਮਲ ਵਿਚ ਪ੍ਰਮਾਤਮਾ ਨੇ ਇਕ ਇਹੋ ਜਿਹੀ ਊਰਜਾ ਟਿਕਾਅ ਦਿੱਤੀ ਹੈ ਜਿਹੜੀ ਸੂਰਜ ਨੂੰ ਆਪਣੇ ਤੋਂ ਕਰੋੜਾਂ ਕੋਹਾਂ ਦੀ ਦੂਰੀ ਹੋਣ ਦੇ ਬਾਵਜੂਦ ਉਸ ਦੀਆਂ ਕਿਰਨਾਂ ਨੂੰ ਦੇਖ ਕੇ ਪੂਰਨ ਤੌਰ 'ਤੇ ਖਿੜਾਉ ਵਿਚ ਆ ਜਾਂਦਾ ਹੈ। ਉਹ ਕਿਹੜੀ ਤਾਕਤ ਹੈ ਜਿਹੜੀ ਇਸ ਕਮਲ ਦੇ ਫੁੱਲ ਨੂੰ ਚਿੱਕੜ ਵਿਚ ਖਿੜੇ ਹੋਏ ਨੂੰ ਪੂਰਨ ਤੌਰ 'ਤੇ ਖਿੜਾਉ ਦਿੰਦੀ ਹੈ।

ਭਾਈ ਗੁਰਦਾਸ ਜੀ ਨੇ ਬਹੁਤ ਸਾਰੀਆਂ ਉਦਾਹਰਨਾਂ ਦਿੱਤੀਆਂ ਹਨ ਕਿ ਗੁਰੂ ਦੀ, ਪ੍ਰਮਾਤਮਾ ਦੀ ਪ੍ਰੇਮਾ ਭਗਤੀ ਕਿਹੋ ਜਿਹੀ ਹੈ। ਹਰ ਇਕ ਦੇ ਅੰਦਰ ਪ੍ਰਮਾਤਮਾ ਨੇ ਇਹ ਤਾਕਤ ਟਿਕਾਅ ਦਿੱਤੀ ਹੈ। ਜੇ ਇਨਸਾਨ ਦੇ ਸਰੀਰ ਅੰਦਰ, ਤਨ ਅੰਦਰ ਪ੍ਰਮਾਤਮਾ ਲਈ ਪਿਆਰ ਨਹੀਂ ਤਾਂ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਪ੍ਰੀਤ ਤੋਂ ਬਿਨਾਂ ਜਿਹੜੇ ਮਨੁੱਖਾਂ ਦੇ ਤਨ ਹਨ, ਮਾਨੋ ਉਹ ਤਾਂ ਇਸ ਤਰ੍ਹਾਂ ਹਨ ਜਿਵੇਂ ਸ਼ਮਸ਼ਾਨ ਭੂਮੀ ਵਿਚ ਮੁਰਦੇ ਸੜ ਕੇ ਮਿੱਟੀ ਦਾ ਢੇਰ ਹੋ ਜਾਣ। ਉਹ ਤਾਂ ਇਸ ਤਰ੍ਹਾਂ ਹਨ ਜਿਵੇਂ ਮਾਨੋ ਮਰਿਆ ਹੋਇਆ ਮਿੱਟੀ ਦਾ ਸਰੀਰ ਪਿਆ ਹੈ। ਮਰੇ ਹੋਏ ਸਰੀਰ ਵਿਚ ਕੋਈ ਹਰਕਤ ਨਹੀਂ ਤੇ ਜਿਸ ਮਨੁੱਖ ਦੇ ਅੰਦਰ ਪ੍ਰਮਾਤਮਾ ਦਾ ਪਿਆਰ ਨਹੀਂ, ਸੱਚ ਜਾਣਿਉ, ਉਹ ਖਾਏ ਵੀ, ਪੀਏ ਵੀ ਪਰ ਗੁਰੂ ਦੀ ਨਜ਼ਰ ਵਿਚ ਉਹ ਇਕ ਜ਼ਿੰਦਾ ਲਾਸ਼ ਹੀ ਹੈ।

ਜਵਾਨੀ ਵੀ ਆਪਣੇ ਆਪ ਵਿਚ ਪ੍ਰਮਾਤਮਾ ਦੀ ਇਕ ਬੜੀ ਵੱਡੀ ਦਾਤ ਹੈ। ਜੇ ਕਿਸੇ ਬੰਦੇ ਕੋਲ ਜੋਬਨ ਵੀ ਹੈ, ਪਰ ਜੋਬਨ ਹੋਣ ਦੇ ਬਾਵਜੂਦ ਉਸ ਦੇ ਅੰਦਰ ਪ੍ਰਮਾਤਮਾ ਦੀ ਪ੍ਰੀਤ ਨਹੀਂ ਤਾਂ ਮੇਰੇ ਧੰਨ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਸਾਹਿਬ ਕਹਿੰਦੇ ਹਨ ਕਿ ਪ੍ਰੀਤ ਤੋਂ ਬਿਨਾਂ ਮਨੁੱਖ ਦਾ ਤਨ ਸ਼ਮਸ਼ਾਨ ਭੂਮੀ ਹੈ। ਪ੍ਰੀਤ ਤੋਂ ਬਿਨਾਂ ਜੇਕਰ ਜਵਾਨੀ ਸੜ ਕੇ ਰਾਖ ਹੋ ਜਾਏ। ਐਸੀ ਜਵਾਨੀ ਦਾ ਕੀ ਕਰਨਾ ਹੈ।

ਬਾਬਾ ਨਾਨਕ ਜੀ ਨੇ ਪ੍ਰੇਮਾ ਭਗਤੀ ਕੀਤੀ। ਬਾਬਾ ਫ਼ਰੀਦ ਜੀ ਅਜੇ ਬਚਪਨਾ ਹੈ ਤੇ ਕੁਰਾਨ ਉਹਨਾਂ ਨੂੰ ਕੰਠ ਹੋ ਗਈ ਹੈ। ਅਜੇ ਬਚਪਨਾ ਹੈ ਤੇ ਕਿੰਨਾ-ਕਿੰਨਾ ਸਮਾਂ ਰੱਬ ਦੀ ਇਬਾਦਤ ਵਿਚ ਜੁੜੇ ਰਹਿੰਦੇ ਹਨ। ਆਖ਼ਿਰ ਉਹ ਕਿਹੋ ਜਿਹੀ ਪਰਮ ਅਵਸਥਾ ਮਿਲੀ ਕਿ

ਜਿਸ ਦਿਨ ਜ਼ਮੀਨ ਉੱਪਰ ਪਈ ਹੋਈ ਖ਼ਾਕ ਆਪਣੇ ਮੂੰਹ ਦੇ ਵਿਚ ਪਾਈ ਤਾਂ ਉਸ ਮਿੱਟੀ ਵਿਚੋਂ ਸ਼ੱਕਰ ਵਰਗਾ ਸੁਆਦ ਆ ਗਿਆ। ਆਪ ਮਿਠਾਸ ਦੇ ਭੰਡਾਰੇ ਬਣ ਚੁੱਕੇ ਸਨ। ਅਸੀਂ ਕਹਾਂਗੇ ਕਿ ਮਿੱਟੀ ਮਿੱਠੀ ਹੋ ਗਈ ਹੈ, ਪਰੰਤੂ ਜ਼ਮੀਨ ਉੱਪਰ ਮਿੱਟੀ ਮਿੱਠੀ ਨਹੀਂ ਹੋਈ, ਅਸਲ ਵਿਚ ਬਾਬਾ ਜੀ ਦੀ ਰਸਨਾ ਦੀ ਮਿਠਾਸ ਕਰਕੇ ਮਿੱਟੀ ਵੀ ਮਿੱਠੀ ਹੋ ਗਈ। ਉਹ ਆਪ ਵੀ ਸ਼ੱਕਰ ਦੇ ਖ਼ਜ਼ਾਨੇ ਹਨ।

ਬਾਬਾ ਫ਼ਰੀਦ ਨੇ ਕਿਹਾ ਕਿ ਜਵਾਨੀ ਪਿਆਰ, ਪ੍ਰੇਮ, ਨਾਮ ਤੋਂ ਬਿਨਾਂ ਚਲੀ ਜਾਏ ਤਾਂ ਇਹ ਅੰਦਰ ਨੂੰ ਦੁੱਖ ਭਾਸਦਾ ਹੈ। ਕੇਵਲ ਜੋਬਨ ਨਹੀਂ, ਆਪਣੇ ਅੰਤਲੇ ਸਮੇਂ ਵੀ ਉਹ ਮਹਾਂਪੁਰਸ਼ ਰੱਬ ਦੀ ਇਬਾਦਤ ਵਿਚ ਜੁੜਿਆ ਹੈ। ਜਦੋਂ ਨਮਾਜ਼ ਅਦਾ ਕਰਦੇ ਹਨ ਤਾਂ ਅਚਨਚੇਤ ਗਸ਼ੀ ਪਈ ਅਤੇ ਆਪ ਬੇਹੋਸ਼ ਹੋ ਕੇ ਜ਼ਮੀਨ ਦੇ ਉੱਪਰ ਡਿੱਗ ਪਏ। ਸਜਦਾ ਪੂਰੀ ਤਰ੍ਹਾਂ ਕਰ ਨਾ ਸਕੇ। ਮੁਰੀਦਾਂ ਨੇ ਬਾਬਾ ਜੀ ਨੂੰ ਪੂਰੀ ਤਰ੍ਹਾਂ ਸੰਭਾਲਿਆ। ਸੰਭਾਲਣ ਤੋਂ ਬਾਅਦ ਜਦੋਂ ਉਹਨਾਂ ਨੇ ਬਾਬਾ ਜੀ ਦੀਆਂ ਪੈਰਾਂ ਦੀਆਂ ਤਲੀਆਂ ਝੱਸੀਆਂ ਤਾਂ ਉੱਠ ਕੇ ਬੈਠ ਗਏ। ਪਹਿਲਾ ਪ੍ਰਸ਼ਨ ਸੀ ਉਸ ਮਹਾਂਪੁਰਸ਼ ਦਾ ਕਿ ਪ੍ਰੀਤ ਕਿਹੋ ਜਿਹੀ ਹੈ ?

ਕਮਲ ਦਾ ਫੁੱਲ ਪਾਣੀ ਵਿਚ ਖਿੜਿਆ ਹੈ। ਪਾਣੀ ਵਿਚ ਨਿੱਕੀਆਂ-ਨਿੱਕੀਆਂ ਤਰੰਗਾਂ ਪੈਦਾ ਹੋਈਆਂ। ਜਦੋਂ ਪਾਣੀ ਦੀ ਲਹਿਰ ਹਵਾ ਨਾਲ ਤੇਜ਼ ਹੋਈ ਤਾਂ ਕਮਲ ਦੇ ਨਿੱਕੇ ਜਿਹੇ ਬੂਟੇ ਦੇ ਤਣੇ ਨੂੰ ਵੱਜੀ। ਕਮਲ ਦੀ ਡਾਲੀ ਨੂੰ ਵੱਜਣ ਦੀ ਦੇਰ ਸੀ ਕਿ ਪਾਣੀ ਦੀ ਲਹਿਰ ਤੇ ਕਮਲ ਜੜ੍ਹ ਤੋਂ ਲੈ ਕੇ ਫੁੱਲ ਤੱਕ ਪੂਰਨ ਤੌਰ 'ਤੇ ਕੰਬ ਗਿਆ। ਇਕੋ ਦੱਮ ਉਸ ਲਹਿਰ ਨੇ ਕਮਲ ਨੂੰ ਪਛਾਣਿਆ। ਕਦੀ ਉਸ ਨੂੰ ਲਹਿਰ ਧੱਕਾ ਮਾਰ ਕੇ ਖੱਬੇ ਕਰਦੀ, ਕਦੀ ਸੱਜੇ ਕਰਦੀ। ਉਸ ਨੂੰ ਸਾਰਾ ਦਿਨ ਲਹਿਰ ਆਪਣੇ ਠੋਕਰਾਂ ਨਾਲ ਸੱਜੇ ਖੱਬੇ ਧੱਕਦੀ ਰਹੀ। ਬਾਬਾ ਜੀ ਨੇ ਉਥੇ ਕਿਹਾ, ਮਨਾ ! ਜੇ ਪ੍ਰੇਮਾ ਭਗਤੀ ਕਰਨੀ ਹੈ ਤਾਂ ਇਸ ਫੁੱਲ ਤੋਂ ਕੁਝ ਸਿੱਖ ਕਿ ਰੱਬ ਨੂੰ ਪ੍ਰੀਤ ਕਿਵੇਂ ਕਰੀਦੀ ਹੈ।

ਪਿਆਰ ਗਿਲੇ ਸ਼ਿਕਵੇ ਨਹੀਂ ਕਰਦਾ ਹੁੰਦਾ। ਪਿਆਰ ਕਦੀ ਉਲਾਹਮੇ ਨਹੀਂ ਦਿੰਦਾ ਹੁੰਦਾ। ਜਿਹੜਾ ਬੰਦਾ ਮਿੱਤਰਤਾ ਕਰਦਿਆਂ ਹੋਇਆਂ ਵੀ ਉਲਾਹਮੇ, ਗਿਲੇ ਸ਼ਿਕਵੇ ਕਰਦਾ ਹੈ, ਉਹ ਕਦੀ ਪ੍ਰੇਮੀ ਨਹੀਂ ਹੋ ਸਕਦਾ। ਕਹਿਣ ਲੱਗੇ, ਇਸ ਕਮਲ ਦੇ ਫੁੱਲ ਨੂੰ ਪੁੱਛ ਕਿ ਪ੍ਰੇਮਾ ਭਗਤੀ ਕੀ ਹੈ ? ਹਜ਼ੂਰ ਨੇ ਕਮਲ ਦੇ ਫੁੱਲ ਨੂੰ ਪੁੱਛਿਆ ਤੇ ਬਾਣੀ ਵਿਚ ਇਹ ਗੱਲਾਂ ਦਰਜ ਕਰ ਦਿੱਤੀਆਂ। ਹੇ ਕਮਲ ਦੇ ਫੁੱਲ ! ਤੈਨੂੰ ਰੱਬ ਨੇ ਸਭ ਤੋਂ ਪਹਿਲਾ ਗੁਣ ਇਹ ਦਿੱਤਾ ਹੈ ਕਿ ਤੂੰ ਚਿੱਕੜ ਵਿਚ ਰਹਿ ਕੇ ਵੀ ਨਿਰਲੇਪ ਹੈਂ। ਦੂਜਾ ਗੁਣ ਤੈਨੂੰ ਪ੍ਰਮਾਤਮਾ ਨੇ ਦਿੱਤਾ ਹੈ ਕਿ ਤੇਰੇ ਕੋਲ ਕੋਮਲਤਾ ਹੈ। ਤੀਜਾ ਗੁਣ ਦਿੱਤਾ ਹੈ ਕਿ ਤੇਰੇ ਕੋਲ ਸੁਗੰਧੀ ਹੈ। ਚੌਥਾ ਗੁਣ ਤੈਨੂੰ ਇਹ ਦਿੱਤਾ ਹੈ ਕਿ ਤੇਰੇ ਵਿਚ ਖਿੱਚ ਹੈ। ਜਿਸ ਦੇ ਕੋਲ ਇਹ ਸਭ ਕੁਝ ਹੋਵੇ ਤਾਂ ਕੀ ਲੋੜ ਹੈ ਇਸ ਮੈਲੇ ਜਿਹੇ ਪਾਣੀ ਦੀਆਂ ਠੋਕਰਾਂ ਖਾਣ ਦੀ ? ਛੱਡ ਪਰੇ ਇਸ ਪਾਣੀ ਨੂੰ। ਹਜ਼ੂਰ ਕਹਿੰਦੇ ਹਨ ਕਿ ਉਸ ਕਮਲ ਦੇ ਫੁੱਲ ਦਾ ਉੱਤਰ ਸੀ ਕਿ ਅਸਲ ਵਿਚ ਇਸ ਪਾਣੀ ਦੀ

ਬਦੌਲਤ ਹੀ ਮੇਰੀ ਹੋਂਦ ਹੈ। ਜਿਸ ਦਿਨ ਮੈਂ ਪਾਣੀ ਨੂੰ ਛੱਡ ਦਿੱਤਾ, ਉਸ ਦਿਨ ਜਿਹੜੇ ਗੁਣ ਤੁਸੀਂ ਮੇਰੇ ਗਿਣਾਏ ਹਨ, ਇਹਨਾਂ ਵਿਚੋਂ ਇਕ ਵੀ ਗੁਣ ਨਹੀਂ ਰਹਿਣਾ। ਪਾਣੀ ਨੂੰ ਛੱਡਣ ਦੀ ਦੇਰ ਹੈ ਕਿ ਮੇਰਾ ਆਪਾ ਹੀ ਖ਼ਤਮ ਹੋ ਜਾਣਾ ਹੈ। ਕਮਲ ਦਾ ਫੁੱਲ ਕਹਿਣ ਲੱਗਾ ਕਿ ਨਾ ਸੂਰਜ ਦਾ ਪਿਆਰ, ਨਾ ਇਸ ਤੋਂ ਨਿਰਲੇਪਤਾ, ਨਾ ਸੁਗੰਧੀ, ਨਾ ਰੂਪ ਤੇ ਨਾ ਭਵਰੇ। ਤਾਂ ਕੀ ਹੋਇਆ ਜੇ ਪਾਣੀ ਠੋਕਰਾਂ ਮਾਰਦਾ ਹੈ। ਆਖ਼ਿਰ ਜਿਹੜੇ ਤੁਸੀਂ ਗੁਣ ਦੱਸੇ ਹਨ, ਇਹ ਗੁਣ ਵੀ ਤਾਂ ਮੈਨੂੰ ਪਾਣੀ ਨੇ ਹੀ ਕ੍ਰਿਪਾ ਕਰਕੇ ਬਖ਼ਸ਼ੇ ਹਨ। ਜਿਸ ਨੇ ਗੁਣ ਦਿੱਤੇ ਹਨ, ਉਸ ਦੀ ਠੋਕਰ ਵੀ ਸਹਾਰਾਂਗਾ।

ਹਜ਼ੂਰ ਕਹਿੰਦੇ ਹਨ ਕਿ ਐ ਮਨੁੱਖ ! ਪ੍ਰੇਮਾ ਭਗਤੀ ਦਾ ਅਰਥ ਹੈ ਕਮਲ ਦੀ ਤਰ੍ਹਾਂ ਤੂੰ ਪਿਆਰ ਕਰ। ਕਿਵੇਂ ? ਪ੍ਰਮਾਤਮਾ ਨੇ ਤੈਨੂੰ ਸੁੰਦਰ ਦੇਹ ਦਿੱਤੀ ਹੈ। ਪ੍ਰਮਾਤਮਾ ਨੇ ਤੈਨੂੰ ਗੁਣਾਂ ਦੀ ਸੁਗੰਧੀ ਦਿੱਤੀ ਹੈ। ਪ੍ਰਮਾਤਮਾ ਨੇ ਤੈਨੂੰ ਸੁਰਤ ਦਿੱਤੀ ਹੈ ਸੰਸਾਰ ਵਿਚ ਨਿਰਲੇਪ ਰਹਿਣ ਦੀ। ਪ੍ਰਮਾਤਮਾ ਨੇ ਤੈਨੂੰ ਤਾਕਤ ਦਿੱਤੀ ਹੈ ਕਿ ਕਰੋੜਾਂ ਜਨਮਾਂ ਦੀ ਦੂਰੀ ਹੋਣ ਦੇ ਬਾਵਜੂਦ ਤੂੰ ਸੁਰਤ ਕਰਕੇ ਉਸ ਦੇ ਚਰਨਾਂ ਨੂੰ ਫੜ ਕੇ ਖੇੜਾ ਪ੍ਰਾਪਤ ਕਰ ਸਕਦਾ ਹੈਂ। ਜਿਸ ਪ੍ਰਮਾਤਮਾ ਨੇ ਕਮਲ ਦੀ ਤਰ੍ਹਾਂ ਤੇਰੇ ਉੱਪਰ ਮਿਹਰ ਕੀਤੀ ਹੈ ਜੇਕਰ ਥੋੜਾ ਜਿਹਾ ਦੁਨਿਆਵੀ ਝਟਕਾ ਲੱਗੇ ਤੇ ਪ੍ਰਮਾਤਮਾ ਵੱਲੋਂ ਮੂੰਹ ਮੋੜ ਕੇ ਚਲਾ ਜਾਏ ਤਾਂ ਸੱਚ ਜਾਣੀਂ, ਇਹ ਕਦੀ ਵੀ ਸੱਚੇ ਪ੍ਰੇਮੀ ਦੀ ਨਿਸ਼ਾਨੀਂ ਨਹੀਂ ਹੁੰਦੀ। ਪ੍ਰੇਮੀ ਤਾਂ ਉਹ ਹਨ ਜਿਹੜੇ ਠੋਕਰ ਖਾ ਕੇ ਵੀ ਆਪਣੇ ਪਿਆਰੇ ਦਾ ਲੜ ਕਦੀ ਨਾ ਛੱਡਣ।

ਬਾਬੇ ਨਾਨਕ ਨੇ ਅਜਿਹੀ ਪ੍ਰੇਮਾ ਭਗਤੀ ਕੀਤੀ। ਸਾਹਿਬ ਕ੍ਰਿਪਾ ਕਰਦੇ ਹਨ ਕਿ ਜਦੋਂ ਭਗਤੀ ਤੋਂ ਹਿਰਦਾ ਹੀਣਾ ਹੋ ਗਿਆ ਤਾਂ ਪ੍ਰੇਤ ਕਿਸੇ ਹੋਰ ਨੂੰ ਨਾ ਕਹੀਂ, ਉਸ ਦਾ ਆਪਣਾ ਤਨ ਹੀ ਪ੍ਰੇਤ ਬਣ ਜਾਂਦਾ ਹੈ। ਸਾਹਿਬ ਕਹਿੰਦੇ ਹਨ, ਦੇਖ, ਉਹ ਕਿਹੜਾ ਜ਼ਿਮੀਂਦਾਰ ਹੈ ਜਿਹੜਾ ਫ਼ਸਲ ਪੱਕੀ ਹੋਵੇ ਤੇ ਕਹਿੰਦਾ ਹੋਵੇ ਕਿ ਮੇਰੀ ਫ਼ਸਲ ਨੂੰ ਖੇਤ ਵਿਚ ਰੁਲਣ ਦਿਉ, ਮੈਨੂੰ ਲੋੜ ਨਹੀਂ। ਪੁੱਤਰਾਂ ਦੀ ਤਰ੍ਹਾਂ ਜ਼ਿਮੀਂਦਾਰ ਫ਼ਸਲ ਪਾਲਦਾ ਹੈ, ਪਰ ਜਦੋਂ ਤਿਲਾਂ ਦੀ ਫ਼ਸਲ ਪਾਲਦਾ ਹੈ, ਪਾਣੀ ਲਾਉਂਦਾ ਹੈ, ਖਾਦ ਪਾਉਂਦਾ ਹੈ, ਰਾਖੀ ਕਰਦਾ ਹੈ ਤਾਂ ਸਉਣ ਦੇ ਮਹੀਨੇ ਵਿਚ ਬੱਦਲ ਚਮਕਦੇ ਹਨ ਤੇ ਉਹਨਾਂ ਦੀ ਚਮਕ ਨਾਲ ਤਿਲਾਂ ਦੀਆਂ ਫਲੀਆਂ ਦਾ ਰੱਸ ਸੁੱਕ ਜਾਂਦਾ ਹੈ। ਜਿਸ ਦਿਨ ਜ਼ਿਮੀਂਦਾਰ ਨੇ ਦੇਖਿਆ ਕਿ ਇਹ ਤਾਂ ਬੂਟੇ ਸੜ ਗਏ ਹਨ। ਇਹਨਾਂ ਵਿਚ ਤਾਂ ਬੀਜ ਹੀ ਨਹੀਂ ਹੈ। ਉਹ ਫਿਰ ਇਕ ਗੱਲ ਕਹਿੰਦਾ ਹੈ ਵੱਢਣ ਵਾਲਿਆਂ ਨੂੰ ਕਿ ਮੈਂ ਬੜੀ ਮਿਹਨਤ ਕਰਕੇ ਇਸ ਫ਼ਸਲ ਨੂੰ ਪਾਲਿਆ ਹੈ, ਪਰ ਅੱਜ ਕੁਝ ਰੁੱਖ ਅਜਿਹੇ ਹਨ, ਜਿਨ੍ਹਾਂ ਦੀਆਂ ਫਲੀਆਂ ਵਿਚ ਦਾਣੇ ਨਹੀਂ, ਕੇਵਲ ਸੁਆਹ ਹੈ। ਹੁਣ ਇਕ ਕੰਮ ਕਰਿਉ ਕਿ ਜਿਹੜੇ ਸੁਆਹ ਨਾਲ ਭਰੇ ਖ਼ਾਲੀ ਰਹਿ ਗਏ ਹਨ, ਇਹਨਾਂ ਨੂੰ ਪੁੱਟ ਕੇ ਘਰ ਨਾ ਲੈ ਕੇ ਜਾਇਉ, ਕਿਉਂਕਿ ਮੇਰੇ ਘਰ ਵਿਚ ਸਖਣਿਆਂ ਬੂਟਿਆਂ ਨੂੰ ਥਾਂ ਨਹੀਂ। ਮੇਰੇ ਘਰ ਵਿਚ ਕੇਵਲ ਉਹਨਾਂ ਨੂੰ ਥਾਂ ਹੈ ਜਿਹਨਾਂ ਦੀਆਂ ਫਲੀਆਂ ਵਿਚ ਦਾਣੇ ਪਏ ਹੋਏ ਹਨ। ਸਾਹਿਬ ਕਹਿਣ ਲੱਗੇ ਕਿ ਜੇ ਇਕ ਰੁੱਖ ਦੀ ਫਲੀ ਵਿਚ ਦਾਣਾ ਨਹੀਂ ਪਿਆ ਤਾਂ ਜ਼ਿਮੀਂਦਾਰ ਉਸ

ਨੂੰ ਘਰ ਵਿਚ ਥਾਂ ਨਹੀਂ ਦਿੰਦਾ। ਸਾਹਿਬ ਕਹਿੰਦੇ ਹਨ ਕਿ ਤੂੰ ਕਾਹਦੀ ਸਿਆਣਪ ਵਰਤਦਾ ਹੈਂ ਮਨਾ ? ਤੇਰੇ ਅੰਦਰ ਭਗਤੀ ਦਾ ਇਕ ਦਾਣਾ ਵੀ ਨਹੀਂ ਅਤੇ ਤੂੰ ਚਾਹੁੰਦਾ ਹੈਂ ਕਿ ਤੈਨੂੰ ਮੇਰੇ ਮਾਲਕ ਦੇ ਦਰ 'ਤੇ ਕਿਤੇ ਥਾਂ ਮਿਲ ਜਾਏ। ਹਜ਼ੂਰ ਕਹਿਣ ਲੱਗੇ :-

ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥

ਜਿਹੜੇ ਆਪਣੇ ਮਨ ਵਿਚ ਸਿਆਣਪ ਕਰਦੇ ਹਨ।

ਹਰਿ ਭਗਤਿ ਭਾਵ ਹੀਣੰ ਨਾਨਕ ਬਿਸਰਤ ਤੇ ਪ੍ਰੇਤਤਹ॥ ੧॥

ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ॥

ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ॥ ੨॥

ਕਹਿਣ ਲੱਗੇ ਕਿ ਕੱਦ ਕਾਠ ਵੀ ਉਹਨਾਂ ਪੌਦਿਆਂ ਜਿਹਾ ਹੋਏ, ਪਰ ਅੰਦਰ ਦਾਣਾ ਨਹੀਂ। ਹਜ਼ੂਰ ਅੱਗੇ ਬਖ਼ਸ਼ਿਸ਼ ਕਰਦੇ ਹਨ :-

ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ॥ ੧॥

ਉਹ ਪਿਆਰ ਟੁੱਟਦਿਆਂ ਦੇਰੀ ਨਹੀਂ ਲੱਗਦੀ। ਕਿਹੜਾ ? :-

ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ॥

ਜਿਹੜਾ ਰੱਬ ਨੂੰ ਛੱਡ ਕੇ ਦੂਜੇ ਨਾਲ ਪਿਆਰ ਪਾਈ ਬੈਠਾ ਹੈ, ਉਸ ਦੇ ਟੁੱਟਦਿਆਂ ਦੇਰ ਨਹੀਂ ਲੱਗਦੀ। ਹਜ਼ੂਰ ਕਹਿਣ ਲੱਗੇ :-

ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ॥ ੨॥

ਸੱਚੀ ਰੀਤ ਇਹ ਹੈ ਕਿ ਦੁਨੀਆਂ ਦੇ ਪਿਆਰ ਤੋਂ ਉੱਪਰ ਉੱਠ ਕੇ ਸਾਈਂ ਦੇ ਪਿਆਰ ਵਿਚ ਰੰਗ ਜਾ। ਹੁਣ ਪਉੜੀ ਵਿਚ ਕ੍ਰਿਪਾ ਕਰਦੇ ਹਨ :-

ਪਉੜੀ॥ ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ॥

ਜਿਸ ਆਤਮਾ ਦੇ ਸਰੀਰ ਵਿਚੋਂ ਵਿਛੜਦਿਆਂ ਸਾਰ ਹੀ ਤਨ ਭਸਮ ਦੀ ਢੇਰੀ ਬਣ ਜਾਂਦਾ ਹੈ ਤਾਂ ਉਸ ਨੂੰ ਪ੍ਰੇਤ ਕਿਹਾ ਜਾਂਦਾ ਹੈ।

ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ॥

ਪਿਆਰੇ ! ਇਕ ਖਿਨ ਵੀ ਤੈਨੂੰ ਘਰ ਵਿਚ ਰਹਿਣ ਨਹੀਂ ਦੇਣੇਗਾ, ਜਿਨ੍ਹਾਂ ਨਾਲ ਤੂੰ ਨੇਹ ਕਰੀ ਬੈਠਾ ਹੈਂ। ਹਜ਼ੂਰ ਕਹਿਣ ਲੱਗੇ ਕਿ ਚੇਤੇ ਰੱਖ—

'ਕਰਿ ਅਨਰਥ'

ਪਾਪ ਕਰ-ਕਰ ਕੇ

'ਦਰਬੁ ਸੰਚਿਆ'

ਦੌਲਤ, ਧਨ ਇਕੱਠਾ ਕੀਤਾ,

ਸੋ ਕਾਰਜਿ ਕੇਤੁ॥

ਤੂੰ ਦੱਸ, ਉਸ ਪਾਪ ਦੇ ਰੁਪਈਏ ਨੇ, ਧਨ ਨੇ ਤੇਰਾ ਕੀ ਕਾਰਜ ਸਵਾਰਿਆ ਹੈ ? ਹਜ਼ੂਰ ਕਹਿਣ ਲੱਗੇ :-

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥

ਤੇਰੇ ਕਰਮ ਤਾਂ ਖੇਤ ਦੀ ਤਰ੍ਹਾਂ ਹਨ। ਪਿਆਰਿਆ ! ਜੋ ਕੁਝ ਤੂੰ ਬੀਜ ਕਰਮਾਂ ਦੇ ਖੇਤ ਵਿਚ ਪਾਉਂਦਾ ਪਿਆ ਹੈਂ, ਉਹ ਤੈਨੂੰ ਵੱਢਣਾ ਪੈਣਾ ਹੈ। ਅਖ਼ੀਰ ਵਿਚ ਹਜ਼ੂਰ ਕਹਿਣ ਲੱਗੇ :-

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥ ੪॥

(ਅੰਗ ੭੦੬)

ਅਕ੍ਰਿਤਘਣ ਬੰਦਾ ਜਿਹੜਾ ਸਾਈਂ ਦੀ ਦਾਤ ਲੈ ਕੇ ਭੁੱਲ ਗਿਆ ਹੈ, ਉਹ ਜੂਨਾਂ ਵਿਚ ਭਟਕਦਾ ਹੀ ਰਹਿੰਦਾ ਹੈ।

ਗੁਰਮੁਖੋ ! ਜਾਣਾ ਤਾਂ ਸਾਰਿਆਂ ਨੇ ਹੀ ਹੈ, ਫਰਕ ਕੇਵਲ ਇੰਨਾ ਹੈ ਕਿ ਜਿਸ ਨੂੰ ਸਾਈਂ ਨਹੀਂ ਭੁੱਲਿਆ, ਉਹ ਕਿੰਨਾ ਕੁ ਭਾਗਾਂ ਵਾਲਾ ਹੈ। ਸਤਿਗੁਰ ਰਹਿਮਤ ਕਰਨ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਕਰਿ ਕਿਰਪਾ ਪ੍ਰਭ ਰਾਖਿ ਲੇਹੁ

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

ੴ ਸਤਿਗੁਰ ਪ੍ਰਸਾਦਿ॥

ਸਲੋਕ॥

ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥
ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥ ੧॥
ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ॥
ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥ ੨॥

ਪਉੜੀ॥

ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ॥
ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ॥
ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ॥
ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ॥
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ॥੫॥

(ਅੰਗ ੭੦੬)

ਪਰਮ ਸਨਮਾਨ ਯੋਗ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪੰਚਮ ਪਾਤਿਸ਼ਾਹ ਮਹਾਰਾਜ ਨੇ ਅੱਜ ਦੇ ਪਵਿੱਤਰ ਬਚਨ ਅੰਦਰ ਬਖ਼ਸ਼ਿਸ਼ ਕੀਤੀ ਹੈ ਕਿ ਇਸ ਸੰਸਾਰ ਦੇ ਅੰਦਰ ਮਨੁੱਖ ਜਿੰਨੇ ਵੀ ਕਰਮ ਕਰਦਾ ਹੈ, ਉਹਨਾਂ ਕੀਤੇ ਹੋਏ ਕਰਮਾਂ ਦਾ ਜਦੋਂ ਪ੍ਰਮਾਤਮਾ ਦੀ ਦਰਗਾਹ ਵਿਚ ਲੇਖਾ ਹੁੰਦਾ ਹੈ ਤਾਂ ਕੁਝ ਕੀਤੇ ਹੋਏ ਕਰਮ ਅਜਿਹੇ ਹੁੰਦੇ ਹਨ, ਜਿਹੜੇ ਪੁੰਨ ਰੂਪ ਹੋ ਜਾਂਦੇ ਹਨ ਤੇ ਕੁਝ ਅਜਿਹੇ ਹੁੰਦੇ ਹਨ, ਜਿਹੜੇ ਕਰਨ ਯੋਗ

ਨਹੀਂ ਹੁੰਦੇ, ਉਹ ਪਾਪ ਰੂਪ ਹੋ ਜਾਂਦੇ ਹਨ। ਸਤਿਗੁਰੂ ਕਹਿੰਦੇ ਹਨ ਕਿ ਮਨੁੱਖ ਪਹਿਲੀ ਵਾਰ ਜਦੋਂ ਪਾਪ ਕਰਨ ਲੱਗੇਗਾ ਤਾਂ ਅੰਦਰੋਂ ਅਵਾਜ਼ ਆਏਗੀ ਕਿ ਜੋ ਕੁਝ ਤੂੰ ਕਰਨ ਚਲਿਆ ਹੈਂ, ਇਹ ਬਿਲਕੁਲ ਮਾੜਾ ਕਰਮ ਹੈ। ਸਾਹਿਬ ਕਹਿੰਦੇ ਹਨ ਕਿ ਜੋ ਵੀ ਕੋਈ ਮਾੜਾ ਕਰਮ ਕਰੇਗਾ, ਉਸ ਦੇ ਅੰਦਰੋਂ ਆਵਾਜ਼ ਆਵੇਗੀ ਕਿ ਜਿਹੜਾ ਕੰਮ ਤੂੰ ਕਰਨ ਚਲਿਆ ਹੈਂ, ਇਹ ਮਾੜਾ ਹੈ। ਪਰ ਹਜ਼ੂਰ ਕਹਿੰਦੇ ਹਨ ਕਿ ਮਨੁੱਖ ਉਸ ਆਵਾਜ਼ ਨੂੰ ਦਬਾਅ ਦਿੰਦਾ ਹੈ। ਬਸ, ਇਕ ਦੋ ਮਾੜੇ ਕੰਮ ਕਰਨ ਲਈ ਅੰਦਰੋਂ ਅਵਾਜ਼ ਆਉਂਦੀ ਹੈ ਅਤੇ ਬਾਅਦ ਵਿਚ ਉਹ ਢੀਠ ਬਣ ਕੇ ਇਹ ਅੰਦਰ ਦੇ ਮਾੜੇ ਤੋਂ ਮਾੜਾ ਕਰਮ ਕਰੀ ਜਾਂਦਾ ਹੈ।

ਸਾਹਿਬ ਧੰਨ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਜਦੋਂ ਮਨੁੱਖ ਪਾਪਾਂ ਨਾਲ ਭਰ ਜਾਂਦਾ ਹੈ ਤਾਂ ਇਸ ਦਾ ਅੰਦਰ ਬੁਰੇ ਸੰਸਕਾਰ ਅਤੇ ਬੁਰੇ ਕਰਮਾਂ ਨਾਲ ਭਰ ਜਾਂਦਾ ਹੈ ਤਾਂ ਫਿਰ ਉਸ ਨੂੰ ਆਪਣੇ ਕੀਤੇ ਹੋਏ ਕੰਮਾਂ 'ਤੇ ਪਛਤਾਵਾ ਆਉਂਦਾ ਹੈ ਅਤੇ ਸੋਚਦਾ ਹੈ ਕਿ ਇੰਨਾ ਸਮਾਂ ਬਤੀਤ ਹੋ ਗਿਆ ਹੈ ਪਰ ਮੈਂ ਕੋਈ ਵੀ ਚੰਗਾ ਕੰਮ ਨਹੀਂ ਕੀਤਾ। ਜਿਹੜੇ ਕਰਮ ਵੀ ਮੈਂ ਕਰਦਾ ਰਿਹਾ ਹਾਂ, ਮੈਨੂੰ ਆਪਣੇ ਉਹਨਾਂ ਕਰਮਾਂ ਕਰਕੇ ਕੋਈ ਵੀ ਰਾਹ ਨਜ਼ਰ ਨਹੀਂ ਆਉਂਦਾ। ਫਿਰ ਪਛਤਾਵੇ ਨਾਲ ਡਿੱਗਿਆ ਹੋਇਆ ਬੰਦਾ ਰਾਹ ਲੱਭਦਾ ਰਹਿੰਦਾ ਹੈ।

ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਬਚਨ ਕਰਦੇ ਹਨ ਕਿ ਬੰਦੇ ਨੂੰ ਕਈ ਰਾਹ ਦੱਸਣ ਵਾਲੇ ਲੱਭ ਜਾਂਦੇ ਹਨ। ਕੋਈ ਕਹਿੰਦਾ ਹੈ, ਜੇ ਤੂੰ ਆਪਣੇ ਪਾਪਾਂ ਤੋਂ ਪਿੱਛਾ ਛੁਡਵਾਉਣਾ ਚਾਹੁੰਦਾ ਹੈਂ ਤਾਂ ਇਕ ਕੰਮ ਕਰ, ਤੂੰ ਕੁੱਝ ਦਾਨ ਪੁੰਨ ਕਰਨਾ ਸ਼ੁਰੂ ਕਰ ਦੇ। ਜੇ ਤੂੰ ਦਾਨ ਕਰੇਂਗਾ ਤਾਂ ਤੇਰੇ ਪਾਪ ਖੰਡਨ ਹੋ ਸਕਦੇ ਹਨ। ਕਈ ਵਾਰੀ ਕਈ ਕਹਿੰਦੇ ਹਨ ਕਿ ਇਕ ਕੰਮ ਕਰ। ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਿਆ ਕਰ। ਤੀਰਥ-ਇਸ਼ਨਾਨ ਨਾਲ ਵੀ ਤੇਰੇ ਪਾਪਾਂ ਦੀ ਮੈਲ ਉਤਰ ਜਾਵੇਗੀ। ਸਾਹਿਬ ਕਹਿੰਦੇ ਹਨ ਕਿ ਕਦੀ ਕੋਈ ਇਸ਼ਾਰਾ ਕਰਦਾ ਹੈ ਕਿ ਤੂੰ ਵਰਤ ਰੱਖਣੇ ਸ਼ੁਰੂ ਕਰ ਦੇ। ਹੋ ਸਕਦਾ ਹੈ ਕਿ ਇਸ ਦੇ ਨਾਲ ਤੇਰਾ ਅੰਦਰ ਨਿਰਮਲ ਹੋ ਜਾਵੇ।

ਸਾਹਿਬ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ ਕਿ ਕਈ ਵਾਰੀ ਕਿਹਾ ਜਾਂਦਾ ਹੈ ਕਿ ਤੂੰ ਅਨੇਕਾਂ ਤਰੀਕਿਆਂ ਨਾਲ ਆਪਣੇ ਤਨ ਨੂੰ ਸੋਧ ਤਾਕਿ ਤਨ ਨੂੰ ਸੋਧਣ ਦੇ ਨਾਲ ਤੇਰੇ ਅੰਦਰ ਦੇ ਪਾਪਾਂ ਦੀ ਮੈਲ ਲਹਿ ਜਾਵੇ, ਪਰ ਧੰਨ ਗੁਰੂ ਅਰਜਨ ਦੇਵ ਜੀ ਨੇ ਕ੍ਰਿਪਾ ਕੀਤੀ ਅਤੇ ਕਹਿਣ ਲੱਗੇ ਕਿ ਇਕ ਦੋ ਵਾਰੀ ਇਸ਼ਨਾਨ ਕਰਨ ਨਾਲ ਨਹੀਂ, ਕੋਈ ਪੰਜ, ਦੱਸ ਜਾਂ ਵੀਹ ਵਾਰੀ ਇਸ਼ਨਾਨ ਕਰਨ ਨਾਲ ਨਹੀਂ, ਜੇਕਰ ਤੂੰ ਕਰੋੜਾਂ ਵਾਰ ਵੀ ਤੀਰਥ ਇਸ਼ਨਾਨ ਕਰਦਾ ਰਹੇਂ ਤਾਂ ਵੀ ਤੇਰੇ ਅੰਦਰ ਦੇ ਪਾਪਾਂ ਦੀ ਮੈਲ ਕੱਟੀ ਨਹੀਂ ਜਾਣੀ ਜਿੰਨੀ ਦੇਰ ਤੱਕ ਤੂੰ ਸਤਿਨਾਮ ਵਾਹਿਗੁਰੂ ਦਾ ਜਾਪ ਨਹੀਂ ਕਰਦਾ। ਸਾਹਿਬ ਕਹਿੰਦੇ ਹਨ ਕਿ ਕਰੋੜਾਂ ਕੀਤੇ ਹੋਏ ਇਸ਼ਨਾਨ, ਦਿੱਤੇ ਹੋਏ ਦਾਨ ਵੀ ਅੰਦਰ ਦੀ ਮੈਲ ਨੂੰ ਉਤਾਰ ਨਹੀਂ ਸਕਦੇ। ਸਤਿਗੁਰੂ ! ਫਿਰ ਅੰਦਰ ਦੀ ਮੈਲ ਉਤਰੇ ਕਿਵੇਂ ? ਹਜ਼ੂਰ ਕਹਿਣ ਲੱਗੇ, ਕੇਵਲ ਇਕ ਵਸੀਲਾ ਹੈ, ਉਹ ਹੈ ਪਰਮ ਪਿਤਾ ਪ੍ਰਮੇਸ਼ਰ ਦਾ ਨਾਮ, ਜਿਹੜਾ ਵੱਡੇ-ਵੱਡੇ ਪਾਪੀਆਂ ਦੇ ਪਾਪ ਦਗਦ ਕਰਕੇ

ਉਸ ਦੇ ਅੰਦਰ ਨੂੰ ਪਵਿੱਤਰ ਕਰ ਦਿੰਦਾ ਹੈ।

ਇਸ ਦਾ ਮਤਲਬ ਇਹ ਨਹੀਂ ਸਮਝਣਾ ਕਿ ਜੇਕਰ ਕੋਈ ਗੁਰਸਿੱਖ ਸੁੱਚਮਤਾ ਰੱਖਦਾ ਹੈ, ਇਸ਼ਨਾਨ ਕਰਦਾ ਹੈ ਤਾਂ ਗੁਰੂਦੇਵ ਇਸ ਦਾ ਖੰਡਣ ਕਰ ਰਹੇ ਹਨ। ਜਦੋਂ ਮਨੁੱਖ ਇਸ ਕਰਕੇ ਇਸ਼ਨਾਨ ਕਰੇ ਕਿ ਨਾਮ ਤਾਂ ਜੱਪਣਾ ਨਹੀਂ, ਕੇਵਲ ਤੀਰਥ 'ਤੇ ਇਸ਼ਨਾਨ ਕਰਨ ਨਾਲ ਹੀ ਮੇਰੇ ਪਾਪ ਉਤਰ ਜਾਣਗੇ ਤਾਂ ਮੇਰੇ ਸਤਿਗੁਰੂ ਨੇ ਬਾਣੀ ਵਿਚ ਬਚਨ ਕਹੇ ਹਨ :-

ਪਾਪ ਕਰਹਿ ਪੰਚਾਂ ਕੇ ਬਸਿ ਰੇ॥

(ਅੰਗ ੧੩੪੮)

ਤੂੰ ਪਾਪ ਤਾਂ ਕਰਦਾ ਹੈਂ ਪੰਜਾਂ ਵਿਕਾਰਾਂ ਦੇ ਅਧੀਨ ਹੋ ਕੇ ਤੇ ਜਦੋਂ ਕੋਈ ਤੈਨੂੰ ਪੁਜਾਰੀ ਮਿਲਦਾ ਹੈ ਅਤੇ ਉਹ ਕਹਿੰਦਾ ਹੈ ਕਿ ਜਿੰਨੇ ਮਰਜ਼ੀ ਪਾਪ ਤੂੰ ਕਰ ਲੈ, ਕੋਈ ਗੱਲ ਨਹੀਂ, ਪਰ ਸਾਲ ਵਿਚ ਇਕ ਵਾਰੀ ਆ ਕੇ ਇਸ਼ਨਾਨ ਕਰ ਲਿਆ ਕਰ, ਤੇਰੇ ਪਿਛਲੇ ਕੀਤੇ ਹੋਏ ਸਾਰੇ ਪਾਪ ਧੁੱਪ ਜਾਣਗੇ। ਸਾਹਿਬ ਕਹਿੰਦੇ ਹਨ ਕਿ ਇਹ ਗੱਲ ਤਾਂ ਇਸ ਤਰ੍ਹਾਂ ਹੋ ਗਈ ਕਿ ਪਾਪਾਂ ਵਾਲੀ ਫ਼ਾਈਲ ਨੂੰ ਇਨਸਾਨ ਰੀਨਿਊ ਕਰਾਉਣ ਜਾਂਦਾ ਹੈ ਅਤੇ ਫਿਰ ਬੰਦਾ ਸ਼ੰਕੇ ਤੋਂ ਰਹਿਤ ਹੋ ਕੇ ਪਾਪ ਕਰਦਾ ਹੈ। ਇਹੋ ਜਿਹਾ ਮਨੁੱਖ ਜਮਾਂ ਦੇ ਘਰ ਚਲਾ ਜਾਂਦਾ ਹੈ। ਬਾਹਰ ਦਾ ਪਿੰਡਾ ਧੋਣ ਲਈ ਬੇਅੰਤ ਤੀਰਥ ਬਣੇ ਪਏ ਹਨ, ਪਰ ਇਸ ਤਰ੍ਹਾਂ ਛੁਟਕਾਰਾ ਥੋੜਾ ਹੁੰਦਾ ਹੈ। ਜੇ ਅੰਦਰ ਦੇ ਪਾਪਾਂ ਤੋਂ ਛੁਟਕਾਰਾ ਦੁਆਉਣਾ ਹੈ ਤਾਂ ਕੇਵਲ ਸਾਈਂ ਦੇ ਚਰਨਾਂ ਵਿਚ ਭਿੱਜ ਕੇ ਹੀ ਹੋ ਸਕਦਾ ਹੈ। ਕੀ ਇਹ ਬਾਹਰ ਦਾ ਪਾਣੀ ਸਾਡੇ ਅੰਦਰ ਦੀ ਮੈਲ ਨੂੰ ਉਤਾਰ ਸਕਦਾ ਹੈ ? ਗੁਰੂ ਗ੍ਰੰਥ ਸਾਹਿਬ ਵਿਚ ਬਚਨ ਆਉਂਦਾ ਹੈ :-

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨਾ ਹੋਵੈ ਨਾਹੀ ਰਾਮੁ ਅਯਾਨਾ॥

(ਅੰਗ ੪੮੪)

ਗੁਰੂ ਗ੍ਰੰਥ ਸਾਹਿਬ ਜੀ ਨੇ ਉਦਾਰਹਰਨ ਦਿੱਤੀ ਹੈ ਕਿ ਜਿਸ ਤੀਰਥ ਵਿਚ ਤੂੰ ਇਸ਼ਨਾਨ ਕਰਦਾ ਹੈਂ, ਇਕ ਗੱਲ ਚੇਤੇ ਰੱਖੀਂ, ਅਸੀਂ ਕਹਾਂਗੇ ਕਿ ਹਰਿਮੰਦਰ ਸਾਹਿਬ ਵੀ ਸਰੋਵਰ ਬਣਿਆ ਹੈ, ਇਸ਼ਨਾਨ ਤਾਂ ਸਿੱਖ ਸੰਗਤ ਉਥੇ ਵੀ ਕਰਦੀ ਹੈ। ਸਾਹਿਬ ਨੇ ਸਾਨੂੰ ਸਰੋਵਰ ਦਾ ਪਾਣੀ ਦਿੱਤਾ ਹੈ ਤੇ ਨਾਲ ਰੱਬ ਦੀ ਇਲਾਹੀ ਬਾਣੀ ਵੀ ਦਿੱਤੀ ਹੈ। ਜਿਸ ਪਾਣੀ ਦੇ ਕਿਨਾਰੇ 'ਤੇ ਬਾਣੀ ਦਾ ਨਿਰੰਤਰ ਪ੍ਰਵਾਹ ਚੱਲਦਾ ਹੋਵੇ, ਸੱਚ ਜਾਣਿਉ, ਉਸ ਪਾਣੀ ਵਿਚ ਵੀ ਬਰਕਤ ਆ ਜਾਂਦੀ ਹੈ। ਜਲ ਤਾਂ ਉਹ ਵੀ ਹੈ ਜਿਹੜਾ ਅਸੀਂ ਘਰ ਪੀਂਦੇ ਹਾਂ। ਉਹ ਵੀ ਜਲ ਹੈ, ਜਿਸ ਦੇ ਨਾਲ ਬਸਤਰ ਧੋਂਦੇ ਹਾਂ। ਉਹ ਵੀ ਜਲ ਹੈ, ਜਿਸ ਦੇ ਨਾਲ ਇਸ਼ਨਾਨ ਕਰਦੇ ਹਾਂ, ਪਰ ਜਦੋਂ ਉਹੀ ਜਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਸਿੰਘ ਸਾਹਿਬਾਨ ਗੁਰੂ ਦੀ ਬਾਣੀ ਪੜ੍ਹ ਕੇ ਸਰਬ ਲੋਹ ਦਾ ਖੰਡਾ ਬਾਟਾ ਲੈ ਕੇ ਮਰਯਾਦਾ ਅਨੁਸਾਰ ਬਾਣੀ ਦਾ ਪਹਿਰਾ ਦਿੰਦੇ ਹਨ ਤਾਂ ਉਹੀ ਪੀਣ ਵਾਲਾ ਪਾਣੀ ਅੰਮ੍ਰਿਤ ਦਾ ਰੂਪ ਹੋ ਜਾਂਦਾ ਹੈ। ਸਤਿਗੁਰੂ ਨੇ ਕਿਹਾ

ਹੈ ਕਿ ਜਿਸ ਪਾਣੀ ਦੇ ਨੇੜੇ ਬਾਣੀ ਪੜ੍ਹੀ ਜਾਏ, ਉਹ ਪਾਣੀ ਫਿਰ ਪਾਣੀ ਨਹੀਂ ਰਹਿੰਦਾ, ਅੰਮ੍ਰਿਤ ਬਣ ਜਾਂਦਾ ਹੈ।

ਭਗਤੀ ਤੋਂ ਬਿਨਾਂ ਅੰਦਰ ਦੀ ਮੈਲ ਨਹੀਂ ਉਤਰ ਸਕਦੀ। ਜਦੋਂ ਭੌਰਾ ਕਮਲ ਦੇ ਫੁੱਲ ਦੀ ਮਹਿਕ ਲੈਂਦਾ ਹੈ ਤੇ ਮਹਿਕ ਲੈਣ ਤੋਂ ਬਾਅਦ ਭੌਰੇ ਦਾ ਸੁਭਾਅ ਹੈ ਕਿ ਉਸ ਫੁੱਲ ਦੇ ਉੱਪਰ ਗੁੰਜਾਰ ਪਾਉਣਾ। ਗੁਰੂ ਨਾਨਕ ਸਾਹਿਬ ਨੇ ਭੌਰੇ ਨੂੰ ਮੁਖ਼ਾਤਿਬ ਕਰਕੇ ਕਿਹਾ, ਐ ਭੌਰੇ ! ਤੂੰ ਕਿੰਨੀ ਦੂਰ ਤੋਂ ਆਇਆ ਹੈਂ ਇਸ ਕਮਲ ਦੇ ਫੁੱਲ ਦਾ ਸ਼ੈਦਾਈ ਬਣ ਕੇ। ਜਦੋਂ ਤੂੰ ਬੈਠ ਕੇ ਇਸ ਦੀ ਮਕਰੰਦ ਨੂੰ ਚੂਸ ਲਿਆ ਹੈ, ਤੂੰ ਮਹਿਕ ਦਾ ਆਨੰਦ ਮਾਣ ਲਿਆ ਹੈ ਤਾਂ ਫਿਰ ਤੂੰ ਉੱਚੀ-ਉੱਚੀ ਰੌਲਾ ਪਾ ਕੇ ਕਿਸ ਨੂੰ ਸੁਣਾਉਂਦਾ ਪਿਆ ਹੈਂ ? ਜਿਨ੍ਹਾਂ ਮਹਿਕ ਲਈ ਹੋਵੇ, ਉਹ ਖ਼ਾਮੋਸ਼ ਹੋ ਜਾਂਦੇ ਹਨ। ਅੱਗੋਂ ਭੌਰਾ ਕਹਿਣ ਲੱਗਾ ਕਿ ਗੁਰੂ ਨਾਨਕ ਜੀ ! ਅਸਲ ਵਿਚ ਜਿਹੜਾ ਮਹਿਕ ਲੈ ਲਵੇ, ਚਿੱਤ ਤਾਂ ਨਹੀਂ ਕਰਦਾ ਕਿ ਸੁਗੰਧੀ ਨਾਲ ਭਰ ਕੇ ਕੁਝ ਬੋਲਾਂ ਪਰ ਜਦੋਂ ਮੈਂ ਗੁੰਜਾਰ ਪਾਉਂਦਾ ਹਾਂ ਤਾਂ ਹੰਕਾਰ ਵਿਚ ਨਹੀਂ। ਇਸੇ ਕਮਲ ਦੀਆਂ ਜੜ੍ਹਾਂ ਵਿਚ ਡੱਡੂ ਵੀ ਬੈਠਦਾ ਹੈ ਅਤੇ ਉਸ ਨੂੰ ਰੌਲਾ ਪਾ ਕੇ ਕਹਿੰਦਾ ਹਾਂ ਕਿ ਕਮਲਿਆ ! ਮੈਂ ਇੰਨੀ ਦੂਰ ਤੋਂ ਆ ਕੇ ਮਹਿਕ ਲੈ ਲਈ ਹੈ, ਤੂੰ ਸਾਰਾ ਦਿਨ ਜੜ੍ਹਾਂ ਵਿਚ ਬੈਠ ਕੇ ਵੀ ਜਾਲਾ ਖਾਈ ਜਾਂਦਾ ਹੈਂ। ਸਤਿਗੁਰੂ ਕਹਿਣ ਲੱਗੇ :-

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ॥
ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ॥੨॥

(ਅੰਗ ੨੪)

ਗਿਆਨੀ ਗਿਆਨ ਸਿੰਘ ਕਹਿੰਦੇ ਹਨ ਕਿ ਜਿਸ ਦਿਨ ਤੋਂ ਗੁਰੂ ਰਾਮਦਾਸ ਜੀ ਦਾ ਸਰੋਵਰ ਬਣਿਆ ਹੈ, ਭਾਵੇਂ ਮੀਂਹ ਵੱਸੇ, ਭਾਵੇਂ ਭਾਦੋਂ ਵੱਸੇ, ਨਾ ਤਾਂ ਸਰੋਵਰ ਵਿਚ ਕਦੀ ਕੋਈ ਡੱਡੂ ਦੇਖੋਗੇ, ਨਾ ਇਸ ਦੇ ਕਿਨਾਰੇ 'ਤੇ ਕੋਈ ਬਗਲਾ ਹੋਵੇਗਾ। ਪਾਣੀ ਵਿਚ ਮੱਛੀ ਤਾਂ ਹੈ, ਕਿਉਂਕਿ ਮੱਛੀ ਦੀ ਪ੍ਰੀਤ ਦਰਸਾਈ ਗਈ ਹੈ, ਪਰ ਡੱਡੂ ਦੀ ਪ੍ਰੀਤ ਨਹੀਂ। ਪਾਣੀ ਨਾ ਮਿਲੇ ਤਾਂ ਉਹ ਸੁੱਕੇ ਥਾਂ 'ਤੇ ਵੀ ਗੁਜ਼ਾਰਾ ਕਰ ਲੈਂਦਾ ਹੈ।

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਸ ਬੰਦੇ ਦੇ ਤਨ ਨੂੰ ਅਨੇਕਾਂ ਰੋਗਾਂ ਨੇ ਘੇਰਿਆ ਹੋਵੇ, ਅਨੇਕਾਂ ਖ਼ੂਨ ਕੀਤੇ ਹੋਣ ਤੇ ਘਰ ਰੋਜ਼ ਕਲੇਸ਼ ਹੋਵੇ, ਜਨਮਾਂ ਜਨਮਾਂਤਰਾਂ ਦਾ ਦੁੱਖੀ ਹੋਵੇ ਤਾਂ ਮੇਰੇ ਦਾਤਾ ! ਉਸ ਬੰਦੇ ਦਾ ਜੀਉਣਾ ਕੀ ਹੈ। ਹਜ਼ੂਰ ਕਹਿਣ ਲੱਗੇ ਕਿ ਜੀਊਣ ਦਾ ਤਰੀਕਾ ਇਹ ਹੈ ਕਿ ਜਿਵੇਂ ਸੁੱਕੀ ਲੱਕੜ ਨੂੰ ਅੱਗ ਦੀ ਚਿੰਗਾਰੀ ਲੱਗ ਜਾਏ ਤਾਂ ਸੜ ਕੇ ਰਾਖ ਹੋ ਜਾਂਦੀ ਹੈ ਈਵੇਂ ਤੂੰ ਨਾਮ ਨਾਲ ਜੁੜ ਤਾਂ ਸਹੀ, ਮੇਰੇ ਸਤਿਗੁਰੂ ਦਾ ਨਾਮ ਇਸ ਦੀ ਚਿੰਗਾਰੀ ਕਰੋੜਾਂ ਜਨਮਾਂ ਦੇ ਪਾਪ ਸਾੜ ਕੇ ਰੱਖ ਦੇਵੇਗੀ। ਕਦੀ ਅਰਦਾਸ ਕਰੀਏ ਸਤਿਗੁਰੂ ਦੇ ਚਰਨਾਂ ਵਿਚ। ਹੈ ਤਾਂ ਅਸੀਂ ਪਾਪਾਂ ਨਾਲ ਭਰੇ ਹੋਏ। ਗੁਰੂ ਤੇਗ਼ ਬਹਾਦਰ ਜੀ ਦਾ ਇਕ ਸ਼ਬਦ ਪੜ੍ਹਿਆ। ਜਦੋਂ ਸਾਈਂ ਦੇ ਚਰਨਾਂ ਵਿਚ ਅਰਦਾਸ ਕੀਤੀ ਜਾਵੇ ਅਤੇ ਜਦੋਂ ਕੀਰਤਨ

ਵੀ ਕਰੀਏ ਤਾਂ ਉਦੋਂ ਵੀ ਅਰਦਾਸ ਵਿਚ ਭਿੱਜ ਕੇ ਕਰੀਏ। ਜੇ ਨਿਤਨੇਮ ਕਰੀਏ ਤਾਂ ਬੇਨਤੀ ਦੇ ਸ਼ਬਦ ਪੜ੍ਹੀਂ ਅਤੇ ਦੇਖੀਂ ਮੇਰਾ ਸਾਈਂ ਅਵੱਸ਼ ਰੀਝਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰਮੇਸ਼ਰ ਵੱਲੋਂ ਹੋ ਕੇ ਵੀ ਬੋਲਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਗੁਰੂ ਵੱਲੋਂ ਵੀ ਹੋ ਕੇ ਬੋਲਦਾ ਹੈ, ਸਿੱਖ ਵੱਲੋਂ ਵੀ ਬੋਲਦਾ ਹੈ ਤੇ ਮੇਰਾ ਸਤਿਗੁਰੂ ਇਕ ਪਾਪੀ ਵੱਲੋਂ ਹੋ ਕੇ ਵੀ ਕਹਿੰਦਾ ਹੈ ਕਿ ਇਸ ਤਰ੍ਹਾਂ ਅਰਦਾਸ ਕਰੀਂ। ਪ੍ਰਮੇਸ਼ਰ ਵੱਲੋਂ ਜਦੋਂ ਬੋਲਦੇ ਹਨ ਤਾਂ ਕਹਿੰਦੇ ਹਨ :-

ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

(ਅੰਗ ੧੩੮੨)

ਬਾਣੀ ਵਿਚ ਨਿਰੰਕਾਰ ਵੱਲੋਂ ਹੋ ਕੇ ਵੀ ਬੋਲੇ। ਜਦੋਂ ਸਤਿਗੁਰੂ ਵੱਲੋਂ ਹੋ ਕੇ ਬੋਲੇ :-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥

(ਅੰਗ ੯੨੦)

ਸਿੱਖ ਵੱਲੋਂ ਵੀ ਸ਼ਬਦ ਹੈ। ਭਾਈ ਗੁਰਦਾਸ ਜੀ ਨੇ ਕਿਹਾ, ਗੁਰੂ ਨਾਨਕ ਸਾਹਿਬ ! ਜਦੋਂ ਤੇਰੇ ਦਰ 'ਤੇ ਜਾ ਕੇ ਨਮਸਕਾਰ ਕਰਦਾ ਹਾਂ ਤਾਂ ਅਵਾਜ਼ ਪੈਂਦੀ ਹੈ ਕਿ ਗੁਰੂ ਪ੍ਰੇਮਾ ਭਗਤੀ ਨੂੰ ਪਿਆਰ ਕਰਨ ਵਾਲੇ ਭਗਤ ਵਛਲ ਹਨ। ਭਾਈ ਗੁਰਦਾਸ ਕਹਿੰਦੇ ਹਨ ਕਿ ਮੇਰਾ ਅੰਦਰ ਰੋ ਪੈਂਦਾ ਹੈ ਇਹ ਗੱਲ ਸੁਣ ਕੇ। ਪੁੱਛਿਆ ਕਿਉਂ ? ਕਹਿੰਦੇ ਹਨ, ਜਦੋਂ ਕੋਈ ਕਹਿੰਦਾ ਹੈ ਕਿ ਵਾਹਿਗੁਰੂ, ਗੁਰੂ ਭਗਤ ਵਛਲ ਹੈ ਤਾਂ ਮੇਰਾ ਅੰਦਰ ਨਿਰਾਸ਼ ਹੋ ਜਾਂਦਾ ਹੈ। ਪੁੱਛਿਆ, ਬਈ ਤੈਨੂੰ ਤਾਂ ਖ਼ੁਸ਼ ਹੋਣਾ ਚਾਹੀਦਾ ਹੈ ਕਿ ਮੇਰਾ ਵਾਹਿਗੁਰੂ ਭਗਤ ਵਛਲ ਹੈ। ਕਹਿੰਦੇ ਹਨ ਕਿ ਜੇ ਤੂੰ ਭਗਤ ਵਛਲ ਹੈਂ ਤਾਂ ਮੈਂ ਨਿਰਾਸ਼ ਇਸ ਕਰਕੇ ਹਾਂ ਕਿ ਮੇਰੇ ਕੋਲ ਭਗਤੀ ਨਹੀਂ ਤੇ ਭਗਤੀ ਤੋਂ ਹੀਣਾ ਕਦੀ ਬਚ ਸਕਦਾ ਹੈ ? ਜਦੋਂ ਅਵਾਜ਼ ਆਉਂਦੀ ਹੈ ਕਿ ਘਬਰਾ ਨਾ ਗੁਰਦਾਸ, ਹੇ ਭਾਈ ਸਾਹਿਬ ਭਾਈ ਗੁਰਦਾਸ ! ਮੇਰਾ ਦਾਤਾ ਪਤਿਤ ਪਾਵਨ ਹੈ ਤਾਂ ਉਦੋਂ ਮੈਂ ਆਸ ਲਾ ਕੇ ਬੈਠ ਜਾਂਦਾ ਹਾਂ। ਭਗਤ ਵਛਲ ਵਾਲੀ ਤਾਂ ਕ੍ਰਿਪਾ ਨਹੀਂ ਮਿਲਣੀ, ਪਰ ਪਤਿਤ ਪਾਵਨ ਵਾਲੀ ਨਦਰਿ ਮੇਰੇ ਉੱਪਰ ਜ਼ਰੂਰ ਹੋਵੇਗੀ।

ਭਾਈ ਸਾਹਿਬ ਕਹਿਣ ਲੱਗੇ ਕਿ ਮੇਰੇ ਮਾਲਕ ਜੀ ! ਜਦੋਂ ਮੈਂ ਸੁਣਦਾ ਹਾਂ ਕਿ ਤੁਸੀਂ ਅੰਦਰ ਦੀਆਂ ਜਾਣਨ ਵਾਲੇ ਹੋ ਤਾਂ ਸਿਰ ਤੋਂ ਪੈਰਾਂ ਤੱਕ ਕੰਬ ਜਾਂਦਾ ਹਾਂ। ਮੇਰੇ ਅੰਦਰ ਦੇ ਪਾਪ ਤਾਂ ਤੁਸੀਂ ਜਾਣਦੇ ਹੀ ਹੋ, ਮੇਰਾ ਬਣੇਗਾ ਕੀ ? ਅੱਗੋਂ ਉੱਤਰ ਮਿਲਦਾ ਹੈ, ਕੇਵਲ ਅੰਦਰ ਨੂੰ ਜਾਣਦੇ ਨਹੀਂ, ਜਾਣਨ ਦੇ ਬਾਵਜੂਦ ਵੀ ਪਰਦੇ ਪਾ ਕੇ ਮਨੁੱਖ ਨੂੰ ਪਾਰ ਕਰ ਦਿੰਦੇ ਹਨ। ਫਿਰ ਆਸ ਕਰਦਾ ਹਾਂ, ਦਾਤਾ ! ਮੇਰੇ ਵਰਗੇ ਪਾਪੀ 'ਤੇ ਤੂੰ ਜ਼ਰੂਰ ਪਰਦੇ ਪਾਏਂਗਾ। ਫਿਰ ਉਹਨਾਂ ਬਚਨ ਕੀਤਾ, ਜਦੋਂ ਮੀਂਹ ਪੈਂਦਾ ਹੈ ਤੇ ਸਿੰਬਲ ਦਾ ਰੁੱਖ ਵੀ ਪੁੰਗਰਦਾ ਹੈ। ਪੱਤੇ, ਫੁੱਲ-ਫੱਲ ਉਸ ਦੇ ਵੀ ਹਨ, ਪਰ ਰੁੱਖ ਇੰਨਾ ਵੱਡਾ ਹੋ ਕੇ ਵੀ ਅਫੱਲ ਹੈ, ਰੱਸ ਕੋਈ ਨਹੀਂ। ਮੈਂ ਤਾਂ ਸਿੰਬਲ ਦੀ ਤਰ੍ਹਾਂ ਹਾਂ। ਤੇਰੀ ਬਾਣੀ ਦੀ ਵਰਖਾ ਹੁੰਦੀ ਰਹੀ, ਪਰ ਮੇਰੇ ਦਾਤਿਆ !

ਮੇਰਾ ਅੰਦਰ ਸਿੰਬਲ ਦੀ ਤਰ੍ਹਾਂ ਉੱਚਿਆਂ ਹੀ ਹੋਇਆ ਹੈ, ਰੱਸ ਤਾਂ ਕੁਝ ਵੀ ਪੱਲ ਨਹੀਂ। ਫਿਰ ਅਵਾਜ਼ ਆਉਂਦੀ ਹੈ, ਘਬਰਾ ਨਾ, ਜੇ ਚੰਦਨ ਦੀ ਮਹਿਕ ਆ ਜਾਏ ਤਾਂ ਸਿੰਬਲ ਵੀ ਚੰਦਨ ਵਰਗਾ ਹੋ ਜਾਂਦਾ ਹੈ। ਸਤਿਗੁਰੂ ! ਮੈਂ ਸਿੰਬਲ ਦੀ ਤਰ੍ਹਾਂ ਹਾਂ। ਤੁਸੀਂ ਚੰਦਨ ਦੀ ਤਰ੍ਹਾਂ ਰਹਿਮਤ ਕਰੋ। ਕਹਿਣ ਲੱਗੇ :-

ਭਗਤ ਵਛਲ ਸੁਨਿ ਹੋਤ ਨਿਰਾਸ ਰਿਦੈ,
ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌਂ॥
ਅੰਤਰਜਾਮੀ ਸੁਨਿ ਕੰਪਤ ਹੌਂ ਅੰਤਰਗਤਿ,
ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰਿ ਹੌਂ॥
ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ,
ਚੰਦਨ ਸੁਗੰਧ ਸਨਬੰਧ ਮਲਗਾਰ ਹੌਂ॥
ਅਪਨੀ ਕਰਨੀ ਨਰਕ ਹੂੰ ਨ ਪਾਉ ਠਉਰ,
ਤੁਮਰੇ ਬਿਰਦ ਕਰਿ ਆਸਰੋ ਸਮ੍ਹਾਰ ਹੌਂ॥ ੫੦੩॥

(ਕਬਿੱਤ ਸਵੱਯੇ ਭਾ: ਗੁਰਦਾਸ)

ਸਾਹਿਬ ਕਹਿੰਦੇ ਹਨ, ਪਾਪ ਬਿਨਸ ਸਕਦੇ ਹਨ, ਪਰ ਸ਼ਰਤ ਇਕ ਹੈ ਕਿ ਸਾਈਂ ਦੇ ਨਾਮ ਵਿਚ ਜੁੜ ਜਾਈਂ।

ਦੇਖੋ, ਪ੍ਰਮਾਤਮਾ ਜਿੰਨਾ ਦਇਆਲੂ ਹੈ, ਸਾਈਂ ਦਾ ਸੰਤ ਵੀ ਓਨਾ ਹੀ ਦਇਆਲੂ ਹੈ। ਹੁਣ ਸਾਡੇ ਅੰਦਰ ਇਕ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਸੰਤ ਨਾਮ ਦੀ ਕੋਈ ਚੀਜ਼ ਨਹੀਂ ਪਰ ਦੂਜਾ ਪੱਖ ਅਸੀਂ ਸ਼ਰਧਾ ਵਾਲਾ ਵੀ ਲੈਂਦੇ ਹਾਂ। ਸੰਤ ਬਾਬਾ ਤੇਜਾ ਸਿੰਘ ਜੀ ਕਹਿੰਦੇ ਹਨ, ਹਜ਼ੂਰ ਦੀ ਹਜ਼ੂਰੀ ਵਿਚ ਕਹਿ ਦੇਈਏ ਕਿ ਅੱਜ ਸਿੱਖ ਕੋਈ ਨਹੀਂ, ਅੱਜ ਸੰਤ ਕੋਈ ਨਹੀਂ, ਅੱਜ ਗੁਰਸਿੱਖ ਕੋਈ ਨਹੀਂ। ਕਹਿਣ ਲੱਗੇ, ਪਰ ਚੇਤੇ ਰੱਖੀਂ ਬੋਲਣ ਤੋਂ ਪਹਿਲਾਂ ਕਿ ਕੀ ਤੇਰੇ ਇਹ ਸ਼ਬਦ ਗੁਰੂ ਦੀ ਬੇਅਦਬੀ ਤਾਂ ਨਹੀਂ ? ਉਹਨਾਂ ਨੇ ਦਲੀਲ ਦਿੱਤੀ। ਕਹਿੰਦੇ ਹਨ ਕਿ ਕਲਾਸ ਲੱਗੀ ਹੋਈ ਹੈ। ਟੀਚਰ ਕਲਾਸ ਨੂੰ ਪੜ੍ਹਾ ਰਿਹਾ ਹੈ। ਉਸ ਦੀ ਕਲਾਸ ਵਿਚ ਖੜੇ ਹੋ ਕੇ ਉਸ ਦੇ ਸਾਹਮਣੇ ਕਹਿ ਦੇਈਏ ਕਿ ਇਸ ਕਲਾਸ ਦਾ ਕੋਈ ਵੀ ਵਿਦਿਆਰਥੀ ਲਾਇਕ ਨਹੀਂ। ਇਸ ਕਲਾਸ ਦੇ ਕਿਸੇ ਵੀ ਬੱਚੇ ਕੋਲ ਕੋਈ ਗੁਣ ਨਹੀਂ ਤਾਂ ਕਹਿੰਦੇ ਹਨ ਕਿ ਬੱਚਿਆਂ ਨੇ ਤਾਂ ਕੀ ਬੋਲਣਾ ਹੈ, ਉਸ ਟੀਚਰ ਦੇ ਪੱਲੇ ਉਦੋਂ ਕੀ ਰਹੇਗਾ ਜਦੋਂ ਉਸ ਦੇ ਸਾਹਮਣੇ ਕਿਹਾ ਜਾਏ ਕਿ ਤੇਰੀ ਕਲਾਸ ਹੀ ਨਾਲਾਇਕ ਹੈ।

ਗੁਰੂ ਗ੍ਰੰਥ ਸਾਹਿਬ ਜਾਗਦੇ ਗੁਰੂ ਹਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੱਖ ਵੀ ਜੁੱਗੋ ਜੁੱਗ ਅਟੱਲ ਹੈ। ਇਹ ਗੱਲ ਵੱਖਰੀ ਹੈ ਕਿ ਤੇਰਾ ਹਿਰਦਾ ਹੀ ਉਸ ਨੂੰ ਦੇਖਣ ਵਾਲਾ ਨਹੀਂ। ਦੇਖੋ, ਪਹਿਲੀ ਗੱਲ ਗੁਰੂ ਦੇ ਚਰਨਾਂ ਵਿਚ ਅਰਦਾਸ ਕਰੀਏ, ਮੇਰੇ ਦਾਤਾ ! ਤੂੰ

ਬਚਾਈਂ। ਪਰ ਇੰਨਾ ਕੁ ਨਿਰਾਸ਼ ਨਾ ਹੋ ਜਾਈਂ ਕਿ ਸ਼ਾਇਦ ਇਸ ਜ਼ਿੰਦਗੀ ਵਿਚ ਮੇਰਾ ਭਲਾ ਨਹੀਂ ਹੋਣਾ। ਤੂੰ ਪੂਰੇ ਗੁਰੂ ਦਾ ਲੜ ਫੜ ਕੇ ਦੇਖ, ਸਤਿਗੁਰੂ ਤਾਂ ਅੰਦਰ ਨੂੰ ਧੋ ਕੇ ਰੱਖ ਦਿੰਦੇ ਹਨ। ਨਾਮ ਉਹ ਹੈ, ਜਿਹੜਾ ਪਾਪੀ ਦੇ ਅੰਦਰ ਨੂੰ ਧੋ ਕੇ ਪਵਿੱਤਰ ਕਰ ਦਿੰਦਾ ਹੈ। ਅੱਜ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ :-

ਕੋਟਿ ਦਾਨ ਇਸਨਾਨੰ

ਜੇ ਤੂੰ ਕਰੋੜਾਂ ਤਰ੍ਹਾਂ ਦਾ ਦਾਨ ਵੀ ਕਰੇਂ ਤੇ ਇਸ਼ਨਾਨ ਵੀ ਕਰੇਂ :-

ਅਨਿਕ ਸੋਧਨ ਪਵਿਤ੍ਰਤਹ॥

ਅਨੇਕਾਂ ਤਰ੍ਹਾਂ ਦੀ ਸਿੱਧੀ ਕਰੇ, ਆਪਣੇ ਤਨ ਨੂੰ ਪਵਿੱਤਰ ਕਰੇਂ, ਪਰ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਤੇਰੀ ਮੈਲ ਨਹੀਂ ਉਤਰਨੀ।

ਉਚਰੰਤਿ ਨਾਨਕ ਹਰਿ ਹਰਿ ਰਸਨਾ

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਤੂੰ ਆਪਣੀ ਰਸਨਾ ਨਾਲ ਵਿਚਾਰ। ਵਾਹਿਗੁਰੂ ਸਿਮਰ ਤੇ ਜੇ ਤੂੰ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਸਿਮਰੇਂਗਾ ਤਾਂ :-

ਸਰਬ ਪਾਪ ਬਿਮੁਚਤੇ॥ ੧॥

ਜਿੰਨੇ ਵੀ ਤੇਰੇ ਕੀਤੇ ਹੋਏ ਪਾਪ ਹਨ, ਇਕੋ-ਦੋ-ਚਾਰ ਨਹੀਂ, ਜਿੰਨੇ ਵੀ ਹਨ, ਸਾਰੇ ਦੂਰ ਹੋ ਜਾਣਗੇ। ਫਿਰ ਦੂਜਾ ਫੁਰਮਾਣ ਕੀਤਾ :-

ਈਧਣੁ ਕੀਤੋਮੂ ਘਣਾ

ਬਹੁਤ ਸਾਰੀਆਂ ਲੱਕੜਾਂ ਇਕੱਠੀਆਂ ਕਰ ਲਈਆਂ।

ਭੋਰੀ ਦਿਤੀਮੁ ਭਾਹਿ॥

ਲੱਕੜਾਂ ਭਾਵੇਂ ਹਜ਼ਾਰ ਮਣ ਹੋਣ, ਪਰ ਅੱਗ ਨੂੰ ਹਜ਼ਾਰ ਮਣ ਦੀ ਲੋੜ ਨਹੀਂ। ਅੱਗ ਦੀ ਛੋਟੀ ਜਿਹੀ ਚਿਣਗ ਹੀ ਕਾਫ਼ੀ ਹੈ।

ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥ ੨॥

ਜਦੋਂ ਸੱਚੇ ਸਾਈਂ ਦੇ ਨਾਮ ਦੀ ਚਿਣਗ ਅੰਦਰ ਵੱਸ ਗਈ ਤਾਂ ਤੇਰੇ ਕਰੋੜਾਂ ਜਨਮਾਂ ਦੇ ਪਾਪਾਂ ਨੂੰ ਦੂਰ ਕਰ ਸਕਦੀ ਹੈ। ਹਜ਼ੂਰ ਨੇ ਪਉੜੀ ਵਿਚ ਬਖ਼ਸ਼ਿਸ਼ ਕੀਤੀ :-

ਪਉੜੀ॥ ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ॥

ਜਦੋਂ ਤੂੰ ਨਾਮ ਸਿਮਰੇਂਗਾ ਤਾਂ ਤੇਰੇ ਕਰੋੜਾਂ ਪਾਪ ਦੂਰ ਹੋ ਜਾਣਗੇ। ਕਿਵੇਂ ਹੋਣਗੇ ? ਸਾਹਿਬ ਜੀ ਬਾਣੀ ਵਿਚ ਬਚਨ ਵੀ ਕਰਦੇ ਹਨ :-

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥

ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ॥
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥ ੨ ॥....
ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ॥
ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ॥

(ਅੰਗ ੭੦)

ਨਾਮ ਤਾਰ ਦਿੰਦਾ ਹੈ। ਸਾਹਿਬ ਕਹਿਣ ਲੱਗੇ :-

ਮਨ ਚਿੰਦੇ ਫਲ ਪਾਇਅਹਿ ਹਰਿ ਕੇ ਗੁਣ ਗਾਉ॥

ਹਰੀ ਦੇ ਗੁਣ ਗਾ, ਜੋ ਕੁਝ ਤੂੰ ਮਨ ਵਿਚ ਚਿਤਵੇਂਗਾ, ਉਹ ਪੂਰਾ ਹੋ ਜਾਏਗਾ।

ਜਨਮ ਮਰਣ ਭੈ ਕਟੀਅਹਿ ਨਿਹਚਲ ਸਚ ਥਾਉ॥

ਸੱਚੀ ਸਰਕਾਰ ਦੇ ਦਰ 'ਤੇ ਤੇਰਾ ਜਨਮ ਮਰਨ ਦਾ ਦੁੱਖ ਕੱਟਿਆ ਜਾਏਗਾ। ਇਹ ਉਹ ਥਾਂ ਹੈ ਜਿਹੜੀ ਕਿਸੇ ਨੇ ਖੋਹਣੀ ਨਹੀਂ। ਬਾਕੀ ਤਾਂ ਸਾਰੀਆਂ ਥਾਵਾਂ ਖੋਹ ਲੈਣੀਆਂ ਹਨ। ਹਜ਼ੂਰ ਅੱਗੇ ਕ੍ਰਿਪਾ ਕਰਦੇ ਹਨ :-

ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ॥

ਪੂਰਬਲੇ ਭਾਗ ਲਿਖੇ ਹੋਣ ਤਾਂ ਹਰੀ ਦੇ ਚਰਨਾਂ ਵਿਚ ਸਮਾਅ ਜਾਈਏ।

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ॥ ੫ ॥

ਧੰਨ ਗੁਰੂ ਅਰਜਨ ਦੇਵ ਜੀ ਫ਼ਰਮਾਂਦੇ ਹਨ, ਕ੍ਰਿਪਾ ਕਰੋ, ਮੈਨੂੰ ਰੱਖ ਲਉ, ਮੇਰੇ ਕਰਮ ਇਹੋ ਜਿਹੇ ਨਹੀਂ। ਸਾਨੂੰ ਅਰਦਾਸ ਕਰਨ ਦਾ ਢੰਗ ਦੱਸਦੇ ਹਨ। ਮੇਰੇ ਮਾਲਕ ! ਜੇ ਤੂੰ ਰੱਖ ਸਕਦਾ ਹੈਂ ਤਾਂ ਕ੍ਰਿਪਾ ਕਰ।

ਸਾਰੀ ਵਿਚਾਰ ਦਾ ਕੇਂਦਰੀ ਭਾਵ ਇਹ ਹੈ ਕਿ ਮਨਾ ! ਨਿਰਾਸ਼ ਨਾ ਹੋਈਂ। ਸਾਈਂ ਦਾ ਨਾਮ ਅੰਦਰ ਦੇ ਪਾਪ ਨੂੰ ਦਗਦ ਕਰ ਦਿੰਦਾ ਹੈ। ਇੰਨੀਆਂ ਕੁ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸੁੰਦਰ ਸੇਜ ਅਨੇਕ ਸੁਖ

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

ੴ ਸਤਿਗੁਰ ਪ੍ਰਸਾਦਿ ॥

ਸਲੋਕ ॥

ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ ॥
ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ ॥ ੧ ॥
ਮੁਚੁ ਅਡੰਬਰੁ ਹਭੁ ਕਿਹੁ ਮੰਝਿ ਮੁਹਬਤਿ ਨੇਹ ॥
ਸੋ ਸਾਂਈ ਜੈਂ ਵਿਸਰੈ ਨਾਨਕ ਸੋ ਤਨੁ ਖੇਹ ॥ ੨ ॥

ਪਉੜੀ ॥

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥
ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥ ੬ ॥

(ਅੰਗ ੭੦੭)

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ ! ਗੁਰੂ ਪੰਚਮ ਪਾਤਿਸ਼ਾਹ ਜੀ ਦੀ ਇਸ ਬਾਣੀ ਵਿਚ ਪਉੜੀ ਤੇ ਸਲੋਕ ਦਾ ਸਿਧਾਂਤ ਇਕੋ ਹੀ ਹੈ। ਜੋ ਬਚਨ ਗੁਰੂਦੇਵ ਸਲੋਕ ਦੇ ਅੰਦਰ ਬਖ਼ਸ਼ਿਸ਼ ਕਰਦੇ ਹਨ, ਸਤਿਗੁਰੂ ਪਉੜੀ ਵਿਚ ਉਸ ਬਚਨ ਦਾ ਵਿਸਥਾਰ ਕਰਦੇ ਹਨ। ਅਸੀਂ ਹਜ਼ੂਰ ਦੇ ਬਚਨ ਪੜ੍ਹਦੇ ਹਾਂ :-

ਮਨਿ ਸਾਚਾ ਮੁਖਿ ਸਾਚਾ ਸੋਇ ॥

ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥

(ਸੁਖਮਨੀ ਸਾਹਿਬ)

ਪੂਰੀ ਪਉੜੀ ਵਿਚ ਮੇਰੇ ਗੁਰੂ ਨੇ ਬ੍ਰਹਮ ਗਿਆਨੀ ਦੇ ਲੱਛਣ ਬਿਆਨ ਕੀਤੇ ਹਨ ਕਿ ਉਸ ਦੇ ਕੋਲ ਕਿੰਨੇ ਕੁ ਗੁਣ ਹਨ। ਇਸੇ ਤਰ੍ਹਾਂ ਗੁਰੂ ਨੇ ਜੈਤਸਰੀ ਦੀ ਵਾਰ ਵਿਚ ਵੀ ਬਚਨ ਸਲੋਕ ਵਿਚ ਕਹੇ ਹਨ ਤੇ ਪਉੜੀ ਵਿਚ ਉਸ ਦੀ ਵਿਆਖਿਆ ਕੀਤੀ ਹੈ।

ਕਿਸੇ ਮਨੁੱਖ ਕੋਲ ਦੁਨੀਆਂ ਦੇ ਬਹੁਤ ਸਾਰੇ ਪਦਾਰਥ ਹੋਣ, ਘਰ ਵੀ ਉਸ ਦਾ ਆਲੀਸ਼ਾਨ ਬਣਿਆ ਹੋਵੇ, ਉਸ ਕੋਲ ਤਨ ਢੱਕਣ ਲਈ ਕੀਮਤੀ ਬਸਤਰ ਹੋਣ ਤੇ ਦੁਨੀਆਂ ਦੇ ਪਦਾਰਥ ਚੱਖਣ ਲਈ ਉਸ ਦੇ ਕੋਲ ਧਨ ਦੀ ਕਮੀ ਵੀ ਨਾ ਹੋਵੇ ਤੇ ਜੇ ਇੰਨਾ ਕੁਝ ਪ੍ਰਾਪਤ ਕਰਕੇ ਸਾਈਂ ਹਿਰਦੇ ਵਿਚੋਂ ਵਿਸਰ ਗਿਆ ਤਾਂ ਇਕ ਗੱਲ ਚੇਤੇ ਰੱਖੀਂ ਕਿ ਤੇਰੇ ਵਿਚ ਤੇ ਗੰਦਗੀ ਦੇ ਕੀੜੇ ਵਿਚ ਕੋਈ ਅੰਤਰ ਨਹੀਂ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਅਸੀਂ ਸਭ ਤੋਂ ਪਹਿਲਾਂ ਰਾਗ ਪੜ੍ਹਦੇ ਹਾਂ ਸ੍ਰੀਰਾਗ। ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਹਨ, ਪਰ ਕੁਝ ਬਾਣੀ ਐਸੀ ਹੈ ਜੋ ਰਾਗ ਮੁਕਤ ਹੈ। ਉਦਾਹਰਨ ਦੇ ਤੌਰ 'ਤੇ ਅਸੀਂ ਜਪੁ ਜੀ ਸਾਹਿਬ ਦਾ ਪਾਠ ਕਰਦੇ ਹਾਂ। ਜਪੁ ਜੀ ਸਾਹਿਬ ਦੀ ਪਵਿੱਤਰ ਬਾਣੀ ਉੱਤੇ ਹਜ਼ੂਰ ਨੇ ਮਹਲਾ ਸ਼ਬਦ ਵੀ ਨਹੀਂ ਦਿੱਤਾ। ਗੁਰੂ ਨਾਨਕ ਦੇਵ ਸੱਚੇ ਪਾਤਿਸ਼ਾਹ ਜਦੋਂ ਜਪੁ ਜੀ ਸਾਹਿਬ ਦੀ ਪਵਿੱਤਰ ਬਾਣੀ ਨੂੰ ਮੂੰਹ ਤੋਂ ਉਚਾਰਦੇ ਹਨ ਤਾਂ ਇਕ ਬਚਨ ਕਹਿੰਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਦਾ ਜਪ ਟਿੱਕ ਜਾਏਗਾ ਤਾਂ ਉਸ ਦੇ ਕੋਲ ਪ੍ਰਮਾਤਮਾ ਦੇ ਘਰ ਦਾ ਨਿਸ਼ਾਨ ਹੋ ਜਾਏਗਾ। ਜਿਸ ਦੇ ਕੋਲ ਗੁਰੂ ਦੀ ਬਖ਼ਸ਼ੀ ਰਾਹਦਾਰੀ ਹੋਵੇਗੀ ਤਾਂ ਸਾਈਂ ਦੇ ਘਰ ਵਿਚ ਉਸ ਦਾ ਕੋਈ ਲੇਖਾ ਪੁੱਛਣ ਵਾਲਾ ਨਹੀਂ। ਸਤਿਗੁਰੂ ਨੇ ਪਹਿਲਾ ਰਾਗ ਸ੍ਰੀਰਾਗ ਅੰਕਿਤ ਕੀਤਾ। ਗੁਰੂ ਅਰਜਨ ਦੇਵ ਜੀ ਨੇ ਅੰਤਲਾ ਰਾਗ ਪ੍ਰਭਾਤੀ ਦਰਜ ਕੀਤਾ।

ਸ੍ਰੀਰਾਗ ਦੇ ਗਾਉਣ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਜਿਹੜਾ ਪ੍ਰਭਾਤੀ ਰਾਗ ਹੈ, ਇਸ ਦੇ ਗਾਉਣ ਦਾ ਸਮਾਂ ਪ੍ਰਭਾਤ ਹੈ। ਗੁਰਮੁਖ ਕਹਿੰਦੇ ਹਨ ਕਿ ਕਦੀ ਤੁਸੀਂ ਸਤਿਗੁਰੂ ਦੀ ਇਸ ਤਰਤੀਬ ਸਬੰਧੀ ਸੋਚਿਐ ? ਹਜ਼ੂਰ ਕਹਿਣ ਲੱਗੇ, ਸ੍ਰੀ ਰਾਗ ਦਾ ਸੰਬੰਧ ਕਾਲੀ ਬੋਲੀ ਰਾਤ ਦੇ ਪਹਿਲੇ ਪਹਿਰ ਨਾਲ ਹੈ ਤੇ ਪ੍ਰਭਾਤੀ ਰਾਗ ਦਾ ਸਮਾਂ ਪ੍ਰਭਾਤ ਵੇਲੇ ਨਾਲ ਹੈ। ਸਤਿਗੁਰੂ ਕਹਿਣ ਲੱਗੇ ਕਿ ਇਸ ਸੰਸਾਰ ਵਿਚ ਮੱਸਿਆ ਦੀ ਕਾਲੀ ਬੋਲੀ ਰਾਤ ਦੀ ਤਰ੍ਹਾਂ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਭਟਕ ਗਿਆ ਹੈ। ਜੇ ਇਸ ਦੀ ਕਾਲੀ ਬੋਲੀ ਰਾਤ ਨੂੰ ਚੀਰ ਕੇ ਇਸ ਦੀ ਜ਼ਿੰਦਗੀ ਵਿਚ ਪ੍ਰਭਾਤ ਲਿਆਉਣੀ ਹੈ ਤਾਂ ਜ਼ਰੂਰੀ ਹੈ ਕਿ ਜੇ ਕਿਤੇ ਸ੍ਰੀਰਾਗ ਨਾਲ ਜੁੜ ਕੇ ਤੂੰ ਭਾਵਨਾ ਨਾਲ ਬਾਣੀ ਪੜ੍ਹਦਾ ਪਿਆ ਹੈਂ ਤੇ ਪ੍ਰਭਾਤੀ ਤੱਕ ਪਹੁੰਚਦਾ ਹੈਂ ਤਾਂ ਚੇਤੇ ਰੱਖੀਂ ਸ੍ਰੀਰਾਗ ਗਾਇਆ ਜਾਂਦਾ ਹੈ ਰਾਤ ਦੇ ਪਹਿਲੇ ਪਹਿਰ ਵਿਚ ਤੇ ਪ੍ਰਭਾਤੀ ਗਾਇਆ ਜਾਂਦਾ

ਹੈ ਪ੍ਰਭਾਤ ਵੇਲੇ। ਤੇਰੀ ਜ਼ਿੰਦਗੀ ਦੀ ਕਾਲੀ ਬੋਲੀ ਰਾਤ ਨੂੰ ਸ਼ਬਦ ਚੀਰ ਦੇਵੇਗਾ। ਸੱਚ ਜਾਣੀਂ, ਹਨੇਰੇ ਨੇ ਕਿਤੇ ਟਿਕੇ ਰਹਿਣਾ ਹੈ ? ਤੇਰੀ ਜ਼ਿੰਦਗੀ ਵਿਚ ਵੀ ਨਾਮ ਤੇ ਖ਼ੁਸ਼ਹਾਲੀ ਦੀ ਪ੍ਰਭਾਤ ਆਏਗੀ। ਅਖ਼ੀਰ ਵਿਚ ਹਜ਼ੂਰ ਨੇ ਰਾਗ ਜੈਜੈਵੰਤੀ ਦਰਜ ਕੀਤਾ।

ਰਾਜਸਥਾਨ ਦੇ ਇਲਾਕੇ ਵਿਚ ਜਦੋਂ ਕੋਈ ਸੂਰਮਾ ਮੈਦਾਨੇ-ਜੰਗ ਵਿਚ ਉਤਰਦਾ ਸੀ ਅਤੇ ਦੁਸ਼ਮਣ ਨਾਲ ਜੂਝਣਾ ਤੇ ਜਿੱਤ ਕੇ ਜਦੋਂ ਉਸ ਨੇ ਵਾਪਿਸ ਆਉਣਾ ਤਾਂ ਉਸ ਸਮੇਂ ਉਸ ਦੀ ਆਉਣ ਦੀ ਖ਼ੁਸ਼ੀ ਵਿਚ ਰਾਗ ਜੈਜੈਵੰਤੀ ਗਾਇਆ ਜਾਂਦਾ ਸੀ, ਕਿਉਂਕਿ ਸੂਰਮਾ ਮੈਦਾਨ ਵਿਚੋਂ ਫਤਹਿ ਕਰਕੇ ਆਇਆ ਹੈ। ਸਾਹਿਬ ਕਹਿੰਦੇ ਹਨ ਕਿ ਤੇਰੀ ਜ਼ਿੰਦਗੀ ਵਿਚ ਜੇ ਨਾਮ ਦੀ ਪ੍ਰਭਾਤ ਹੈ ਤਾਂ ਜਦੋਂ ਤੂੰ ਸਾਈਂ ਦੇ ਦਰ 'ਤੇ ਜਾਏਂਗਾ ਅਤੇ ਇਸ ਮੱਲ ਅਖਾੜੇ ਨੂੰ ਜਿੱਤ ਕੇ ਨਿਕਲ ਗਿਆ ਤਾਂ ਸੱਚ ਜਾਣੀਂ, ਤੇਰੇ ਆਉਣ 'ਤੇ ਵੀ ਜੈਜੈਵੰਤੀ ਦੇ ਗੀਤ ਗਾਏ ਜਾਣਗੇ।

ਹਜ਼ੂਰ ਅੱਜ ਕਹਿ ਰਹੇ ਹਨ ਕਿ ਦੁਨੀਆਂ ਦੇ ਪਦਾਰਥ ਤੇ ਦੁਨੀਆਂ ਦਾ ਸਾਜ਼ੋ-ਸਾਮਾਨ ਮਨੁੱਖ ਦੇ ਅੰਦਰ ਨੂੰ ਥਿੜਕਾ ਕੇ ਰੱਖ ਦਿੰਦਾ ਹੈ। ਸਾਹਿਬ ਕਹਿਣ ਲੱਗੇ ਕਿ ਜੇ ਤੇਰਾ ਘਰ ਬਣੇ ਤੇ ਉਸ ਘਰ ਦੇ ਅੰਦਰ ਕੋਈ ਸੀਮੈਂਟ, ਕੋਈ ਬਜਰੀ, ਕੋਈ ਪੱਥਰ ਨਹੀਂ ਤਾਂ ਮੈਂ ਚਾਹੁੰਦਾ ਹਾਂ ਕਿ ਤੇਰੇ ਘਰ ਦੀਆਂ ਜਿਹੜੀਆਂ ਦੀਵਾਰਾਂ ਹਨ, ਉਹਨਾਂ ਨੂੰ ਇੱਟਾਂ ਤੇ ਲੱਕੜੀ ਦੀ ਬਜਾਏ ਸੁੱਚੇ ਮੋਤੀਆਂ ਦੇ ਢੇਰ ਲੱਗੇ ਹੋਣ ਤੇ ਇਹਨਾਂ ਮੋਤੀਆਂ ਦੇ ਢੇਰ ਨਾਲ ਤੇਰੇ ਘਰ ਦੀਆਂ ਦੀਵਾਰਾਂ ਉਸਾਰੀਆਂ ਜਾਣ। ਹਜ਼ੂਰ ਕਹਿੰਦੇ ਹਨ ਕਿ ਤੇਰੇ ਘਰ ਵਿਚ ਚੰਦਨ ਦਾ ਲੇਪਨ ਹੋਇਆ ਹੋਵੇ। ਤੇਰੇ ਚਾਰ ਚੁਫੇਰੇ ਕੀਮਤੀ ਰਤਨ ਚਮਕਦੇ ਹੋਣ ਤਾਂ ਗੁਰਮੁਖਾ ! ਇਕ ਗੱਲ ਯਾਦ ਰੱਖੀਂ, ਮੋਤੀਆਂ ਦੇ ਬਣੇ ਘਰ ਲੈ ਕੇ, ਘਰ ਵਿਚ ਸੋਹਣੀ ਸੇਜ ਹੋਵੇ, ਇੰਨਾ ਕੁਝ ਲੈ ਕੇ ਮੇਰੇ ਕਰਤੇ ਪੁਰਖ ਨੂੰ ਆਪਣੇ ਹਿਰਦੇ ਵਿਚੋਂ ਵਿਸਾਰੀਂ ਨਾ। ਹਜ਼ੂਰ ਕਹਿੰਦੇ ਹਨ :-

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥

ਸਾਹਿਬ ਨੇ ਅਗਲਾ ਬਚਨ ਕੀਤਾ :-

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰ ਰੰਗਿ ਪਸਾਉ ॥

ਇੰਨਾ ਦੁਨੀਆਂ ਦਾ ਸੁੱਖ ਲੈ ਕੇ :-

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥

(ਅੰਗ ੧੪)

ਗੁਰਸਿੱਖ ਪੁੱਛਦਾ ਹੈ ਕਿ ਸਤਿਗੁਰੂ ! ਜਦੋਂ ਸਾਈਂ ਵਿਸਰ ਜਾਵੇ ਤਾਂ ਕੀ ਇਹ ਪਦਾਰਥ, ਕੀ ਇਹ ਧਨ, ਕੀ ਇਹ ਘਰ, ਕੀ ਇਹ ਸੁਆਦਿਸ਼ਟ ਭੋਜਨ ਬੰਦੇ ਨੂੰ ਅਸਰ ਨਹੀਂ ਕਰਦੇ ? ਗੁਰੂ ਨਾਨਕ ਦੇਵ ਸੱਚੇ ਪਾਤਿਸ਼ਾਹ ਕਹਿੰਦੇ ਹਨ, ਭਾਵੇਂ ਪਦਾਰਥਾਂ ਦੀ ਬਹੁਤਾਤ ਹੋਵੇ, ਪਰ ਮੈਂ ਆਪਣੇ ਸਤਿਗੁਰੂ ਤੋਂ ਪੁੱਛ ਕੇ ਆਇਆ ਹਾਂ। ਉਹਨਾਂ ਨੇ ਮੋਹਰ ਲਾ ਕੇ ਕਹਿ ਦਿੱਤਾ ਹੈ ਕਿ ਸਭ ਕੁਝ ਦੁਨੀਆਂ ਦਾ ਹੋਵੇ ਪਰ ਜੇ ਸਾਈਂ ਅੰਦਰ ਨਹੀਂ ਤਾਂ ਤਨ ਇਸ ਤਰ੍ਹਾਂ ਜਲਣਾ ਹੈ ਜਿਵੇਂ ਕਿਸੇ ਨੇ ਤਨ ਨੂੰ ਅੱਗ ਦਾ ਲਾਮਬੂ ਲਾ ਦਿੱਤਾ ਹੋਵੇ। ਸਤਿਗੁਰੂ ਨੇ ਬਚਨ ਕੀਤਾ :-

ਹਰਿ ਬਿਨੁ ਜੀਉ ਜਲਿ ਬਲਿ ਜਾਉ॥

ਹੇ ਮੇਰੇ ਹਰੀ ! ਭਾਵੇਂ ਦੁਨੀਆਂ ਦੇ ਸੁੱਖ ਬੜੇ ਹਨ, ਪਰ ਤੇਰੇ ਨਾਮ ਤੋਂ ਬਿਨਾ ਜਿੰਦ ਵਿਲਕਦੀ ਪਈ ਹੈ।

ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ੧॥ ਰਹਾਉ॥

(ਅੰਗ ੧੪)

ਤੇਰੇ ਨਾਮ ਤੋਂ ਬਿਨਾਂ ਹੋਰ ਕੋਈ ਵੀ ਟਿਕਾਣਾ ਨਹੀਂ। ਜੈਤਸਰੀ ਦੀ ਵਾਰ ਵਿਚ ਇਕ ਸ਼ਬਦ ਆਉਂਦਾ ਹੈ :-

ਬਸੰਤ ਸੂਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥

ਕਹਿਣ ਲੱਗੇ, ਕੋਈ ਮਨੁੱਖ ਬਸੰਤ ਸਵਰਗ ਲੋਕ ਵਿਚ ਵੱਸਦਾ ਹੋਵੇ ਤੇ ਸਾਰੀ ਧਰਤੀ ਨੂੰ ਜਿੱਤ ਕੇ ਬੈਠਾ ਹੋਵੇ, ਪਰ ਜੇ ਸਾਈਂ ਭੁੱਲ ਜਾਵੇ ਤਾਂ :-

ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ॥ ੧॥

(ਅੰਗ ੭੦੭)

ਜੇ ਸਾਈਂ ਭੁੱਲਿਆ, ਉਹ ਜੰਗਲ ਵਿਚ ਭਟਕ ਗਿਆ ਹੈ ਤਾਂ ਦਾਤਾ ਇੰਨਾ ਸੁੱਖ ਤਾਂ ਉਸ ਦੇ ਕੋਲ ਹੈ। ਸਾਹਿਬ ਕਹਿੰਦੇ ਹਨ, ਨਹੀਂ ਉਏ :-

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥ ੨॥

(ਅੰਗ ੭੦੭)

ਉਹ ਥਾਂ ਉਜਾੜ ਹੈ। ਉਸ ਦਾ ਤਨ ਇਸ ਤਰ੍ਹਾਂ ਹੈ ਜਿਵੇਂ ਪੱਕਾ ਰੋਗ ਲੱਗ ਗਿਆ ਹੋਵੇ।

ਗੁਰੂ ਨਾਨਕ ਦੇਵ ਜੀ ਨੇ ਦੀਪਾਲਪੁਰ ਦੀ ਧਰਤੀ 'ਤੇ ਇਹੀ ਬਚਨ ਇਕ ਕੋੜ੍ਹੀ ਨੂੰ ਕਹੇ ਸਨ। ਜਦੋਂ ਸਾਰੇ ਪਿੰਡ ਵਿਚੋਂ ਕਿਸੇ ਨੇ ਵੀ ਗੁਰਦੇਵ ਨੂੰ ਜੀ ਆਇਆਂ ਨਾ ਕਿਹਾ ਤਾਂ ਆਪ ਉਸ ਕੋੜ੍ਹੀ ਦੇ ਦਰਵਾਜ਼ੇ ਅੱਗੇ ਜਾ ਖੜੇ ਹੋਏ। ਦਰਵਾਜ਼ਾ ਖੜਕਾ ਕੇ ਕਿਹਾ, ਸੱਜਣਾ ! ਇਕ

ਰਾਤ ਰਹਿਣਾ ਹੈ, ਤੂੰ ਰਹਿਣ ਬਸੇਰੇ ਲਈ ਥਾਂ ਦੇ ਸਕਦਾ ਹੈਂ ? ਅੰਦਰੋਂ ਆਵਾਜ਼ ਆਈ ਸੀ, ਹੇ ਰਾਹੀ ! ਕਿਤੇ ਤੂੰ ਭੁੱਲ ਤਾਂ ਨਹੀਂ ਗਿਆ ? ਕਹਿਣ ਲੱਗੇ, ਕਿਉਂ ? ਕਹਿਣ ਲੱਗਾ, ਮੇਰੇ ਤੋਂ ਤਾਂ ਆਪਣਾ ਪਰਿਵਾਰ ਵੀ ਨਫ਼ਰਤ ਪਿਆ ਕਰਦਾ ਹੈ। ਸਿਰ ਤੋਂ ਪੈਰਾਂ ਤੱਕ ਮੇਰਾ ਤਨ ਰੋਗੀ ਹੋ ਗਿਆ ਹੈ। ਹੇ ਮੇਰੇ ਬਾਬਾ ! ਦੇਖੀਂ ਕਿਤੇ ਭੁਲੇਖੇ ਨਾਲ ਆ ਗਿਆ ਹੈਂ ਤਾਂ ਮੇਰੇ ਤਨ ਨੂੰ ਦੇਖ ਕੇ ਤੈਨੂੰ ਬੜੀ ਨਿਰਾਸਤਾ ਹੋਵੇਗੀ। ਸਾਹਿਬ ਨੇ ਕਿਹਾ, ਤੂੰ ਦਰਵਾਜ਼ਾ ਤਾਂ ਖੋਲ੍ਹ। ਕੋੜ੍ਹੀ ਰੋ ਪਿਆ। ਜਦੋਂ ਬੰਦੇ ਦੇ ਅੰਦਰ ਪਛਤਾਵੇ ਦੇ ਅੱਥਰੂ ਬਾਹਰ ਆ ਜਾਣ ਤਾਂ ਉਹ ਪਛਤਾਵੇ ਦੇ ਅੱਥਰੂ ਕਰੋੜਾਂ ਜਨਮਾਂ ਦੀ ਮੈਲ ਧੋ ਕੇ ਰੱਖ ਦਿੰਦੇ ਹਨ।

ਭਾਈ ਵੀਰ ਸਿੰਘ ਜੀ ਨੇ ਇਕ ਸ਼ਬਦ ਕਿਹਾ। ਸਾਡੇ ਸਮਾਜ ਦੀ ਇਕ ਰੀਤ ਹੈ ਕਿ ਜੇ ਇਕ ਵਾਰੀ ਕੋਈ ਡਿੱਗ ਪਿਆ ਤਾਂ ਉਸ ਨੂੰ ਹਮਦਰਦੀ ਨਾਲ ਚੁੱਕਣ ਵਾਲੇ ਘੱਟ ਮਿਲਣਗੇ, ਪਰ ਲਤਾੜਣ ਵਾਲੇ ਬਹੁਤ ਜ਼ਿਆਦਾ ਮਿਲ ਜਾਣਗੇ। ਭਾਈ ਵੀਰ ਸਿੰਘ ਕਹਿੰਦੇ ਹਨ :-

ਤੂੰ ਪਾਪੀ ਤੂੰ ਪਾਪੀ ਪੰਡਿਤ ਕਹਿ ਕਹਿ ਜਿੰਦ ਸੁਕਾਈ।
ਬਖ਼ਸ਼ਣ ਵਾਲਾ ਕਿਤੋਂ ਬਾਹਰ ਅਸੀਂ ਮਿਤ ਵਿਚ ਭਾਈ॥

ਕਹਿਣ ਲੱਗੇ ਕਿ ਤੂੰ ਮੈਨੂੰ ਇਹ ਕਹਿ ਕੇ ਜ਼ਲੀਲ ਕਰਦਾ ਹੈਂ ਕਿ ਤੂੰ ਪਾਪੀ ਹੈਂ, ਤੂੰ ਪਾਪੀ ਹੈਂ, ਪਰ ਮੈਨੂੰ ਇਕ ਗੱਲ ਸਮਝਾ ਦੇ, ਬਖ਼ਸ਼ਣ ਵਾਲਾ ਮਿਤ ਤੋਂ ਬਾਹਰ ਹੈ। ਜਿਸ ਦੀ ਗਿਣਤੀ ਮਿਣਤੀ ਕੋਈ ਨਹੀਂ, ਉਸ ਦੇ ਘਰ ਕਿੰਨੀ ਬਖ਼ਸ਼ਿਸ਼ ਹੈ। ਪਰ ਸੱਚ ਜਾਣੀਂ, ਅਸੀਂ ਪਾਪ ਕਰਨ ਵਾਲੇ ਗਿਣਤੀ ਮਿਣਤੀ ਵਿਚ ਹੀ ਰਹਿੰਦੇ ਹਾਂ। ਸਾਡੇ ਪਾਪ ਗਿਣਤੀ ਵਿਚ ਹੋ ਸਕਦੇ ਹਨ, ਪਰ ਉਸ ਦੀ ਬਖ਼ਸ਼ਿਸ਼ ਦੀ ਕੋਈ ਗਿਣਤੀ ਨਹੀਂ। ਮਿਤ ਵਾਲੇ ਦੇ ਕਰਮ ਅਮਿਤੇ ਹੁੰਦੇ ਹਨ। ਜਿਹੜਾ ਗਿਣਤੀ ਮਿਣਤੀ ਵਿਚ ਆ ਸਕਦਾ ਹੈ, ਉਸ ਦੇ ਕਰਮ ਕਦੀ ਅਮਿਣਵੇ ਨਹੀਂ ਹੋ ਸਕਦੇ। ਮਿਤ ਵਾਲੇ ਦੇ ਕਰਮ ਅਮਿਤੇ ਕਦੀ ਨਹੀਂ ਹੋ ਸਕਦੇ।

ਬਖ਼ਸ਼ ਅਮਿਤੇ ਦੀ ਜਿਤ ਪਾਊ ਮਿਤ ਦੇ ਕਰਮ ਉਡਾਈ।

ਜਿਸ ਦਿਨ ਉਸ ਅਮਿਤੇ ਨੇ, ਜਿਸ ਨੂੰ ਕੋਈ ਮਿਣ ਨਹੀਂ ਸਕਦਾ, ਉਸ ਨੇ ਬਖ਼ਸ਼ਿਸ਼ ਕੀਤੀ ਤਾਂ ਪਾਪਾਂ ਨੂੰ ਉਡਾ ਕੇ ਰੱਖ ਦੇਵੇਗਾ। ਸਤਿਗੁਰੂ ਬਾਣੀ ਵਿਚ ਵੀ ਬਚਨ ਕਰਦੇ ਹਨ।

ਉਸ ਰੋਗੀ ਨੇ ਕਿਹਾ, ਦਾਤਾ ! ਮੇਰੇ ਤਨ ਤੋਂ ਲੋਕ ਨਫ਼ਰਤ ਕਰਦੇ ਹਨ। ਹਜ਼ੂਰ ਕਹਿਣ ਲੱਗੇ, ਨਹੀਂ ਉਏ ਭਲਿਆ ! ਇਥੇ ਲੋਕਾਂ ਦੇ ਜਿਨ੍ਹਾਂ ਦੇ ਤੂੰ ਤਨ ਰੋਗੀ ਦੇਖਦਾ ਹੈਂ, ਉਹਨਾਂ ਦੇ ਮਨ ਨੂੰ ਕਦੀ ਝਾਤੀ ਮਾਰ ਕੇ ਦੇਖੀਂ। ਤੇਰੇ ਤਨ ਵਿਚੋਂ ਬਦਬੋ ਆਉਂਦੀ ਹੈ। ਸਸਕਾਰ ਹੋਵੇਗਾ ਤਾਂ ਮੌਤ ਤੋਂ ਬਾਅਦ ਤਨ ਮਿੱਟੀ ਵਿਚ ਮਿਲਿਆ ਤਾਂ ਇਸ ਬਦਬੋ ਨੇ ਬਿਨਸ ਜਾਣਾ ਹੈ, ਪਰ ਜਿਨ੍ਹਾਂ ਦੇ ਮਨ ਕੋੜ੍ਹੀ ਹੋ ਗਏ ਹਨ, ਉਹ ਕੋੜ੍ਹ ਤਾਂ ਉਹਨਾਂ ਦੇ ਕਈ ਜਨਮ ਨਾਲ ਹੀ ਤੁਰਿਆ ਜਾਣਾ ਹੈ। ਜਦੋਂ ਕਵਾੜ ਖੋਲ੍ਹਿਆ, ਮੇਰੇ ਸਾਈਂ ਦੇ ਦੀਦਾਰ ਕੀਤੇ ਤਾਂ ਭੁੱਬਾਂ ਮਾਰ

ਕੇ ਰੋ ਪਿਆ। ਉਥੇ ਗੁਰਦੇਵ ਨੇ ਕ੍ਰਿਪਾ ਕੀਤੀ ਕਿ ਤਨ ਨੂੰ ਰੋਗ ਲੱਗਣ ਦਾ ਕੀ ਕਾਰਨ ਸੀ ? ਕਹਿੰਦਾ ਹੈ, ਬਾਬਾ ! ਦੁਨੀਆਂ ਦੇ ਸਾਰੇ ਸੁੱਖ ਸਨ। ਕਹਿਣ ਲੱਗੇ, ਸੁੱਖ ਨਹੀਂ, ਸਾਧਨ ਸਨ।
2 ਸੁੱਖ ਤਾਂ ਅੰਦਰ ਦੀ ਸ਼ਾਂਤੀ ਦਾ ਨਾਮ ਹੈ।

ਸਾਧਨ ਤੇ ਸੁੱਖ ਵਿਚ ਬੜਾ ਫਰਕ ਹੈ। ਕੋਈ ਮਨੁੱਖ ਦੌਲਤ ਨਾਲ ਐਨਕ ਤਾਂ ਸੋਨੇ ਦੀ ਬਣਵਾ ਸਕਦਾ ਹੈ, ਪਰ ਚੇਤੇ ਰੱਖਿਉ, ਸੁੱਖ ਤਾਂ ਅੰਦਰੋਂ ਨਜ਼ਰ ਵਿਚ ਮਿਲਣਾ ਹੈ। ਕੋਈ ਮਨੁੱਖ ਰੁਪਈਆਂ ਨਾਲ ਕੀਮਤੀ ਕਿਤਾਬਾਂ ਤਾਂ ਖ਼ਰੀਦ ਸਕਦਾ ਹੈ, ਪਰ ਸੁੱਖ ਤਾਂ ਰੱਬ ਮੇਹਰ ਕਰੇ, ਉਹਨਾਂ ਨੂੰ ਕਮਾਉਣਾ ਸ਼ੁਰੂ ਕਰ ਦੇਵੇ ਤਾਂ ਹੀ ਪ੍ਰਾਪਤ ਹੋਣਾ ਹੈ। ਉਸ ਨੇ ਜਦੋਂ ਪੁੱਛਿਆ ਤਾਂ ਸਾਹਿਬ ਨੇ ਕਿਹਾ ਕਿ ਅੰਦਰ ਵਿਲਕਦਾ ਤਾਂ ਹੈ :-

ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥ ੨॥

ਕਹਿੰਦੇ ਹਨ, ਜਦੋਂ ਅੰਦਰ ਵਿਲਕਦਾ ਹੈ ਤਾਂ ਫਿਰ ਬੰਦਾ ਰੱਬ ਨੂੰ ਉਲਾਹਮੇ ਦਿੰਦਾ ਹੈ। ਸਾਹਿਬ ਕਹਿੰਦੇ ਹਨ, ਨਹੀਂ ਭਾਈ :-

ਬਹੁਤਾ ਬੋਲਣੁ ਝਖਣੁ ਹੋਇ॥
ਵਿਣੁ ਬੋਲੇ ਜਾਣੈ ਸਭੁ ਸੋਇ॥ ੧॥ ਰਹਾਉ॥
ਜਿਨਿ ਕਨ ਕੀਤੇ ਅਖੀ ਨਾਕ॥
ਜਿਨਿ ਜਿਹਵਾ ਦਿਤੀ ਬੋਲੇ ਤਾਤੁ॥
ਜਿਨਿ ਮਨੁ ਰਾਖਿਆ ਅਗਨੀ ਪਾਇ॥

ਜਿਸ ਮਾਲਕ ਨੇ ਬੋਲਣ ਲਈ ਜੀਭ ਦਿੱਤੀ, ਦੇਖਣ ਲਈ ਨੇਤਰ ਦਿੱਤੇ, ਸੁਣਨ ਲਈ ਕੰਨ ਦਿੱਤੇ :-

ਵਾਜੈ ਪਵਣੁ ਆਖੈ ਸਭ ਜਾਇ॥ ੨॥
ਜੇਤਾ ਮੋਹੁ ਪਰੀਤਿ ਸੁਆਦ॥

ਤੂੰ ਜਦੋਂ ਮੋਹ ਤੇ ਦੁਨੀਆਂ ਦੀ ਝੂਠੀ ਪ੍ਰੀਤ ਦੇ ਸੁਆਦ ਵਿਚ ਖਚਤ ਹੋ ਜਾਂਦਾ ਹੈਂ ਤਾਂ ਸੱਚ ਜਾਣੀਂ, ਇਹੀ ਅੰਦਰ ਦਾਗ਼ ਲੱਗ ਜਾਂਦੇ ਹਨ। ਮੋਹ ਹੀ ਤਾਂ ਅੰਦਰ ਝਰੀਟਾਂ ਪਾ ਦਿੰਦਾ ਹੈ। ਕਹਿਣ ਲੱਗੇ :-

ਜੇਤਾ ਮੋਹੁ ਪਰੀਤਿ ਸੁਆਦ॥
ਸਭਾ ਕਾਲਖ ਦਾਗਾ ਦਾਗ॥
ਦਾਗ ਦੋਸ ਮੁਹਿ ਚਲਿਆ ਲਾਇ॥
ਦਰਗਹ ਬੈਸਣ ਨਾਹੀ ਜਾਇ॥ ੩॥

ਕਰਮਿ ਮਿਲੈ ਆਖਣੁ ਤੇਰਾ ਨਾਉ॥
ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥
ਜੇ ਕੋ ਡੂਬੈ

ਜੇ ਪਦਾਰਥਾਂ ਵਿਚ ਕੋਈ ਡੁੱਬ ਗਿਆ ਹੈ :-

ਫਿਰਿ ਹੋਵੈ ਸਾਰ॥

ਤੁਸੀਂ ਡੁੱਬੇ ਹੋਏ ਦੀ ਵੀ ਸਾਰ ਕਰਦੇ ਹੋ।

ਨਾਨਕ ਸਾਚਾ ਸਰਬ ਦਾਤਾਰ॥੪॥

(ਅੰਗ ੬੬੧)

ਸੱਚਾ ਸਾਈਂ ਹਰ ਇਕ ਉੱਤੇ ਰਹਿਮਤ ਕਰਨ ਵਾਲਾ ਹੈ। ਹਜ਼ੂਰ ਪਹਿਲਾ ਬਚਨ ਕਰਦੇ ਹਨ ਕਿ ਤੇਰਾ ਘਰ ਸੋਹਣਾ ਹੋਵੇ, ਦੂਜਾ ਸੇਜ ਸੋਹਣੀ ਹੋਵੇ ਤੇ ਤੀਜੀ ਕ੍ਰਿਪਾ ਕੀਤੀ ਕਿ ਕਈ ਵਾਰੀ ਅੰਦਰ ਦੀ ਨਾਟਕ ਚੇਟਕ ਰਿਧੀ ਸਿਧੀ ਵੀ ਪਦਾਰਥ ਬਣ ਜਾਂਦੀ ਹੈ। ਜਿਸ ਕਰਕੇ ਸਾਈਂ ਦੀ ਯਾਦ ਹਿਰਦੇ ਵਿਚੋਂ ਨਿਕਲ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਦਾ ਇਕ ਪਿਆਰਾ ਸਿੱਖ ਹੋਇਆ ਹੈ। ਲਖਨਊ ਦੀ ਧਰਤੀ ਦਾ ਰਹਿਣ ਵਾਲਾ ਤੇ ਉਸ ਦਾ ਨਾਮ ਸੀ ਭਾਈ ਚੂਹੜ। ਗੁਰੂ ਅਰਜਨ ਦੇਵ ਜੀ ਦੇ ਵੇਲੇ ਉਸ ਨੇ ਦੂਰ-ਦੂਰ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਬੜਾ ਪ੍ਰਚਾਰ ਕੀਤਾ। ਉਹ ਆਮ ਤੌਰ 'ਤੇ ਕਵਿਤਾ ਵੀ ਕਰਦਾ ਸੀ। ਜਦੋਂ ਕਵਿਤਾ ਕਰਨੀ ਤਾਂ ਉਸ ਦੇ ਵਿਚ ਵੀ ਉਸ ਨੇ ਗੁਰਮਤਿ ਦਾ ਉਦੇਸ਼ ਦ੍ਰਿੜ੍ਹ ਕਰਾਉਣਾ। ਭਾਈ ਚੂਹੜ ਨੇ ਇਕ ਬਚਨ ਕਿਹਾ। ਉਹ ਕਹਿੰਦਾ ਹੈ ਕਿ ਇਕ ਬਾਦਸ਼ਾਹ ਹੈ, ਵਿਆਹ ਉਸ ਦਾ ਹੋਇਆ ਹੈ, ਪਰ ਸੰਤਾਨ ਉਸ ਦੇ ਘਰ ਨਹੀਂ। ਰਾਜੇ ਕੋਲ ਰਾਜ ਹੈ। ਅਮੀਰ, ਵਜ਼ੀਰ ਹਨ। ਭਾਗ ਬਹੁਤ ਲੱਗੇ ਹਨ, ਪਰ ਪਤਾ ਨਹੀਂ ਮਾਲਕ ਦੀ ਖੇਡ, ਘਰ ਸੰਤਾਨ ਨਹੀਂ। ਰਾਣੀ ਇੰਨੀ ਸੁਸ਼ੀਲ ਸੁਭਾਅ ਵਾਲੀ ਹੈ ਕਿ ਉਹ ਕਈ ਵਾਰੀ ਕਹਿੰਦੀ ਹੈ, ਰਾਜਨ ! ਤੇਰੇ ਘਰ ਦੁਨੀਆਂ ਦਾ ਹਰ ਸੁੱਖ ਹੈ, ਪਰ ਮੈਨੂੰ ਇਕ ਦੁੱਖ ਹੈ ਕਿ ਸਾਡੇ ਘਰ ਔਲਾਦ ਨਹੀਂ। ਉਸ ਨੇ ਹਮੇਸ਼ਾ ਕਹਿਣਾ, ਰਾਜਨ ! ਮੈਨੂੰ ਇਸ ਦੇ ਵਿਚ ਕੋਈ ਇਤਰਾਜ਼ ਨਹੀਂ ਜੇ ਤੂੰ ਦੂਸਰਾ ਵਿਆਹ ਵੀ ਰੱਚ ਲੈਂਦਾ ਹੈਂ। ਕੱਲ ਨੂੰ ਕੋਈ ਤੇਰਾ ਨਾਮ ਲੈਣ ਵਾਲਾ ਤਾਂ ਹੋਵੇ। ਰਾਜੇ ਨੇ ਇਕੋ ਗੱਲ ਕਹਿਣੀ, ਨਹੀਂ ਰਾਣੀ, ਤੇਰੇ ਦਿੱਤੇ ਹੋਏ ਅਦਬ ਤੇ ਪਿਆਰ ਨੇ ਮੈਨੂੰ ਸਭ ਕੁਝ ਭੁਲਾ ਦਿੱਤਾ ਹੈ। ਪਰ ਇਕ ਦਿਨ ਰਾਣੀ ਨੇ ਜ਼ੋਰ ਪਾਇਆ ਤੇ ਉਸ ਦਾ ਵਿਆਹ ਰਚਾ ਦਿੱਤਾ।

ਜਦੋਂ ਰਾਜੇ ਦਾ ਦੂਜਾ ਵਿਆਹ ਹੋਇਆ ਅਤੇ ਛੋਟੀ ਰਾਣੀ ਘਰ ਆਈ। ਦੋ ਚਾਰ ਦਿਨ ਉਹ ਟਿਕੀ ਤੇ ਪੰਜਵੇਂ ਸੱਤਵੇਂ ਦਿਨ ਉਸ ਨੇ ਇਕ ਗੱਲ ਕਹਿ ਦਿੱਤੀ— ਰਾਜਨ ! ਮੈਂ ਤੇਰੇ ਮਹਿਲ ਵਿਚ ਤਾਂ ਹੀ ਰਹਾਂਗੀ ਜੇਕਰ ਵੱਡੀ ਨੂੰ ਬਾਹਰ ਕੱਢੇਂਗਾ। ਹਾਲਾਂਕਿ ਘਰ ਵਿਚ

ਲਿਆਉਣ ਵਾਲੀ ਵੀ ਉਹ ਹੀ ਸੀ। ਉਹ ਬੜੀ ਭਾਵਨਾ ਵਾਲੀ ਸੀ। ਵੱਡੀ ਨੂੰ ਖ਼ਬਰ ਮਿਲੀ ਤੇ ਹੱਥ ਜੋੜ ਕੇ ਕਹਿੰਦੀ ਹੈ, ਮਾਲਕ ! ਮੈਂ ਤੇਰਾ ਘਰ ਵੱਸਦਾ ਦੇਖਣਾ ਚਾਹੁੰਦੀ ਹਾਂ। ਮੈਨੂੰ ਤੇਰੇ ਮਹਿਲ ਤੋਂ ਬਾਹਰ ਰਹਿਣਾ ਵੀ ਕਬੂਲ ਹੈ। ਉਹ ਜਦੋਂ ਮਹਿਲ ਛੱਡਣ ਲੱਗੀ ਤਾਂ ਛੋਟੀ ਨੂੰ ਜਾ ਕੇ ਕਹਿੰਦੀ ਹੈ, ਭੈਣੇ ! ਤੂੰ ਆਪਣੇ ਸਾਈਂ ਦਾ ਖ਼ਿਆਲ ਰੱਖੀਂ ਪਰ ਇਕ ਕ੍ਰਿਪਾ ਮੇਰੇ ਉੱਤੇ ਕਰ ਦੇ। ਨਾ ਮੈਂ ਤੇਰੇ ਇਸ ਖਾਣੇ ਵਾਲੀ ਜਗ੍ਹਾ 'ਤੇ ਆਵਾਂਗੀ, ਨਾ ਮੈਂ ਤੇਰੇ ਮਹਿਲ ਵਿਚ ਆਵਾਂਗੀ, ਪਰ ਇਕ ਮੇਰੇ 'ਤੇ ਮਿਹਰ ਕਰ ਦੇ, ਜਿਹੜੇ ਮੇਰੇ ਸਾਈਂ ਦੇ ਮੈਲੇ ਬਸਤਰ ਹੋਣ, ਮੈਨੂੰ ਧੋਣ ਲਈ ਦੇ ਦੇਈਂ। ਬਸਤਰਾਂ ਦੇ ਧੋਣ ਵਿਚ ਹੀ ਮੈਨੂੰ ਜ਼ਿੰਦਗੀ ਮਿਲ ਜਾਏਗੀ। ਮੈਂ ਤਾਂ ਸਿਰਫ਼ ਸਾਈਂ ਦੀ ਸੇਵਾ ਕਰਨੀ ਹੈ।

ਛੋਟੀ ਰਾਣੀ ਨੇ ਇਸ ਮੰਗ ਨੂੰ ਸਵੀਕਾਰ ਕਰ ਲਿਆ। ਉਸ ਲਈ ਇਕ ਕੁੱਲੀ ਬਣਾ ਦਿੱਤੀ ਗਈ। ਵੱਡੀ ਰਾਣੀ ਨੇ ਮਾਲਕ ਦੇ ਕੱਪੜੇ ਧੋਣੇ ਤੇ ਧੋਣ ਤੋਂ ਬਾਅਦ ਸੁਕਣੇ ਪਾ ਕੇ ਉਸ ਦੇ ਕੋਲ ਬੈਠੀ ਰਹਿਣਾ ਕਿ ਮੇਰੇ ਸਾਈਂ ਦੇ ਬਸਤਰਾਂ ਉੱਤੇ ਕਿਤੇ ਕੋਈ ਮੱਖੀ ਮੱਛਰ ਨਾ ਬੈਠ ਜਾਵੇ। ਜਦੋਂ ਸਾਈਂ ਨੇ ਬਸਤਰ ਪਾਉਣੇ ਤਾਂ ਉਸ ਦਾ ਮਨ ਖ਼ੁਸ਼ ਹੋ ਜਾਣਾ। ਵੱਡੀ ਸੋਚਣ ਲੱਗੀ ਕਿ ਤੂੰ ਨਹੀਂ ਤਾਂ ਤੇਰੀ ਸੇਵਾ ਤਾਂ ਮਿਲੀ।

ਹੰਕਾਰ ਈਰਖਾ ਨੂੰ ਜਨਮ ਦਿੰਦਾ ਹੈ। ਈਰਖਾਲੂ ਬੰਦਾ ਕ੍ਰੋਧੀ ਹੁੰਦਾ ਹੈ। ਜਿਉਂ-ਜਿਉਂ ਕ੍ਰੋਧ ਅੰਦਰ ਵੱਧਦਾ ਜਾਏ, ਤਿਉਂ-ਤਿਉਂ ਅੰਦਰ ਦੇ ਗੁਣ ਸੜੀ ਜਾਂਦੇ ਹਨ। ਛੋਟੀ ਰਾਣੀ ਸੋਚਦੀ ਹੈ ਕਿ ਮੈਂ ਮਹਿਲ ਤੋਂ ਬਾਹਰ ਵੀ ਕੱਢਿਆ, ਖਾਣ-ਪਾਣ ਨੂੰ ਵੀ ਚੰਗਾ ਨਹੀਂ, ਪਰ ਉਸ ਦੇ ਚਿਹਰੇ ਉੱਤੇ ਅਜੇ ਵੀ ਖ਼ੁਸ਼ੀ ਹੈ। ਕਿਸੇ ਗੋਲੀ ਨੇ ਦੱਸਿਆ ਕਿ ਉਸ ਦੇ ਕੋਲ ਨੌਲੱਖਾ ਕੀਮਤੀ ਹਾਰ ਹੈ, ਜੋ ਰਾਜੇ ਨੇ ਉਸ ਨੂੰ ਦਿੱਤਾ ਹੈ। ਜੇ ਕਿਤੇ ਤੇਰੇ ਕੋਲ ਆ ਜਾਏ ਤਾਂ ਉਸ ਦੇ ਚਿਹਰੇ ਦੀ ਖ਼ੁਸ਼ੀ ਚਲੀ ਜਾਏਗੀ। ਕਹਿਣ ਲੱਗੀ ਕਿ ਜਿੰਨੀ ਮਰਜ਼ੀ ਦੌਲਤ ਲੱਗ ਜਾਏ, ਪਰ ਮੈਂ ਉਸ ਦਾ ਨੌਲੱਖਾ ਹਾਲ ਜ਼ਰੂਰ ਖ਼ਰੀਦਾਂਗੀ ਤੇ ਗੋਲੀ ਨੇ ਸੌਦਾ ਕਰਾਇਆ। ਵੱਡੀ ਨੇ ਇਕੋ ਗੱਲ ਕਹੀ ਕਿ ਹਾਰ ਨੂੰ ਮੈਂ ਕੀ ਕਰਨਾ ਹੈ, ਇਸ ਹਾਰ ਨੂੰ ਲੈ ਜਾਏ। ਕਹਿਣ ਲੱਗੀ ਕਿ ਇਸ ਹਾਰ ਦੇ ਬਦਲੇ ਰੁਪਈਏ ਕਿੰਨੇ ਦੇਵਾਂ ? ਕਹਿਣ ਲੱਗੀ, ਮੈਨੂੰ ਰੁਪਈਏ ਨਹੀਂ ਚਾਹੀਦੇ। ਜਿਵੇਂ ਅੱਜ ਤੱਕ ਸਾਈਂ ਦੇ ਬਸਤਰ ਧੋਣ ਦੀ ਸੇਵਾ ਕਰਦੀ ਹਾਂ ਇਵੇਂ ਹੀ ਮੈਨੂੰ ਦਿਨ ਵਿਚ ਇਕ ਵਾਰੀ ਮੇਰੇ ਸਾਈਂ ਦੇ ਦੀਦਾਰ ਕਰ ਲੈਣ ਦੇਈਂ। ਉਸ ਛੋਟੀ ਰਾਣੀ ਬੇਕਦਰੀ ਨੂੰ ਕੀ ਪਤਾ ਸੀ ਕਿ ਸਾਈਂ ਕਿੰਨਾ ਕੁ ਰਹਿਮਤਾਂ ਵਰਸਾਉਂਦਾ ਹੁੰਦਾ ਹੈ। ਉਸ ਛੋਟੀ ਰਾਣੀ ਨੇ ਕਿਹਾ, ਠੀਕ ਹੈ।

ਅੱਜ ਰਾਣੀ ਕਈ ਮਹੀਨਿਆਂ ਤੋਂ ਬਾਅਦ ਵਾਪਿਸ ਮਹਿਲ ਵਿਚ ਆਈ। ਜਦੋਂ ਮਹਿਲ ਵਿਚ ਪਹੁੰਚੀ ਤਾਂ ਰਾਜੇ ਨੂੰ ਦੇਖ ਕੇ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਆ ਗਏ। ਚਰਨਾਂ ਨੂੰ ਫੜ ਕੇ ਕਹਿਣ ਲੱਗੀ, ਸੁਆਮੀ ! ਅੱਜ ਮੇਰਾ ਰੋਮ ਰੋਮ ਤੇਰਾ ਸ਼ੁਕਰ ਪਿਆ ਕਰਦਾ ਹੈ। ਰਾਜੇ ਨੇ ਹੱਸ ਕੇ ਕਿਹਾ, ਮੇਰਾ ਸ਼ੁਕਰ ਨਹੀਂ, ਤੂੰ ਛੋਟੀ ਦਾ ਸ਼ੁਕਰ ਕਰ, ਜਿਸ ਨੇ ਤੈਨੂੰ ਮਹਿਲ ਵਿਚ

ਆਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਅੱਜ ਉਹ ਸ਼ਾਂਤਮਈ ਸੁਭਾਅ ਦੀ ਰਾਣੀ ਉੱਚੀ ਬੋਲ ਕੇ ਕਹਿਣ ਲੱਗੀ, ਰਾਜਨ ! ਅੱਜ ਤੱਕ ਉਸ ਦਾ ਅਦਬ ਕੀਤਾ, ਪਰ ਅੱਜ ਤੋਂ ਬਾਅਦ ਨਹੀਂ। ਪੁੱਛਿਆ ਕਿਉਂ ? ਕਹਿਣ ਲੱਗੀ, ਜਿਹੜੀ ਔਰਤ ਆਪਣੇ ਸਾਈਂ ਦੇ ਦਰਸ਼ਨ ਵੀ ਕੇਵਲ ਇਕ ਸੋਨੇ ਦੇ ਹਾਰ ਬਦਲੇ ਵੇਚਦੀ ਹੋਵੇ ਤਾਂ ਮੈਂ ਇਹੋ ਜਿਹੀ ਔਰਤ ਦਾ ਕਦੀ ਸ਼ੁਕਰ ਨਹੀਂ ਕਰਾਂਗੀ।

ਬਾਬਾ ਚੂਹੜ ਲਿਖਦਾ ਹੈ ਕਿ ਵੱਡੀ ਰਾਣੀ ਨੂੰ ਉਸ ਸਮੇਂ ਰਾਜਨ ਨੇ ਕਿਹਾ ਕਿ ਤੈਨੂੰ ਅੱਜ ਤੋਂ ਬਾਅਦ ਤੇਰਾ ਸਾਈਂ ਮੁਬਾਰਕ ! ਤੇ ਛੋਟੀ ਨੂੰ ਕਿਹਾ ਕਿ ਤੈਨੂੰ ਤੇਰਾ ਹਾਰ ਮੁਬਾਰਕ ! ਅੱਜ ਤੋਂ ਬਾਅਦ ਤੂੰ ਮੇਰੇ ਮਹਿਲ ਵਿਚ ਨਹੀਂ ਰਹਿ ਸਕਦੀ। ਛੋਟੀ ਮਹਿਲ ਵਿਚੋਂ ਤੁਰੀ ਤੇ ਉਸ ਨੇ ਹਾਰ ਨੂੰ ਤੋੜਿਆ। ਹਾਰ ਦੇ ਮੋਤੀ ਜ਼ਮੀਨ 'ਤੇ ਡਿੱਗੇ ਤੇ ਪੈਰਾਂ ਨਾਲ ਮਸਲਦੀ ਹੋਈ ਉੱਚੀ ਅਵਾਜ਼ ਵਿਚ ਕਹਿੰਦੀ ਹੈ :-

ਸ਼ਾਲਾ ਹਾਰ ਟੁਟੇ ਗਲ ਵਿਚੋਂ ਤੇਰੇ ਥੀਵਣ ਲਾਲ ਅਜਾਈਂ।
ਜੇ ਜਾਣਾ ਹਾਰੀ ਨੂੰ ਹਾਰ ਹਰੇਂਦਾ ਤਾਂ ਹਾਰੇ ਹੱਥ ਨਾ ਲਾਈਂ।
ਚੂਹੜਾ ਮਨ ਵਧੇਦੀਆਂ ਮਾਰਾਂ ਮੈ ਲੁਟੀ ਹਾਂ ਬੇਪਰਵਾਹੀ॥

ਭਾਈ ਚੂਹੜ ਸਿੰਘ ਕਹਿੰਦੇ ਹਨ, ਗੁਰਸਿੱਖੋ ! ਮੇਰਾ ਮਾਲਕ ਵੀ ਇਕ ਰਾਜਾ ਹੈ। ਬਹੁਤ ਸਾਰੀਆਂ ਉਸ ਦੀਆਂ ਰਾਣੀਆਂ ਹਨ। ਕੁਝ ਅਜਿਹੀਆਂ ਹਨ ਜਿਹੜੀਆਂ ਕਹਿੰਦੀਆਂ ਹਨ ਰਾਜਨ ! ਕੇਵਲ ਤੇਰੇ ਦਰਸ਼ਨ ਤੇ ਸੇਵਾ ਚਾਹੀਦੀ ਹੈ ਅਤੇ ਕੁਝ ਅਜਿਹੀਆਂ ਹਨ ਜਿਹੜੀਆਂ ਕਹਿੰਦੀਆਂ ਹਨ, ਤੇਰੇ ਦਰ ਤੋਂ ਦਾਤ ਚਾਹੀਦੀ ਹੈ। ਅੱਜ ਗੁਰੂ ਅਰਜਨ ਦੇਵ ਜੀ ਬਚਨ ਕਰਦੇ ਹਨ :-

ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ॥

ਕਹਿਣ ਲੱਗੇ, ਘਰ ਵੀ ਬੜਾ ਵੱਡਾ ਹੋਵੇ, ਦੁਨੀਆਂ ਦੀ ਖ਼ੁਸ਼ੀ ਵੀ ਕੋਲ ਹੋਵੇ ਤੇ ਇਸ ਜ਼ਬਾਨ ਦੇ ਰੱਸ ਨੂੰ ਪੂਰਾ ਕਰਨ ਲਈ ਕੀਮਤੀ ਤੋਂ ਕੀਮਤੀ ਰੱਸ ਚੱਖਿਆ ਹੋਵੇ।

ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ॥ ੨॥

ਜੇ ਕਦੀ ਤੂੰ ਆਪਣੇ ਹਿਰਦੇ ਵਿਚ ਸਾਈਂ ਨੂੰ ਸਿਮਰਦਾ ਨਹੀਂ ਤਾਂ ਤੂੰ ਗੰਦਗੀ ਦੇ ਕੀੜੇ ਦੀ ਤਰ੍ਹਾਂ ਹੈਂ।

ਮੁਚੁ ਅਡੰਬਰੁ ਹਭੁ ਕਿਹੁ ਮੰਝਿ ਮੁਹਬਤਿ ਨੇਹ॥

ਮੁਚੁ ਦਾ ਅੱਖਰੀ ਅਰਥ ਹੁੰਦਾ ਹੈ ਵੱਡਾ ਤੇ ਅਡੰਬਰੁ ਦਾ ਅਰਥ ਹੈ ਦੁਨੀਆਂ ਦੇ ਪਦਾਰਥ ਤੇਰੇ ਕੋਲ ਹੋਣ। ਤੇਰੇ ਕੰਮ ਦਾ ਪਸਾਰਾ ਵੀ ਬੜਾ ਹੋਵੇ। ਹਰ ਇਕ ਚੀਜ਼ ਤੇਰੇ ਪਸਾਰੇ ਵਿਚ ਹੋਵੇ। ਤੇਰਾ ਪਿਆਰ, ਤੇਰੀ ਮੁਹੱਬਤ ਇਹਨਾਂ ਪਦਾਰਥਾਂ ਦੇ ਵਿਚ ਹੀ ਹੋਵੇ।

ਸੋ ਸਾਂਈ ਜੈਂ ਵਿਸਰੈ

ਜੇ ਤੈਨੂੰ ਦੇਣ ਵਾਲਾ ਸਾਈਂ ਭੁੱਲ ਗਿਆ ਹੈ ਤਾਂ ਸਾਹਿਬ ਕਹਿਣ ਲੱਗੇ :-

2

ਨਾਨਕ ਸੋ ਤਨੁ ਖੇਹ॥ ੨॥

ਉਹ ਸਰੀਰ ਮਿੱਟੀ ਦੀ ਤਰ੍ਹਾਂ ਹੈ। ਹਜ਼ੂਰ ਨੇ ਪਉੜੀ ਵਿਚ ਬਚਨ ਕੀਤੇ :-

ਪਉੜੀ॥ ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥

ਦੁਨੀਆਂ ਦੀ ਕੀਮਤੀ ਤੋਂ ਕੀਮਤੀ ਸੇਜ ਭੋਗਣ ਲਈ ਹੋਵੇ।

ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥

ਘਰ ਸੋਨੇ ਦਾ ਬਣਿਆ ਹੋਵੇ, ਉਸ ਨੂੰ ਮੋਤੀ ਹੀਰੇ ਜੜ੍ਹੇ ਹੋਣ, ਉਸ ਵਿਚੋਂ ਚੰਦਨ ਦੀ ਸੁਗੰਧ ਆਉਂਦੀ ਹੋਵੇ।

ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥

ਜੋ ਚਾਹੁੰਦਾ ਹੈ, ਉਹ ਹਰ ਤਰ੍ਹਾਂ ਦਾ ਸੁੱਖ ਮਾਣਦਾ ਹੋਵੇ।

ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥

ਪਰ ਜੇ ਕੋਈ ਪ੍ਰਭੂ ਨੂੰ ਬਿਲਕੁਲ ਭੁੱਲ ਗਿਆ ਹੈ ਤਾਂ ਸਤਿਗੁਰੂ ਨੇ ਉਸ ਨੂੰ ਵਿਸਟਾ ਦਾ ਕੀੜਾ ਕਿਹਾ ਹੈ।

ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੈ॥ ੬॥

ਪ੍ਰਭੂ ਦੇ ਨਾਮ ਤੋਂ ਬਿਨਾਂ ਅੰਦਰ ਸ਼ਾਂਤੀ ਨਹੀਂ ਹੁੰਦੀ ਤੇ ਨਾ ਹੀ ਧੀਰਜ ਆਉਂਦਾ ਹੈ। ਸੋ ਸਤਿਗੁਰੂ ਨੇ ਕਿਹਾ ਕਿ ਜੇਕਰ ਇਨਸਾਨ ਦੁਨੀਆਂ ਦੇ ਸੁੱਖ ਮਿਲਣ 'ਤੇ ਪ੍ਰਮਾਤਮਾ ਨੂੰ ਭੁੱਲ ਗਿਆ ਹੈ ਤਾਂ ਉਸ ਦਾ ਪਾਰ ਉਤਾਰਾ ਨਹੀਂ। ਗੁਰਮੁਖੋ ! ਸਾਨੂੰ ਸੁਆਸ-ਸੁਆਸ ਪ੍ਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਤਿਸ ਕੀ ਧੂੜਿ ਮਨੁ ਉਧਰੈ

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ
ੴ ਸਤਿਗੁਰ ਪ੍ਰਸਾਦਿ ॥
ਸਲੋਕ ॥

ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ ॥
ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ ॥ ੧ ॥
ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ ॥
ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ ॥ ੨ ॥

ਪਉੜੀ ॥

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ ੭ ॥

(ਅੰਗ ੭੦੭)

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਸਤਿਸੰਗੀ ਜਨੋਂ !

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਅਰਜਨ ਦੇਵ ਜੀ ਨੇ ਅੱਜ ਦੇ ਇਸ ਪਾਵਨ ਪਵਿੱਤਰ ਬਚਨ ਅੰਦਰ ਬਖ਼ਸ਼ਿਸ਼ ਕੀਤੀ ਹੈ ਕਿ ਹੇ ਮੇਰੇ ਪ੍ਰਭੂ ! ਜਿਸ ਮਨੁੱਖ ਦੇ ਹਿਰਦੇ ਵਿਚ ਤੈਨੂੰ ਮਿਲਣ ਦੀ ਤਾਂਘ ਪੈਦਾ ਹੋ ਜਾਏ, ਜਿਸ ਭਾਗਾਂ ਵਾਲੇ ਦੇ ਹਿਰਦੇ ਵਿਚ ਤੈਨੂੰ ਮਿਲਣ ਦੀ ਤੜਪ ਪੈਦਾ ਹੋ ਜਾਏ ਤਾਂ ਉਸ ਪੈਦਾ ਹੋਈ ਤੜਪ ਦਾ ਨਾਮ ਗੁਰਦੇਵ ਜੀ ਨੇ ਬਿਰਹਾ ਕਿਹਾ। ਜਿਸ ਦੇ ਅੰਦਰ ਬਿਰਹਾ ਪੈਦਾ

ਹੋ ਜਾਏ, ਉਸ ਨੇ ਦੁਨੀਆਂ ਦੇ ਸਾਰੇ ਧੰਦਿਆਂ ਤੋਂ ਉੱਪਰ ਉੱਠ ਕੇ ਮੇਰੇ ਮਾਲਕ ! ਬੈਰਾਗ ਦੀ ਅਵਸਥਾ ਵਿਚ ਤੇਰੇ ਚਰਨਾਂ ਵਿਚ ਉਹ ਬੇਨਤੀ ਕਰਦਾ ਹੈ।

ਅੱਜ ਗੁਰਦੇਵ ਨੇ ਕਿਹਾ, ਭਾਵੇਂ ਉਸ ਬੈਰਾਗੀ ਦੇ ਕੋਲ ਦੁਨੀਆਂ ਦਾ ਕੋਈ ਧਨ ਨਹੀਂ, ਉਸ ਦੇ ਕੋਲ ਉੱਚਾ ਘਰ ਨਹੀਂ, ਉਸ ਦੇ ਤਨ 'ਤੇ ਢੱਕਣ ਲਈ ਕੀਮਤੀ ਬਸਤਰ ਨਹੀਂ, ਇਥੋਂ ਤੱਕ ਕਿ ਧੀਆਂ-ਪੁੱਤਰ, ਸਾਕ-ਸੰਬੰਧੀ ਵੀ ਮੂੰਹ ਮੋੜ ਜਾਣ, ਪਰ ਜੇਕਰ ਉਸ ਦਾ ਹਿਰਦਾ ਨਾਮ ਵਿਚ ਭਿੱਜਾ ਹੋਇਆ ਹੈ ਤਾਂ ਉਹ ਕੱਖਾਂ ਦੀ ਕੁੱਲੀ ਵਿਚ ਰਹਿਣ ਵਾਲਾ ਵੀ ਸਾਰੀ ਧਰਤੀ ਦਾ ਬਾਦਸ਼ਾਹ ਹੈ। ਕੇਂਦਰੀ ਭਾਵ ਇਹ ਹੈ ਕਿ ਬੈਰਾਗੀ ਹਿਰਦੇ ਦਾ ਕੋਈ ਮੁਕਾਬਲਾ ਨਹੀਂ।

ਅੰਮ੍ਰਿਤ ਬਾਣੀ ਵਿਚ ਹਜ਼ੂਰ ਕਹਿੰਦੇ ਹਨ ਕਿ ਇਹ ਆਤਮਾ ਪ੍ਰਮਾਤਮਾ ਦੀ ਅੰਸ਼ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥

(ਅੰਗ ੪੪੧)

ਤੂੰ ਆਪਣੇ ਮੂਲ ਨਾਲ ਕਿਉਂ ਨਹੀਂ ਜੁੜਦਾ ਪਿਆ। ਹਕੀਕਤ ਇਹ ਹੈ ਕਿ ਮਨੁੱਖ ਅਜਿਹਾ ਹੈ ਜਿਹੜਾ ਟੁੱਟ ਜਾਏ ਤਾਂ ਆਪਣੇ ਅਸਲੇ ਵੱਲ ਨੂੰ ਨਹੀਂ ਜਾਂਦਾ। ਬਾਕੀ ਜੋ ਕੁਝ ਵੀ ਰੱਬ ਨੇ ਬਣਾ ਦਿੱਤਾ ਹੈ, ਹਰ ਇਕ ਚੀਜ਼ ਆਪਣੇ ਅਸਲੇ ਵੱਲ ਜਾਂਦੀ ਪਈ ਹੈ। ਰਾਤ ਨੂੰ ਕਦੀ ਦੀਵਾ ਬਾਲੀਏ ਜਾਂ ਮੋਮਬੱਤੀ ਬਾਲੀਏ ਤਾਂ ਉਸ ਦੀ ਜਿਹੜੀ ਲੋਅ ਹੈ, ਉਹ ਆਸਮਾਨ ਵਾਲੇ ਪਾਸੇ ਨੂੰ ਉੱਠਦੀ ਹੋਵੇਗੀ। ਜਦੋਂ ਕਿਤੇ ਪਾਣੀ ਨੂੰ ਉੱਚੀ ਥਾਂ 'ਤੇ ਲਿਜਾ ਕੇ ਛੱਡਾਂਗੇ ਤਾਂ ਉਹ ਉੱਪਰ ਨੂੰ ਨਹੀਂ, ਉਹ ਪਾਣੀ ਧਰਤੀ ਵਾਲੇ ਪਾਸੇ ਨੀਵਾਣ ਨੂੰ ਹੀ ਤੁਰੇਗਾ। ਜਦੋਂ ਅਸੀਂ ਅੱਗ ਬਾਲਦੇ ਹਾਂ ਤਾਂ ਉਸ ਦੀਆਂ ਲਾਟਾਂ ਅਸਮਾਨ ਵੱਲ ਉੱਠਦੀਆਂ ਹਨ ਤੇ ਮੀਂਹ ਪੈਂਦਾ ਹੈ। ਇੰਨਾ ਉੱਚਾ ਬੱਦਲ ਪਾਣੀ ਨੂੰ ਚੁੱਕ ਕੇ ਲੈ ਗਿਆ। ਇੰਨੀ ਉੱਚਾਈ 'ਤੇ ਜਾ ਕੇ ਵੀ ਪਾਣੀ ਉਤਾਂਹ ਨਾ ਗਿਆ। ਨੀਵਾਣ ਵਾਲੇ ਪਾਸੇ ਹੀ ਰੁੜ ਕੇ ਆਉਂਦਾ ਪਿਆ ਹੈ। ਇਸ ਦਾ ਕਾਰਨ ਕੀ ਹੈ ? ਸਿਆਣੇ ਕਹਿੰਦੇ ਹਨ ਕਿ ਤੂੰ ਇਹਨਾਂ ਤੋਂ ਕੁਝ ਸਿਖ ਲੈ। ਇਹ ਵੀ ਆਪਣੇ ਕੇਂਦਰ ਦੇ ਨਾਲ ਜੁੜਦੇ ਪਏ ਹਨ।

ਦੇਖੋ, ਭਾਵੇਂ ਮੋਮਬੱਤੀ ਨੂੰ ਤੂੰ ਸੱਜੇ ਕਰ ਤੇ ਭਾਵੇਂ ਖੱਬੇ, ਭਾਵੇਂ ਤੂੰ ਮੋਮਬੱਤੀ ਨੂੰ ਪੁੱਠਿਆਂ ਵੀ ਕਰ ਦੇ, ਝੁਕਾ ਦੇ, ਪਰ ਉਸ ਦੀ ਜਿਹੜੀ ਲੋਅ ਹੈ, ਉਹ ਉੱਪਰ ਨੂੰ ਹੀ ਉੱਠੇਗੀ। ਪੁੱਛਿਆ ਜਾਏ ਕਿ ਜੇ ਇਹ ਮੋਮਬੱਤੀ ਬਾਲ ਦੇਈਏ ਤਾਂ ਇਹ ਦੀਵੇ ਦੀ ਲਾਟ ਨਾ ਤਾਂ ਸੱਜੇ ਨੂੰ ਜਾਂਦੀ ਹੈ, ਨਾ ਖੱਬੇ ਨੂੰ ਜਾਂਦੀ ਹੈ। ਪੁੱਠਾ ਦੀਵਾ ਵੀ ਕਰ ਦੇਈਏ ਤਾਂ ਉਸ ਦੀ ਲਾਟ ਪਰਤ ਕੇ ਫਿਰ ਉੱਪਰ ਨੂੰ ਹੀ ਉੱਠਦੀ ਹੈ, ਇਸ ਦਾ ਕੀ ਕਾਰਨ ਹੈ ? ਅੱਗੋਂ ਸਿਆਣੇ ਲੋਕ ਇਸ ਦਾ ਉੱਤਰ ਦਿੰਦੇ ਹਨ ਕਿ ਅਸਲ ਵਿਚ ਇਸ ਰੌਸ਼ਨੀ ਦਾ ਸੋਮਾ ਸੂਰਜ ਹੈ ਤੇ ਸੂਰਜ ਆਸਮਾਨ ਵਿਚ ਚਮਕਦਾ ਪਿਆ ਹੈ। ਭਾਵੇਂ ਤੂੰ ਅੱਗ ਧਰਤੀ 'ਤੇ ਬਾਲਦਾ ਪਿਆ ਹੈਂ, ਪਰ ਧਰਤੀ 'ਤੇ

ਬੱਲਣ ਵਾਲੀ ਅੱਗ ਦੀ ਲਾਟ ਵੀ ਆਪਣੇ ਕੇਂਦਰ ਨੂੰ ਲੋਚਦੀ ਪਈ ਹੈ। ਪਾਣੀ ਦਾ ਭੰਡਾਰ ਇਸ ਧਰਤੀ ਦੇ ਥੱਲੇ ਹੈ। ਉਹ ਪਾਣੀ ਭਾਵੇਂ ਜਿੰਨਾ ਮਰਜ਼ੀ ਬੱਦਲ ਦੇ ਰਾਹੀਂ ਉੱਪਰ ਉੱਠ ਗਿਆ ਹੈ, ਪਰ ਜਦੋਂ ਵੀ ਵਰਸੇਗਾ, ਧਰਤੀ 'ਤੇ ਹੀ ਵਰਸੇਗਾ। ਵਰਸਣ ਤੋਂ ਬਾਅਦ ਪਾਣੀ ਆਪਣੇ ਅਸਲੇ ਵਿਚ ਮਿਲਣ ਲਈ ਉਤਾਵਲਾ ਹੋ ਜਾਂਦਾ ਹੈ।

ਅਸੀਂ ਪਿੰਡਾਂ ਥਾਵਾਂ 'ਤੇ ਦੇਖਦੇ ਆਏ ਹਾਂ ਕਿ ਜਦੋਂ ਵੀ ਕਦੇ ਗੰਨੇ ਦਾ ਰੱਸ ਕੱਢਣਾ ਹੋਵੇ ਤਾਂ ਹਮੇਸ਼ਾ ਬਜ਼ੁਰਗ ਦੋ ਚਾਰ ਪੋਰੀਆਂ ਗੰਨੇ ਦੀਆਂ ਕੱਟ ਕੇ ਕਹਿਣਗੇ ਕਿ ਇਸ ਨੂੰ ਰੱਸ ਦੇ ਵਿਚ ਸੁੱਟ ਦਿਉ। ਜੇ ਪੁੱਛਣਾ ਕਿਉਂ ? ਤਾਂ ਕਹਿਣਾ ਕਿ ਜੇ ਗੰਨੇ ਦੇ ਰੱਸ ਵਿਚ ਇਹ ਪੋਰੀਆਂ ਕੱਟ ਕੇ ਪਾਈਏ ਤਾਂ ਇਹ ਚੰਗਾ ਹੁੰਦਾ ਹੈ। ਉਹਨਾਂ ਨੇ ਸ਼ਬਦ ਚੰਗਾ ਵਰਤਣਾ ਪਰ ਸਮਝ ਪਈ ਕਿ ਹਕੀਕਤ ਇਹ ਹੈ ਕਿ ਜਦੋਂ ਅਸੀਂ ਗੰਨੇ ਦਾ ਰੱਸ ਕੱਢ ਕੇ ਤੁਰਦੇ ਹਾਂ ਤਾਂ ਹੋ ਸਕਦਾ ਹੈ, ਇਹ ਇਕੱਲਾ ਖ਼ਰਾਬ ਹੋ ਜਾਏ, ਪਰ ਜਦੋਂ ਗੰਨੇ ਦੇ ਟੁਕੜੇ ਕਰਕੇ ਉਸ ਰੱਸ ਵਿਚ ਪਾਏ ਜਾਂਦੇ ਹਨ ਤਾਂ ਉਹ ਖ਼ਰਾਬ ਨਹੀਂ ਹੁੰਦਾ, ਕਿਉਂਕਿ ਜਿਸ ਦੇ ਵਿਚੋਂ ਨਿਕਲ ਕੇ ਆਇਆ ਹੈ, ਉਹ ਅਸਲਾ ਉਸ ਦੇ ਨਾਲ ਅਜੇ ਕਾਇਮ ਹੋਇਆ ਪਿਆ ਹੈ।

ਅਸੀਂ ਕਣਕ ਬੀਜਦੇ ਸਾਂ। ਅੱਜ ਵੀ ਦੇਖਦੇ ਹਾਂ ਕਿ ਭਾਵੇਂ ਜ਼ਿਮੀਂਦਾਰ ਬੀਜ ਘਰ ਵਿਚ ਰੱਖਦੇ ਹਨ ਤੇ ਉਸ ਕਣਕ ਨੂੰ ਕਈ ਤਰ੍ਹਾਂ ਦੀ ਦਵਾਈ ਲਗਾ ਕੇ ਸਟੋਰ ਕਰ ਦਿੰਦੇ ਹਨ। ਜਦੋਂ ਕਣਕ ਬੀਜਣੀ ਹੈ ਤਾਂ ਪਰਤ ਕੇ ਕਣਕ ਨੂੰ ਕੋਈ ਕੀੜਾ ਜਾਂ ਬੀਮਾਰੀ ਨਾ ਲੱਗੇ। ਪੁਰਾਣੇ ਸਮੇਂ ਕਣਕ ਨੂੰ ਵੀ ਬੀਜ ਲਈ ਰੱਖਦੇ। ਸਨ। ਜੇਕਰ ਤੂੜੀ ਦਾ ਢੇਰ ਲੱਗਾ ਹੈ ਤਾਂ ਉਸ ਤੂੜੀ ਵਿਚ ਕਣਕ ਰੱਖ ਦੇਣੀ। ਜੇ ਪੁੱਛਣਾ ਕਿਉਂ ? ਤਾਂ ਕਹਿਣਾ ਕਿ ਇਸ ਦੇ ਵਿਚ ਤਾਂ ਰੱਖਣਾ ਹੈ ਕਣਕ ਨੂੰ ਕਿ ਕੋਈ ਕੀੜਾ ਨਹੀਂ ਲੱਗਦਾ। ਪਰ ਹਕੀਕਤ ਇਹ ਹੈ ਕਿ ਦਾਣੇ ਨੂੰ ਕੀੜਾ ਜਾਂ ਬੀਮਾਰੀ ਇਸ ਕਰਕੇ ਨਹੀਂ ਲੱਗਦੀ, ਕਿਉਂਕਿ ਜਿਸ ਦੇ ਵਿਚੋਂ ਉਹ ਨਿਕਲ ਕੇ ਆਈ ਹੈ, ਉਹ ਤੂੜੀ ਦੇ ਕੱਖ ਫਿਰ ਉਸ ਨੂੰ ਮਿਲ ਗਏ। ਆਪਣੇ ਅਸਲੇ ਨਾਲ ਮਿਲਣ ਕਰਕੇ ਨਾ ਉਸ ਨੂੰ ਬੀਮਾਰੀ ਲੱਗੀ ਤੇ ਨਾ ਕੀੜਾ ਲੱਗਿਆ।

ਮੇਰੇ ਸਤਿਗੁਰੂ ਕਹਿੰਦੇ ਹਨ ਕਿ ਐ ਮਨਾ ! ਕਦੀ ਆਪਣੇ ਇਸ ਅੰਤਰ ਆਤਮੇ ਨੂੰ ਪੁੱਛ ਤਾਂ ਸਹੀ। ਦੇਖ ਇਸ ਦੀ ਉਡਾਰੀ ਅਰਸ਼ਾਂ 'ਤੇ ਹੈ। ਜਾਣਾ ਤਾਂ ਇਸ ਨੇ ਸੂਰਜ ਦੀ ਰੌਸ਼ਨੀ ਵੱਲ ਹੈ। ਰੱਬ ਨੇ ਤੈਨੂੰ ਅੰਦਰ ਦੀ ਜੋਤ ਦਿੱਤੀ ਹੈ ਤੇ ਤੇਰੀ ਜੋਤ ਇੱਧਰ ਉੱਧਰ ਖਿੰਡਣ ਦੀ ਬਜਾਏ ਸਿੱਧੀ ਆਪਣੇ ਮਰਕਜ਼ ਵਾਲੇ ਪਾਸੇ ਕਿਉਂ ਨਹੀਂ ਜਾਂਦੀ ?

ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਦੋਂ ਕੋਈ ਸਾਈਂ ਨੂੰ ਮਿਲਣ ਲਈ ਤੁਰਦਾ ਹੈ ਅਤੇ ਕਿਤੇ ਭਾਗਾਂ ਵਾਲੇ ਦੇ ਹਿਰਦੇ ਵਿਚ ਬਿਰਹਾ ਦੀ ਜਾਗ ਲੱਗ ਜਾਏ ਤਾਂ ਉਸ ਬਿਰਹਾ ਵਿਚ ਪਹੁੰਚੇ ਹੋਏ ਹਿਰਦੇ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਸਾਈਂ ਨਾਲੋਂ ਵਿਛੋੜ ਨਹੀਂ ਸਕਦੀ। ਉਸ ਨੂੰ ਉਸ ਦਿਨ ਟਿਕਾਅ ਮਿਲਦਾ ਹੈ, ਜਿਸ ਦਿਨ ਉਹ ਮੇਰੇ ਮਾਲਕ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ।

ਭਗਤ ਕਬੀਰ ਸਾਹਿਬ ਦਾ ਬਚਨ ਆਉਂਦਾ ਹੈ ਕਿ ਆਮ ਕੋਈ ਸੱਪ ਡੰਗ ਮਾਰ ਜਾਏ ਕਿਸੇ ਦੇ ਤਨ ਨੂੰ ਤਾਂ ਦਾਤਾ ਜੀ ਕਹਿੰਦੇ ਹਨ ਕਿ ਉਸ ਸੱਪ ਦਾ ਡੰਗਿਆ ਹੋਇਆ ਕਿਸੇ ਦਵਾਈ ਨਾਲ ਠੀਕ ਹੋ ਸਕਦਾ ਹੈ। ਕੋਈ ਜੜ੍ਹੀ ਬੂਟੀ ਨਾਲ ਵੈਦ ਹਕੀਮ ਉਸ ਨੂੰ ਅਰੋਗ ਕਰ ਸਕਦਾ ਹੈ, ਪਰ ਮੇਰੇ ਸਾਂਈਆਂ ! ਸੱਪ ਦੇ ਡੰਗੇ ਹੋਏ ਤਾਂ ਬਿਲਕੁਲ ਅਰੋਗ ਹੁੰਦੇ ਦੇਖੇ ਹਨ, ਪਰ ਜਿਨ੍ਹਾਂ ਨੂੰ ਬਿਰਹਾ ਦਾ ਸੱਪ ਡੰਗ ਮਾਰ ਜਾਏ, ਉਹ ਜੀਉਂਦਾ ਹੈ ਤਾਂ ਕੇਵਲ ਝਲਿਆਂ ਦੀ ਤਰ੍ਹਾਂ। ਉਸ ਨੂੰ ਓਨੀ ਦੇਰ ਤੱਕ ਟਿਕਾਅ ਨਹੀਂ ਮਿਲਦਾ, ਜਿੰਨੀ ਦੇਰ ਤਕ ਆਪਣੇ ਪਿਆਰੇ ਦੇ ਚਰਨਾਂ ਵਿਚ ਮਿਲ ਨਹੀਂ ਲੈਂਦਾ। ਸਾਹਿਬ ਕਹਿਣ ਲੱਗੇ :-

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥

(ਅੰਗ ੧੩੬੮)

ਕਹਿਣ ਲੱਗੇ ਕਿ ਜੇ ਬਿਰਹਾ ਵਾਲੇ ਮਨ ਨੂੰ ਕਹੀਏ ਕਿ ਤੂੰ ਸਾਈਂ ਦੀ ਖ਼ਾਤਰ ਇੰਨਾ ਵਿਲਕਦਾ ਹੈਂ, ਛੱਡ ਪਰ੍ਹੇ, ਕੀ ਲੈਣਾ ਹੈ ਰੱਬ ਦੇ ਘਰੋਂ ? ਤਾਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਕਹਿੰਦਾ ਹੈ :-

ਓਹਾ ਪ੍ਰੇਮ ਪਿਰੀ॥ ੧ ॥ ਰਹਾਉ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ॥ ੧ ॥

(ਅੰਗ ੪੦੬)

ਜੇ ਉਸ ਦੇ ਸਾਹਮਣੇ ਸੋਨੇ ਦਾ ਢੇਰ ਲਾਇਆ ਜਾਏ ਤਾਂ ਉਹ ਕਹਿੰਦਾ ਹੈ ਕਿ ਇਹ ਵੀ ਨਹੀਂ। ਜੇ ਉਸ ਦੇ ਸਾਹਮਣੇ ਕੀਮਤੀ ਮੋਤੀ ਰੱਖ ਦਿੱਤੇ ਜਾਣ ਤਾਂ ਉਹ ਕਹਿੰਦਾ ਹੈ ਕਿ ਇਹ ਵੀ ਨਹੀਂ, ਕਿਉਂਕਿ ਬਿਰਹਾ ਵਾਲਾ ਹਿਰਦਾ ਕਿਸੇ ਚੀਜ਼ ਨੂੰ ਕਬੂਲਦਾ ਨਹੀਂ। ਉਹ ਕਹਿੰਦਾ ਹੈ :-

ਰਾਜ ਨ ਭਾਗ ਨ ਹੁਕਮ ਨ ਸਾਦਨ॥

ਕਿਛੁ ਕਿਛੁ ਨ ਚਾਹੀ॥ ੨ ॥

(ਅੰਗ ੪੦੬)

ਕੁਝ ਵੀ ਨਹੀਂ ਚਾਹੀਦਾ, ਕਿਉਂਕਿ ਮੇਰੇ ਅੰਦਰ ਨੂੰ ਟਿਕਾਅ ਤਾਂ ਹੀ ਹੈ ਜੇਕਰ ਤੂੰ ਹਿਰਦੇ ਵਿਚ ਆ ਜਾਏਂ। ਸਾਹਿਬ ਕਹਿਣ ਲੱਗੇ :-

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥

ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥

(ਅੰਗ ੧੩੬੮)

ਜੇ ਜੀਉਂਦਾ ਹੈ ਤਾਂ ਲੋਕ ਉਸ ਨੂੰ ਝੱਲਾ ਕਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਬਿਰਹਾ ਦਾ ਸੇਕ ਲੱਗਾ, ਉਹਨਾਂ ਦਾ ਇਕ-ਇਕ ਬਚਨ ਕਦੀ

ਬਿਰਹਾ ਵਾਲੇ ਹਿਰਦੇ ਨਾਲ ਪੜ੍ਹੀਏ ਤਾਂ ਕਠੋਰ ਤੋਂ ਕਠੋਰ ਹਿਰਦਾ ਵੀ ਤੇਰੇ ਬਚਨਾਂ ਨੂੰ ਸੁਣ ਕੇ ਪਿਘਲ ਜਾਂਦਾ ਹੈ। ਕਦੀ ਬਾਬੇ ਫ਼ਰੀਦ ਦੇ ਬਿਰਹਾ ਦੇ ਬਚਨ ਪੜ੍ਹੋ। ਉਹ ਕਹਿੰਦੇ ਹਨ :-

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥

ਬਾਬਾ ਫ਼ਰੀਦ ਜੀ ਕਹਿੰਦੇ ਹਨ, ਹੇ ਕੋਇਲ ! ਤੇਰੀ ਅਵਾਜ਼ ਵਿਚ, ਤੇਰੇ ਗੀਤ ਵਿਚ ਸੋਜ਼ ਹੈ, ਗ਼ਮੀ ਹੈ, ਪਰ ਰੰਗ ਤੇਰਾ ਕਾਲਾ ਹੈ ਤੇ ਅਵਾਜ਼ ਤੇਰੀ ਇੰਨੀ ਅੰਦਰ ਨੂੰ ਧੂ ਪਾਉਂਦੀ ਹੈ, ਇਸ ਦਾ ਕੀ ਕਾਰਨ ਹੈ ? ਬਾਬਾ ਜੀ ਸਿਰਫ਼ ਇਕ ਪ੍ਰਤੀਕ ਵਜੋਂ ਕਹਿੰਦੇ ਹਨ ਕਿ ਕੋਇਲ ਕਹਿੰਦੀ ਹੈ, ਮੇਰੀ ਅਵਾਜ਼ ਵਿਚ ਦਰਦ ਤਾਂ ਹੈ, ਕਿਉਂਕਿ ਆਪਣੇ ਪਿਆਰੇ ਤੋਂ ਵਿਛੜੀ ਹੋਈ ਹਾਂ ਅਤੇ ਜਿਹੜੇ ਪਿਆਰੇ ਤੋਂ ਵਿਛੜ ਜਾਣ, ਉਹਨਾਂ ਦੇ ਅੰਦਰ ਬਿਰਹਾ ਦੀ ਦਰਦ ਤੇ ਤਨ ਦਾ ਰੰਗ ਉਹਨਾਂ ਦਾ ਕਾਲਾ ਪੈ ਜਾਂਦਾ ਹੈ। ਸ਼ਬਦ ਉਹਨਾਂ ਵਰਤਿਆ :-

ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥

(ਅੰਗ ੭੯੪)

ਸਾਹਿਬ ਦੀ ਬਾਣੀ ਦੇ ਬਿਰਹਾ ਦੇ ਸ਼ਬਦ ਪੜ੍ਹੋ। ਕਹਿਣ ਲੱਗੇ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥

(ਅੰਗ ੧੩੭੯)

ਜਿਸ ਹਿਰਦੇ ਵਿਚ ਸਾਈਂ ਨੂੰ ਮਿਲਣ ਲਈ ਬਿਰਹਾ ਨਹੀਂ, ਇੰਝ ਸਮਝ ਜਿਵੇਂ ਉਹ ਸ਼ਮਸ਼ਾਨ ਘਾਟ ਹੋਵੇ। ਕਹਿੰਦੇ ਹਨ, ਮੇਰੇ ਮਾਲਕਾ ! ਕਦੀ ਦੇਖ। ਰਾਤ ਪੈਂਦੀ ਹੈ ਤੇ ਲੋਕ ਘਰਾਂ ਵਿਚ ਚੈਨ ਨਾਲ ਬਿਸਤਰਿਆਂ 'ਤੇ ਆਰਾਮ ਕਰਦੇ ਹਨ। ਪਰੰਤੂ ਜਿਹੜੇ ਬਿਸਤਰੇ 'ਤੇ ਮੈਂ ਪਿਆ ਹਾਂ, ਮੇਰੇ ਸਾਹਿਬ ! ਕਦੀ ਮੇਰੀ ਇਸ ਹਾਲਤ ਨੂੰ ਦੇਖਿਆ ਹੈ ? ਕਹਿਣ ਲੱਗੇ, ਤੇਰੇ ਵਿਛੋੜੇ ਦਾ ਜਿਹੜਾ ਦੁੱਖ ਹੈ, ਉਸ ਦਾ ਮੈਂ ਮੰਜਾ ਬਣਾਈ ਬੈਠਾ ਹਾਂ। ਮੇਰੇ ਦਾਤਾ ! ਮੈਂ ਬਿਰਹਾ ਦੀਆਂ ਤਲਾਈਆਂ ਵਿਛਾਈਆਂ ਹਨ। ਤੇਰੇ ਵਿਛੋੜੇ ਦਾ ਦੁੱਖ ਮੈਂ ਵਾਣ ਬਣ ਕੇ ਵਿਛਾਇਆ ਹੈ। ਮੇਰੇ ਮਾਲਕ ਜੀ !

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥

(ਅੰਗ ੧੩੭੯)

ਫਿਰ ਬਿਰਹਾ ਵਿਚ ਆਏ ਕਹਿਣ ਲੱਗੇ :-

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥

(ਅੰਗ ੧੩੮੨)

ਕਹਿਣ ਲੱਗੇ :-

ਕਾਗਾ ਕਰੰਗ ਢੰਡੋਲਿਆ ਸਗਲਾ ਖਾਇਆ ਮਾਸੁ॥
ਏਹ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥

(ਅੰਗ ੧੩੮੨)

ਮੈਨੂੰ ਸਾਈਂ ਨੂੰ ਦੇਖਣ ਦੀ ਇਕ ਆਸ ਹੈ। ਗੁਰਮੁਖੋ ! ਜਦੋਂ ਕੋਈ ਨਾਮ ਵਿਚ ਜੁੜ ਜਾਏ, ਮੇਰੇ ਮਾਲਕ ਨੂੰ ਮਿਲਣ ਦੀ ਤੜਪ ਪੈਦਾ ਹੋ ਜਾਏ ਤਾਂ ਇਕ ਵਿਦਵਾਨ ਨੇ ਬੜੇ ਪਿਆਰੇ ਬਚਨ ਕਹੇ ਹਨ। ਉਹ ਕਹਿੰਦਾ ਹੈ ਕਿ ਜੇ ਤੂੰ ਓਪਰੀ ਨਿਗਾਹ ਨਾਲ ਦੇਖਣਾ ਹੋਵੇ ਤਾਂ ਬਿਰਹਾ ਵਾਲੇ ਹਿਰਦੇ ਦੀਆਂ ਨੌਂ ਨਿਸ਼ਾਨੀਆਂ ਹਨ। ਪੁੱਛਿਆ ਕਿਦਾਂ ? ਉਸ ਫ਼ਾਰਸੀ ਦੇ ਵਿਦਵਾਨ ਨੇ ਬੜੇ ਪਿਆਰੇ ਸ਼ਬਦ ਕਹੇ। ਕਹਿਣ ਲੱਗੇ ਕਿ ਜਦੋਂ ਕਿਸੇ ਨੂੰ ਬਿਰਹਾ ਦਾ ਸੇਕ ਲੱਗੇ ਤਾਂ ਉਹ ਸਾਹ ਲੈਂਦਾ ਹੈ ਤੇ ਉਸ ਦੇ ਹੌਕੇ ਵੀ ਠੰਢੇ ਹੁੰਦੇ ਹਨ। ਹੇ ਮੇਰੇ ਮਾਲਕ ! ਕਈ ਵਾਰੀ ਵਿਛੋੜੇ ਵਿਚ ਇੰਨੀ ਕੁ ਅੰਦਰ ਨੂੰ ਧੂਹ ਪੈਂਦੀ ਹੈ ਕਿ ਉਸ ਦੇ ਚਿਹਰੇ ਦਾ ਰੰਗ ਵੀ ਪੀਲਾ ਹੋ ਜਾਂਦਾ ਹੈ। ਉਸ ਦੀਆਂ ਅੱਖਾਂ ਨੂੰ ਜਦੋਂ ਵੀ ਅਸੀਂ ਦੇਖੀਏ ਤੇ ਪਿਆਰੇ ਦੀ ਗੱਲ ਚੱਲੇ ਤਾਂ ਫੁੱਟ-ਫੁੱਟ ਕੇ ਨੀਰ ਉਸ ਦੀਆਂ ਅੱਖਾਂ ਤੋਂ ਬਾਹਰ ਨਿਕਲਦਾ ਪਿਆ ਹੈ। ਤੀਸਰਾ ਲੱਛਣ ਇਹ ਹੈ ਕਿ ਉਸ ਦੀਆਂ ਅੱਖਾਂ ਵਿਚੋਂ ਕਦੀ ਪਾਣੀ ਨਹੀਂ ਸੁੱਕਦਾ। ਉਹ ਕਹਿਣ ਲੱਗੇ ਕਿ ਉਹ ਬੋਲਦਾ ਵੀ ਘੱਟ ਹੈ। ਇਹ ਉਸ ਦਾ ਚੌਥਾ ਲੱਛਣ ਹੈ ਬਿਰਹਾ ਦਾ। ਉਹ ਖਾਂਦਾ ਵੀ ਬੜਾ ਥੋੜਾ ਹੈ। ਸਾਈਂ ਦੇ ਚਰਨਾਂ ਵਿਚ ਬਿਰਹਾ ਦੇ ਭਿੱਜੇ ਦੀਆਂ ਰਾਤਾਂ ਲੰਘ ਜਾਂਦੀਆਂ ਹਨ। ਉਸ ਨੂੰ ਨੀਂਦ ਵੀ ਬੜੀ ਘੱਟ ਪੈਂਦੀ ਹੈ। ਆਪ ਕਹਿਣ ਲੱਗੇ ਕਿ ਜਿਵੇਂ ਕਿਸੇ ਨੇ ਆਉਣਾ ਹੋਵੇ ਤੇ ਦਰਵਾਜ਼ੇ 'ਤੇ ਥੋੜਾ ਜਿਹਾ ਕੋਈ ਖੜਾਕ ਸੁਣਾਈ ਦੇਵੇ ਤਾਂ ਕੰਨ ਉਸ ਅਵਾਜ਼ ਵੱਲ ਹੀ ਜਾਂਦੇ ਹਨ ਤੇ ਦੌੜ ਕੇ ਬੰਦਾ ਉਸ ਪਾਸੇ ਜਾਂਦਾ ਹੈ ਕਿ ਪਤਾ ਨਹੀਂ ਸ਼ਾਇਦ ਮੇਰੇ ਪਿਆਰੇ ਨੇ ਹੀ ਦਰਵਾਜ਼ਾ ਨਾ ਖੜਕਾਇਆ ਹੋਵੇ। ਕਹਿਣ ਲੱਗੇ ਕਿ ਉਹ ਇਸ ਤਰ੍ਹਾਂ ਤਾਂਘ ਵਿਚ ਬੈਠਾ ਰਹਿੰਦਾ ਹੈ ਕਿ ਹੁਣੇ ਵੀ ਮੇਰਾ ਪਿਆਰਾ ਮਾਲਕ ਆਇਆ, ਹੁਣੇ ਵੀ ਆਇਆ। ਬੇਕਰਾਰੀ ਦਾ ਅਰਥ ਉਸ ਨੂੰ ਚੈਨ ਨਹੀਂ। ਕਦੀ ਘਰ ਤੇ ਕਦੀ ਘਰੋਂ ਬਾਹਰ।

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥
ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥ ੧॥
ਉਡਹੁ ਨ ਕਾਗਾ ਕਾਰੇ॥
ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥

(ਅੰਗ ੩੩੮)

ਮੇਰਾ ਮਨ ਤਰਸਦਾ ਹੈ ਤੇਰੇ ਦਰਸ਼ਨਾਂ ਲਈ। ਤੂੰ ਇਕ ਵਾਰੀ ਬੋਲ ਤਾਂ ਸਹੀ। ਤੇਰੇ ਇਕ ਬੋਲ ਦੇ ਬਦਲੇ ਇੰਝ ਲੱਗਦਾ ਹੈ ਕਿ ਮੈਂ ਲੱਖਾਂ ਦਾ ਮੁਨਾਫ਼ਾ ਘਰ ਲੈ ਕੇ ਆ ਗਿਆ ਹਾਂ। ਮਾਰੂ ਡਖਣੇ ਦੀ ਵਾਰ ਕਦੀ ਪੜ੍ਹਿਉ। ਪਹਿਲਾ ਸਲੋਕ ਮੇਰੇ ਦਾਤੇ ਨੇ ਜਿਹੜਾ ਦਰਜ ਕੀਤਾ ਹੈ,

ਉਸ ਵਿਚ ਫੁਰਮਾਂਦੇ ਹਨ :-

ਤੂ ਚਉ ਸਜਣ ਮੈਡਿਆ

ਚਉ ਦਾ ਅੱਖਰੀ ਅਰਥ ਹੈ ਬੋਲਣਾ। ਹੇ ਮੇਰੇ ਸੱਜਣ ! ਇਕ ਵਾਰੀ ਮੇਰੇ ਵੱਲ ਮੂੰਹ ਕਰਕੇ ਬੋਲ ਤਾਂ ਸਹੀ। ਕਹਿਣ ਲੱਗਾ ਕਿ ਜੇ ਬੋਲ ਪਿਆ ਤਾਂ ਕੀ ਕਰੇਂਗਾ ? ਕਹਿਣ ਲੱਗੇ :-

ਡੇਈ ਸਿਸੁ ਉਤਾਰਿ॥

ਸਿਰ ਉਤਾਰ ਕੇ ਭੇਟਾ ਕਰ ਦੇਵਾਂਗਾ।

ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ ੧॥

(ਅੰਗ ੧੦੯੪)

ਆਪ ਕਹਿਣ ਲੱਗੇ :-

ਦੇਖਣ ਕੌ ਮੁਸਤਾਕ ਮੁਖ ਕਿਜੇਹਾ ਤਉ ਧਨੀ॥

ਮੇਰੇ ਮਾਲਕ ! ਮੈਂ ਉਤਾਵਲਾ ਹਾਂ ਤੇਰੇ ਦਰਸ਼ਨ ਕਰਨ ਲਈ :-

ਫਿਰਦਾ ਡਿਠਮ ਹਾਲ ਜਾ ਡਿਠਮ ਤਉ ਤਨ ਧਰਾਪਿਆ॥

ਕਿੰਨੇ ਭਾਗਾਂ ਵਾਲੇ ਸਨ ਜਿਨ੍ਹਾਂ ਨੇ ਆਪਣੇ ਅੰਦਰ ਦੇ ਚੋਲੇ ਨੂੰ ਸਾਈਂ ਦੇ ਦਰਸ਼ਨਾਂ ਨਾਲ ਭਰ ਲਿਆ। ਅੱਜ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਬਚਨ ਕੀਤੇ :-

ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ॥

ਬਿਰਹੰ ਦਾ ਅਰਥ ਹੈ ਬਿਰਹਾ ਦੇ ਵਿਛੋੜੇ ਵਿਚ ਕੁੱਠਾ ਹੋਇਆ। ਚਰਨ ਕਮਲ ਦਾ ਅਰਥ ਹੈ ਇਥੇ ਸਤਿਗੁਰੂ ਦੇ ਚਰਨ ਕਮਲ ਬਿਰਹੀ ਗੁਰੂ ਦਾ ਸਿੱਖ, ਜਿਸ ਦਾ ਗੁਰੂ ਦੇ ਚਰਨ ਕਮਲਾਂ ਨਾਲ ਨੇਹ ਹੈ। ਸਾਹਿਬ ਕਹਿੰਦੇ ਹਨ, ਉਹ ਕਰਦਾ ਕੀ ਹੈ ? ਉਹ ਬੈਰਾਗੀ ਬਣ ਕੇ ਖੋਜਦਾ ਪਿਆ ਹੈ। ਉਹ ਦਸਾਂ ਦਿਸ਼ਾਵਾਂ ਵੱਲ ਦੇਖਦਾ ਹੈ ਕਿ ਮੇਰਾ ਸਾਈਂ ਮੈਨੂੰ ਕਿਤੇ ਮਿਲ ਜਾਏ। ਇਸ ਦਾ ਮਤਲਬ ਉਹ ਪੁੱਛਦੇ ਹਨ ਕਿ ਕਿਤੋਂ ਵੀ ਕੋਈ ਪਿਆਰਾ ਮਿਲ ਜਾਏ।

ਤਿਆਗੰਤ ਕਪਟ ਰੂਪ ਮਾਇਆ

ਛੱਲ ਰੂਪ ਮਾਇਆ ਦੇ ਇਸ ਛਲਾਵੇ ਨੂੰ ਛੱਡ ਦਿੱਤਾ।

ਨਾਨਕ ਆਨੰਦ ਰੂਪ ਸਾਧ ਸੰਗਮਹ॥ ੧॥

ਉਹ ਫਿਰ ਗੁਰਮੁਖਾਂ ਦੀ ਸੰਗਤ ਕਰਦੇ ਹਨ। ਜਿਹੋ ਜਿਹੀ ਅਸੀਂ ਸੰਗਤ ਕਰਾਂਗੇ, ਸਾਡਾ ਅੰਦਰ ਉਹੋ ਜਿਹਾ ਬਣ ਜਾਣਾ ਹੈ। ਸਾਹਿਬ ਕਹਿਣ ਲੱਗੇ—

ਮਨਿ ਸਾਂਈ

ਮਨ ਵਿਚ ਸਾਈਂ ਟਿੱਕ ਗਿਆ।

ਮੁਖਿ ਉਚਰਾ ਵਤਾ ਹਭੇ ਲੋਅ॥

ਫਿਰ ਇਸ ਨਾਮ ਦੀ ਕੜਛੀ ਜ਼ਬਾਨ ਨੇ ਨਾਮ ਨੂੰ ਵਰਤਾਇਆ। ਸਾਹਿਬ ਕਹਿਣ ਲੱਗੇ :-

ਨਾਨਕ ਹਭਿ ਅਡੰਬਰ ਕੂੜਿਆ

ਹੁਣ ਜਿਤਨੇ ਵੀ ਪਸਾਰੇ ਸਨ, ਇੰਝ ਲੱਗਦਾ ਹੈ ਕਿ ਨਾਮ ਤੋਂ ਬਿਨਾਂ ਸਭ ਕੁਝ ਕੂੜਾ ਹੈ।

ਸੁਣਿ ਜੀਵਾ ਸਚੀ ਸੋਇ॥ ੨॥

ਤੇਰੀ ਸੋਭਾ ਨੂੰ ਸੁਣ ਕੇ ਦਾਤਾ ! ਹੁਣ ਮੈਨੂੰ ਅਸਲੀ ਜੀਵਨ ਮਿਲ ਗਿਆ।

ਪਉੜੀ॥ ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥

ਇਕ ਟੁੱਟੀ ਜਿਹੀ ਝੌਂਪੜੀ ਵਿਚ ਵੱਸਦਾ ਹੋਵੇ ਤੇ ਉਸ ਦੇ ਤਨ ਦੇ ਕੱਪੜੇ ਵੀ ਪਾਟੇ ਹੋਣ।

ਜਾਤਿ ਨ ਪਤਿ ਨ ਆਦਰੋ

ਉਸ ਦੀ ਜਾਤ ਵੀ ਕੋਈ ਚੰਗੀ ਨਾ ਸਮਝੇ। ਇੱਜ਼ਤ ਵੀ ਕੋਈ ਨਾ ਕਰੇ।

ਉਦਿਆਨ ਭ੍ਰਮਿੰਨਾ॥

ਵਿਚਾਰਾ ਇਸ ਤਰ੍ਹਾਂ ਤੁਰਿਆ ਫਿਰਦਾ ਹੈ ਜਿਵੇਂ ਜੰਗਲ ਵਿਚ ਭਟਕਿਆ ਫਿਰਦਾ ਹੈ।

ਮਿਤ੍ਰ ਨ ਇਠ

ਇਠ ਦਾ ਅੱਖਰੀ ਅਰਥ ਹੈ ਪਿਆਰਾ। ਕੋਈ ਉਸ ਦਾ ਮਿੱਤਰ ਨਹੀਂ, ਕੋਈ ਪਿਆਰਾ ਸਾਕ ਸੰਬੰਧੀ ਨਹੀਂ।

ਧਨ ਰੂਪਹੀਣ ਕਿਛੁ ਸਾਕੁ ਨ ਮਿੰਨਾ॥

ਕੋਈ ਉਸ ਦੇ ਨੇੜੇ ਸਾਕ-ਸੈਣ ਢੁੱਕਦਾ ਨਹੀਂ। ਸਾਹਿਬ ਕਹਿੰਦੇ ਹਨ, ਘਬਰਾਈਂ ਨਾ।

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥

ਜੇ ਤੇਰਾ ਅੰਦਰ ਨਾਮ ਵਿਚ ਭਿੱਜ ਗਿਆ ਹੈ ਤਾਂ ਤੂੰ ਸਾਰੀ ਧਰਤੀ ਦਾ ਰਾਜਾ ਹੈਂ। ਲੋਕ ਤੇਰੇ ਤੋਂ ਨਫ਼ਰਤ ਕਰਨਗੇ, ਪਰ ਕਹਿਣ ਲੱਗੇ :-

ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥ ੭॥

ਪਰ ਤੇਰੇ ਚਰਨਾਂ ਦੀ ਧੂੜ ਨਾਲ ਸਾਡੇ ਮਨ ਦਾ ਵੀ ਪਾਰ-ਉਤਾਰਾ ਹੋ ਜਾਂਦਾ ਹੈ। ਤੇਰੀ ਧੂੜ ਮਿਲਣ ਨਾਲ ਸੱਜਣਾ ! ਵਾਹਿਗੁਰੂ ਜੀ ਵੀ ਪ੍ਰਸੰਨ ਹੋ ਜਾਂਦੇ ਹਨ।

ਸਤਿਗੁਰੂ ਦੀ ਬਾਣੀ ਪਾਰਸ ਦਾ ਭੰਡਾਰ ਹੈ। ਜੇ ਇਕ ਅੱਖਰ ਵੀ ਕਿਤੇ ਹਿਰਦੇ ਵਿਚ ਵੱਸ ਜਾਏ ਤਾਂ ਗੁਰੂ ਦਾ ਸ਼ਬਦ ਪਾਰਸ ਸੜ ਚੁੱਕੇ ਮਨਾਂ ਨੂੰ ਕੀਮਤੀ ਸੋਨਾ ਬਣਾ ਦਿੰਦਾ ਹੈ। ਸਤਿਗੁਰੂ ਨਿਰੰਕਾਰ ਭਗਤੀ ਦੀ ਦਾਤ ਦੇਣ ਵਾਲੇ ਹਨ। ਮਨ ਦੀਆਂ ਇੱਛਾਵਾਂ ਨੂੰ ਪੂਰੀਆਂ ਕਰਨ ਵਾਲਾ ਮੇਰਾ ਕਰਤਾ ਪੁਰਖ ਵਾਹਿਗੁਰੂ ਹੈ।

ਸਾਨੂੰ ਸਾਰੇ ਸੁੱਖ ਮਿਲ ਸਕਦੇ ਹਨ ਜੇ ਸਾਈਂ ਦੇ, ਪ੍ਰਮਾਤਮਾ ਦੇ ਨਾਮ ਨਾਲ ਜੁੜ ਜਾਈਏ। ਵਾਹਿਗੁਰੂ ਦੇ ਨਾਮ ਨਾਲ ਜੁੜਿਆਂ ਹੀ ਲੋਕ ਤੇ ਪਰਲੋਕ ਉਜਲਾ ਹੋ ਜਾਂਦਾ ਹੈ। ਤੂੰ ਆਪਣੇ ਹਿਰਦੇ ਨਾਲ ਉਸ ਪਰੀਪੂਰਨ ਪ੍ਰਮਾਤਮਾ ਦਾ ਸਿਮਰਨ ਕਰ। ਜਦੋਂ ਤੂੰ ਹਿਰਦੇ ਵਿਚ ਸਿਮਰੇਂਗਾ ਤੇ ਜਿਵੇਂ ਤੂੰ ਸੁਆਸ ਲੈਂਦਾ ਹੈਂ, ਚਾਹੇ ਤੂੰ ਸੁੱਤਾ ਹੋਵੇਂ, ਜਾਗਦਾ ਹੋਵੇਂ, ਪ੍ਰਸ਼ਾਦ-ਪਾਣੀ ਛੱਕਦਾ ਹੋਵੇਂ, ਕੋਈ ਵੀ ਕਰਮ ਕਰਦਾ ਹੋਵੇਂ ਤਾਂ ਤੈਨੂੰ ਸੁਆਸ ਲੈਣ ਦੀ ਕੋਈ ਖੇਚਲ ਨਹੀਂ। ਮੇਰੇ ਮਾਲਕ ਨੇ ਬਣਤਰ ਹੀ ਇਹੋ ਜਿਹੀ ਬਣਾਈ ਹੈ ਕਿ ਨਿਰੰਤਰ ਸੁਆਸ ਆਪਣੇ ਆਪ ਚੱਲੀ ਜਾਂਦੇ ਹਨ।

ਉਸ ਸਾਈਂ ਦੀ ਜਦੋਂ ਮੇਹਰ ਹੋ ਜਾਏ, ਤਾਂ ਉਸ ਨੂੰ ਉਸ ਪਰੀਪੂਰਨ ਪ੍ਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ। ਜੇ ਉਸ ਪ੍ਰਮਾਤਮਾ ਨੂੰ ਸਿਮਰਦਾ ਰਹੇਂਗਾ ਤਾਂ ਤਨ ਤੇ ਮਨ ਤੇਰਾ ਖੇੜੇ ਵਿਚ ਰਹੇਗਾ। ਕਿਹੜੀ ਦੁਨੀਆਂ ਦੀ ਦਾਤ ਹੈ ਜਿਹੜੀ ਪ੍ਰਮਾਤਮਾ ਦੇ ਘਰ ਵਿਚੋਂ ਨਹੀਂ ਮਿਲਦੀ। ਬਸ, ਫ਼ਰਕ ਇੰਨਾ ਹੈ ਕਿ ਜਿਸ ਉੱਤੇ ਪ੍ਰਮਾਤਮਾ ਤਰੁੱਠ ਪਵੇ, ਉਸ ਦੀ ਝੋਲੀ ਤੂੰ ਦਾਤਾਂ ਨਾਲ ਭਰ ਦਿੰਦਾ ਹੈਂ। ਸਤਿਗੁਰੂ ਸਾਡੇ ਸਾਰਿਆਂ 'ਤੇ ਰਹਿਮਤ ਕਰਨ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★



ਭਾਈ ਪਰਮਜੀਤ ਸਿੰਘ ਖ਼ਾਲਸਾ
ਪ੍ਰਧਾਨ, ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ)

ਭਾਈ ਪਿੰਦਰਪਾਲ ਸਿੰਘ 'ਕਥਾ ਵਾਚਕ' ਦੀਆਂ ਛੱਪੀਆਂ ਹੋਰ ਪੁਸਤਕਾਂ



ISBN 93-81041-36-9
9789381041369
An ISO 9001:2008 Certified Publishing House
No. 101809-A01
Estd. 1880